@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 15 April 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 15 ਅਪ੍ਰੈਲ 2026, 2 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 160, qpatrika@gmail.com ਫੋਨ : 9971359517 www.qaumipatrika.org

## ਭਾਰਤ ਨੇ ਅਰੁਣਾਚਲ ਪ੍ਰਦੇਸ਼ 'ਚ ਸਥਾਨਾਂ ਨੂੰ 'ਕਾਲਪਨਿਕ' ਨਾਂ ਦੇਣ ਦੇ ਚੀਨ ਦੇ 'ਸ਼ਰਾਰਤੀ ਯਤਨਾਂ' ਨੂੰ ਕੀਤਾ ਖਾਰਿਜ

ਨਵੀਂ ਦਿੱਲੀ, 14 ਅਪ੍ਰੈਲ। ਭਾਰਤ ਨੇ ਅਰੁਣਾਚਲ ਪ੍ਰਦੇਸ਼ 'ਚ ਕੁਝ ਸਥਾਨਾਂ ਦਾ ਨਾਂ ਬਦਲਣ ਦੇ ਚੀਨ ਦੇ ਕਦਮ ਨੂੰ ਸਪੱਸ਼ਟ ਤੌਰ 'ਤੇ ਖਾਰਿਜ ਕਰ ਦਿੱਤਾ ਅਤੇ ਕਿਹਾ ਕਿ ਅਜਿਹੇ ਦਾਅਵੇ ਅਤੇ ਬੇਬੁਨਿਆਦ ਪ੍ਰਚਾਰ ਘੜ੍ਹਣ ਦੇ ਯਤਨ ਇਸ 'ਅਟੱਲ ਹਕੀਕਤ' ਨੂੰ




ਨਹੀਂ ਬਦਲ ਸਕਦੇ ਕਿ ਉਹ ਭਾਰਤੀ ਖੇਤਰ ਦਾ ਹਿੱਸਾ ਹਨ। ਇਸ 'ਚ ਕਿਹਾ ਗਿਆ ਹੈ ਕਿ ਚੀਨ ਨੂੰ ਅਜਿਹੇ ਕਾਰਜਾਂ ਤੋਂ ਬਚਣਾ ਚਾਹੀਦਾ ਹੈ, ਜੋ ਸਬੰਧਾਂ 'ਚ ਨਾਂਹ-ਪੱਖੀ ਹਾਲਾਤ ਪੈਦਾ ਕਰਦੇ ਹਨ ਅਤੇ ਬਿਹਤਰ ਸਮਝ ਬਣਾਉਣ ਦੇ ਯਤਨਾਂ ਨੂੰ ਕਮਜ਼ੋਰ ਕਰਦੇ ਹਨ। ਨਵੀਂ ਦਿੱਲੀ ਦੀ ਪ੍ਰਤੀਕਿਰਿਆ ਬੀਜਿੰਗ ਵੱਲੋਂ ਅਰੁਣਾਚਲ ਪ੍ਰਦੇਸ਼ 'ਚ ਕਈ ਸਥਾਨਾਂ ਲਈ ਚੀਨੀ ਨਾਵਾਂ ਦੇ ਐਲਾਨ ਦੇ ਜਵਾਬ 'ਚ ਆਈ ਹੈ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ, "ਭਾਰਤ ਚੀਨ ਵੱਲੋਂ ਭਾਰਤ ਦੀ ਜ਼ਮੀਨ ਦੇ ਅਧੀਨ ਆਉਣ ਵਾਲੇ ਸਥਾਨਾਂ ਨੂੰ ਮਨਘੜਤ ਨਾਂ ਦੇਣ ਦੇ ਕਿਸੇ ਵੀ ਸ਼ਰਾਰਤੀ ਯਤਨ ਨੂੰ ਸਪੱਸ਼ਟ ਰੂਪ 'ਚ ਖਾਰਿਜ ਕਰਦਾ ਹੈ। ਉਨ੍ਹਾਂ ਨੇ ਕਿਹਾ, "ਚੀਨ ਵੱਲੋਂ ਝੂਠੇ ਦਾਅਵੇ ਪੇਸ਼ ਕਰਨ ਅਤੇ ਬੇਬੁਨਿਆਦ ਪ੍ਰਚਾਰ ਕਰਨ ਦੇ ਅਜਿਹੇ ਯਤਨ ਇਸ ਨਿਰਵਿਵਾਦ ਹਕੀਕਤ ਨੂੰ ਨਹੀਂ ਬਦਲ ਸਕਦੇ ਕਿ ਅਰੁਣਾਚਲ ਪ੍ਰਦੇਸ਼ ਸਮੇਤ ਇਹ ਸਥਾਨ ਅਤੇ ਖੇਤਰ ਭਾਰਤ ਦਾ ਅਟੁੱਟ ਅਤੇ ਅਨਿੱਖੜਵਾਂ ਹਿੱਸਾ ਸਨ, ਹਨ ਅਤੇ ਹਮੇਸ਼ਾ ਰਹਿਣਗੇ। ਜਾਇਸਵਾਲ ਨੇ ਕਿਹਾ ਕਿ ਚੀਨੀ ਪੱਖ ਦੀਆਂ ਇਹ ਕਾਰਵਾਈਆਂ 'ਭਾਰਤ-ਚੀਨ ਦੁਵੱਲੇ ਸਬੰਧਾਂ ਨੂੰ ਸਥਿਰ ਅਤੇ ਆਮ ਬਣਾਉਣ ਦੇ ਚੱਲ ਰਹੇ ਯਤਨਾਂ ਤੋਂ ਧਿਆਨ ਭਟਕਾਉਂਦੀਆਂ ਹਨ'।

# ਜੁਲਾਈ ਤੋਂ ਦਲਿਤ ਔਰਤਾਂ ਨੂੰ ਪ੍ਰਤੀ ਮਹੀਨਾ 1,500 ਮਿਲਣਗੇ ਜਦੋਂ ਕਿ ਬਾਕੀ ਵਰਗਾਂ ਦੀਆਂ ਔਰਤਾਂ ਨੂੰ 1,000 ਰੁਪਏ ਮਿਲਣਗੇ: ਮੁੱਖ ਮੰਤਰੀ ਮਾਨ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਆਦਮਪੁਰ (ਜਲੰਧਰ), 14 ਅਪ੍ਰੈਲ: ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਵਸ ਮੌਕੇ ਫੈਸਲਾਕੁੰਨ ਭਲਾਈ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਿੱਚ ਲਗਭਗ ਹਰ ਮਹਿਲਾ ਦੇ ਸ਼ਕਤੀਕਰਨ ਲਈ ਯੋਜਨਾ ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਸੂਬੇ ਭਰ ਦੀਆਂ ਔਰਤਾਂ ਨੂੰ 1000 ਤੋਂ 1500 ਰੁਪਏ ਤੱਕ ਦੀ ਮਾਸਿਕ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਸਕੀਮ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਦ੍ਰਿਸ਼ਟੀਕੋਣ ਪ੍ਰਤੀ ਸੱਚੀ ਸ਼ਰਧਾਂਜਲੀ ਦੱਸਦਿਆਂ ਮੁੱਖ ਮੰਤਰੀ ਨੇ ਰਜਿਸਟ?ਰੇਸ਼ਨ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ, ਜਿਸ ਤਹਿਤ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਸਿਰਫ ਤਿੰਨ ਦਸਤਾਵੇਜ਼ਾਂ ਨਾਲ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਹਨ, ਜਦੋਂ ਕਿ ਕੈਂਪਾਂ ਅਤੇ ਸਹਾਇਕ ਸਟਾਫ ਦੇ ਇੱਕ ਵਿਸ਼ਾਲ ਨੈੱਟਵਰਕ ਰਾਹੀਂ ਔਰਤਾਂ ਨੂੰ ਉਨ੍ਹਾਂ ਦੇ ਘਰ ਹੀ ਸਹੂਲਤ ਪ੍ਰਦਾਨ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਯੋਜਨਾ ਪਹਿਲਾਂ 9 ਹਲਕਿਆਂ ਵਿੱਚ ਸ਼ੁਰੂ ਕੀਤੀ ਜਾਵੇਗੀ ਅਤੇ 15 ਮਈ ਤੋਂ ਇਸ ਦਾ ਵਿਸਥਾਰ ਬਾਕੀ 108 ਹਲਕਿਆਂ ਵਿੱਚ ਕੀਤਾ ਜਾਵੇਗਾ। ਸਕੀਮ ਦਾ ਭੁਗਤਾਨ ਜੁਲਾਈ ਤੋਂ ਸ਼ੁਰੂ ਜਾਵੇਗਾ ਅਤੇ ਰਜਿਸਟ?ਰੇਸ਼ਨ ਲਈ ਕੋਈ ਸਮਾਂ ਸੀਮਾ ਨਹੀਂ ਹੋਵੇਗੀ। ਇਸ ਨਾਲ ਹਰ ਯੋਗ ਔਰਤ ਨੂੰ ਲਾਭ ਦੀ ਗਰੰਟੀ ਪ੍ਰਦਾਨ ਕੀਤੀ ਗਈ ਹੈ ਭਾਵੇਂ ਉਹ ਕਦੋਂ ਵੀ ਰਜਿਸਟਰੇਸ਼ਨ ਕਰਵਾਉਣ। 26,000 ਰਜਿਸਟ?ਰੇਸ਼ਨ ਕੇਂਦਰਾਂ ਅਤੇ ਹਰ ਪਿੰਡ ਅਤੇ ਵਾਰਡ ਵਿੱਚ ਤਾਇਨਾਤ ਸਮਰਪਿਤ ਮਹਿਲਾ ਸਤਿਕਾਰ ਸਖੀਆਂ ਦੇ ਨਾਲ ਇਸ ਯੋਜਨਾ ਨੂੰ ਵੱਡੇ ਪੱਧਰ 'ਤੇ ਲਾਗੂ



ਕਰਨ, ਬਿਹਤਰ ਪਹੁੰਚ ਯਕੀਨੀ ਬਣਾਉਣ ਅਤੇ ਨਿਸ਼ਚਤਤਾ ਲਈ ਤਿਆਰ ਕੀਤੀ ਗਈ ਹੈ, ਜੋ ਇਸਨੂੰ ਦੇਸ਼ ਵਿੱਚ ਔਰਤਾਂ ਲਈ ਸਭ ਤੋਂ ਵੱਧ ਵਿਆਪਕ ਸਿੱਧੀ ਵਿੱਤੀ ਸਹਾਇਤਾ ਪਹਿਲਕਦਮੀਆਂ ਵਿੱਚ ਸ਼ੁਮਾਰ ਕਰਦੀ ਹੈ। ਸੀਨੀਅਰ 'ਆਪ' ਨੇਤਾ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਦੇ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਇਹ ਯੋਜਨਾ ਪਾਇਲਟ ਆਧਾਰ 'ਤੇ ਆਦਮਪੁਰ, ਮਲੋਟ, ਸ੍ਰੀ ਅਨੰਦਪੁਰ ਸਾਹਿਬ, ਦਿੜ੍ਹਬਾ, ਸੁਨਾਮ, ਮੋਗਾ, ਕੋਟਕਪੂਰਾ, ਬਟਾਲਾ ਅਤੇ ਪਟਿਆਲਾ ਦਿਹਾਤੀ ਸਮੇਤ 9 ਹਲਕਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ, ਬਾਕੀ 108 ਹਲਕਿਆਂ ਵਿੱਚ ਔਰਤਾਂ ਲਈ ਰਜਿਸਟ?ਰੇਸ਼ਨ 15 ਮਈ ਤੋਂ ਸ਼ੁਰੂ ਹੋਵੇਗੀ। ਜੁਲਾਈ 2026 ਤੋਂ 1000 ਜਾਂ 1500 ਰੁਪਏ ਦੇ ਮਾਸਿਕ ਭੁਗਤਾਨ ਸ਼ੁਰੂ ਹੋਣਗੇ। ਔਰਤਾਂ ਨੂੰ ਪਹੁੰਚਯੋਗਤਾ ਬਾਰੇ ਭਰੋਸਾ ਦਿਵਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਰਜਿਸਟ?ਰੇਸ਼ਨ ਲਈ ਕੋਈ ਸਮਾਂ ਸੀਮਾ ਨਹੀਂ ਹੈ ਅਤੇ ਔਰਤਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਭਾਵੇਂ ਉਹ ਰਜਿਸਟਰੇਸ਼ਨ 15 ਅਪ੍ਰੈਲ ਜਾਂ 15 ਮਈ ਜਾਂ 15 ਅਗਸਤ ਨੂੰ ਕਰਵਾਉਣ। ਉਨ੍ਹਾਂ ਅੱਗੇ ਕਿਹਾ ਕਿ ਦੇਰੀ ਨਾਲ ਰਜਿਸਟ?ਰੇਸ਼ਨ ਕਰਵਾਉਣ ਨਾਲ ਲਾਭਾਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਉਨ੍ਹਾਂ ਅੱਗੇ ਕਿਹਾ, ਉਨ੍ਹਾਂ ਨੂੰ ਜੁਲਾਈ ਤੋਂ ਬਾਅਦ ਆਪਣਾ ਪੂਰਾ ਭੁਗਤਾਨ ਮਿਲੇਗਾ ਇਸ ਲਈ ਭਾਵੇਂ ਉਹ ਸਤੰਬਰ ਦੇ ਅੰਤ ਵਿੱਚ ਰਜਿਸਟਰ ਕਰਦੇ ਹਨ, ਫਿਰ ਵੀ ਉਨ੍ਹਾਂ ਨੂੰ ਤਿੰਨ ਮਹੀਨਿਆਂ ਭਾਵ ਜੁਲਾਈ, ਅਗਸਤ ਅਤੇ ਸਤੰਬਰ ਲਈ ਪੂਰਾ ਭੁਗਤਾਨ ਮਿਲੇਗਾ। ਦਸਤਾਵੇਜ਼ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ, "ਰਜਿਸਟ?ਰੇਸ਼ਨ ਲਈ ਸਿਰਫ਼ ਤਿੰਨ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਵਿੱਚ ਪੰਜਾਬ ਦੇ ਪਤੇ ਵਾਲਾ ਆਧਾਰ, ਪੰਜਾਬ ਦਾ ਵੋਟਰ ਆਈਡੀ ਅਤੇ ਬੈਂਕ ਪਾਸਬੁੱਕ ਸ਼ਾਮਲ ਹੈ। ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਦੇ ਮਾਮਲੇ ਵਿੱਚ ਅਨੁਸੂਚਿਤ ਜਾਤੀ ਸਰਟੀਫਿਕੇਟ ਵੀ ਜ਼ਰੂਰੀ ਹੈ।"ਜਾਤੀ ਸਰਟੀਫਿਕੇਟ ਦੀ ਘਾਟ ਵਾਲੀਆਂ ਔਰਤਾਂ ਦੀਆਂ ਚਿੰਤਾਵਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਜਾਣਦਾ ਹਾਂ ਕਿ ਮੇਰੀਆਂ ਬਹੁਤ ਸਾਰੀਆਂ ਅਨੁਸੂਚਿਤ ਜਾਤੀਆਂ ਦੀਆਂ ਭੈਣਾਂ ਅਤੇ ਮਾਵਾਂ ਕੋਲ ਜਾਤੀ ਸਰਟੀਫਿਕੇਟ ਨਹੀਂ ਹੈ ਪਰ ਉਨ੍ਹਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ ਅਤੇ ਉਨ੍ਹਾਂ ਨੂੰ ਆਪਣੇ ਜਾਤੀ ਸਰਟੀਫਿਕੇਟ ਲਈ ਅਪਲਾਈ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, "ਜੇਕਰ ਇਸ ਵਿੱਚ ਸਮਾਂ ਲੱਗ ਰਿਹਾ ਹੈ ਤਾਂ ਵੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਹ ਸਰਟੀਫਿਕੇਟ ਤੋਂ ਬਿਨਾਂ ਵੀ ਇਸ ਯੋਜਨਾ ਤਹਿਤ ਰਜਿਸਟਰ ਕਰ ਸਕਦੇ ਹਨ ਅਤੇ 1000 ਰੁਪਏ ਮਹੀਨਾਵਾਰ ਪ੍ਰਾਪਤ ਕਰਨਾ ਸ਼ੁਰੂ ਕਰ ਸਕਦੇ ਹਨ। ਜਦੋਂ ਵੀ ਉਨ੍ਹਾਂ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਤਾਂ ਸੂਬਾ ਸਰਕਾਰ ਉਨ੍ਹਾਂ ਨੂੰ ਜੁਲਾਈ ਤੋਂ 500 ਰੁਪਏ ਪ੍ਰਤੀ ਮਹੀਨਾ ਦੇ ਬਕਾਏ ਦਾ ਭੁਗਤਾਨ ਕਰੇਗੀ। ਇਸ ਸਬੰਧੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਮੁੱਖ ਮੰਤਰੀ ਨੇ ਵਿਆਪਕ ਕਵਰੇਜ ਨੂੰ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਇਕ ਪਹੁੰਚ ਵਿਧੀ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਦੀ 100 ਫੀਸਦ ਕਵਰੇਜ ਨੂੰ ਯਕੀਨੀ ਬਣਾਉਣ ਅਤੇ ਰਜਿਸਟ?ਰੇਸ਼ਨ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਹਰ ਪਿੰਡ ਅਤੇ ਵਾਰਡ ਵਿੱਚ ਮਹਿਲਾ ਸਤਿਕਾਰ ਸਖੀਆਂ ਨੂੰ ਤਾਇਨਾਤ ਕੀਤਾ ਜਾਵੇਗਾ।

Contd.........................page-3

## ਸਮਰਾਟ ਚੌਧਰੀ ਬਣਨਗੇ ਬਿਹਾਰ ਦੇ ਪਹਿਲੇ ਭਾਜਪਾ ਮੁੱਖ ਮੰਤਰੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 14 ਅਪ੍ਰੈਲ। ਬਿਹਾਰ ਦੀ ਸਿਆਸਤ ਵਿੱਚ ਇੱਕ ਵੱਡਾ ਉਲਟਫੇਰ ਹੋਇਆ ਹੈ। ਰਾਸ਼ਟਰੀ ਜਨਤਾ ਦਲ ਤੋਂ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਸਮਰਾਟ ਚੌਧਰੀ, ਭਾਰਤੀ ਜਨਤਾ ਪਾਰਟੀ (ਭਾਜਪਾ) ਵਿਧਾਇਕ ਦਲ ਦੇ ਨੇਤਾ ਚੁਣੇ ਜਾਣ ਦੇ ਨਾਲ ਹੀ ਬਿਹਾਰ ਵਿੱਚ ਭਾਜਪਾ ਦੇ ਪਹਿਲੇ ਮੁੱਖ ਮੰਤਰੀ ਬਣਨ ਜਾ ਰਹੇ ਹਨ। ਬਿਹਾਰ ਵਰਗੇ ਪ੍ਰਮੁੱਖ ਰਾਜ ਵਿੱਚ ਭਾਜਪਾ ਲੰਬੇ ਸਮੇਂ ਤੋਂ ਪ੍ਰਭਾਵਸ਼ਾਲੀ ਹੋਣ ਦੇ ਬਾਵਜੂਦ ਕਦੇ ਵੀ ਮੁੱਖ ਮੰਤਰੀ ਦੇ ਅਹੁਦੇ ਤੱਕ ਨਹੀਂ ਪਹੁੰਚ ਸਕੀ ਸੀ। ਬਿਹਾਰ ਦੀ ਰਾਜਨੀਤੀ ਵਿੱਚ ਇਸ ਬਦਲਾਅ ਦੇ ਸੰਕੇਤ ਪਿਛਲੇ ਸਾਲ ਨਵੰਬਰ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਹੀ ਮਿਲ ਗਏ ਸਨ। ਉਸ ਸਮੇਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਚੋਣ ਸਭਾ ਵਿੱਚ ਕਿਹਾ ਸੀ ਕਿ ਉਪ-ਮੁੱਖ ਮੰਤਰੀ ਸਮਰਾਟ ਚੌਧਰੀ ਨੂੰ 'ਵੱਡਾ ਆਦਮੀ' ਬਣਾਇਆ ਜਾਵੇਗਾ। ਸਮਰਾਟ ਚੌਧਰੀ ਸਾਬਕਾ ਸੈਨਿਕ ਅਤੇ ਦਿੱਗਜ ਨੇਤਾ ਸ਼ਕੁਨੀ ਚੌਧਰੀ ਦੇ ਪੁੱਤਰ ਹਨ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਰਾਬੜੀ ਦੇਵੀ ਦੀ ਸਰਕਾਰ ਵਿੱਚ ਮੰਤਰੀ ਵਜੋਂ ਕੀਤੀ ਸੀ। ਸਾਲ 2014 ਵਿੱਚ ਉਹ ਜਨਤਾ ਦਲ ਯੂਨਾਈਟਿਡ ਵਿੱਚ ਸ਼ਾਮਲ



ਹੋਏ ਅਤੇ ਫਿਰ 2017 ਵਿੱਚ ਭਾਜਪਾ ਦਾ ਪੱਲਾ ਫੜਿਆ। ਭਾਜਪਾ ਵਿੱਚ ਉਨ੍ਹਾਂ ਨੂੰ ਇੱਕ ਪ੍ਰਭਾਵਸ਼ਾਲੀ ਬੁਲਾਰੇ ਅਤੇ ਕੋਇਰੀ ਭਾਈਚਾਰੇ ਦੇ ਮੁੱਖ ਨੇਤਾ ਵਜੋਂ ਪਛਾਣ ਮਿਲੀ। ਮਾਰਚ 2023 ਵਿੱਚ ਉਨ੍ਹਾਂ ਨੂੰ ਭਾਜਪਾ ਦੀ ਸੂਬਾ ਇਕਾਈ ਦਾ ਪ੍ਰਧਾਨ ਬਣਾਇਆ ਗਿਆ ਸੀ। ਕਦੇ ਨੀਤੀਸ਼ ਕੁਮਾਰ ਦੇ ਸਖ਼ਤ ਆਲੋਚਕ ਰਹੇ ਸਮਰਾਟ ਚੌਧਰੀ ਨੇ 2022 ਵਿੱਚ ਭਾਜਪਾ-ਜਦਯੂ ਗਠਜੋੜ ਟੁੱਟਣ ਤੋਂ ਬਾਅਦ ਪਗੜੀ ਪਹਿਨਣ ਦਾ ਸੰਕਲਪ ਲਿਆ ਸੀ। ਉਨ੍ਹਾਂ ਕਿਹਾ ਸੀ ਕਿ ਉਹ ਇਹ ਪਗੜੀ ਨੀਤੀਸ਼ ਕੁਮਾਰ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਹੀ ਉਤਾਰਨਗੇ। ਹਾਲਾਂਕਿ, ਬਾਅਦ ਵਿੱਚ ਉਹ ਨੀਤੀਸ਼ ਕੁਮਾਰ ਦੇ ਭਰੋਸੇਮੰਦ ਸਾਥੀ ਬਣ ਗਏ ਅਤੇ ਉਨ੍ਹਾਂ ਨੂੰ ਗ੍ਰਹਿ ਵਿਭਾਗ ਵੀ ਸੌਂਪਿਆ ਗਿਆ, ਜੋ ਪਹਿਲਾਂ ਨੀਤੀਸ਼ ਕੁਮਾਰ ਆਪਣੇ ਕੋਲ ਰੱਖਦੇ ਸਨ। ਸਮਰਾਟ ਚੌਧਰੀ ਬਿਹਾਰ ਦੇ ਦੂਜੇ ਮੁੱਖ ਮੰਤਰੀ ਹੋਣਗੇ ਜੋ ਕੋਇਰੀ ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ ਦੇ ਸਾਹਮਣੇ ਹੁਣ ਭਾਜਪਾ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰਨ ਅਤੇ ਸਹਿਯੋਗੀ ਦਲਾਂ ਨਾਲ ਤਾਲਮੇਲ ਬਣਾਏ ਰੱਖਣ ਦੀ ਵੱਡੀ ਚੁਣੌਤੀ ਹੋਵੇਗੀ। ਦੂਜੇ ਪਾਸੇ, ਜਨ ਸੂਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਨੇ ਉਨ੍ਹਾਂ ਦੇ ਚੋਣ ਹਲਫਨਾਮਿਆਂ ਵਿੱਚ ਉਮਰ ਸਬੰਧੀ ਗੜਬੜੀਆਂ ਅਤੇ ਕਥਿਤ ਅਪਰਾਧਿਕ ਮਾਮਲਿਆਂ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਹਨ।

## ਸਾਂਬਾ ਦੇ ਸਰਹੱਦੀ ਪੰਗਦੌਰ ਇਲਾਕੇ 'ਚ ਦੇਰ ਰਾਤ ਸ਼ੱਕੀਆਂ ਦੀ ਮੂਵਮੈਂਟ ਨਾਲ ਸਨਸਨੀ

**ਕੌਮੀ ਪਤ੍ਰਿਕਾ**

ਸਾਂਬਾ, 14 ਅਪ੍ਰੈਲ। ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲੇ ਦੇ ਸਰਹੱਦੀ ਪੰਗਦੌਰ ਇਲਾਕੇ 'ਚ ਦੇਰ ਰਾਤ 2 ਸ਼ੱਕੀ ਵਿਅਕਤੀਆਂ ਦੀ ਗਤੀਵਿਧੀ ਦੇਖੇ ਜਾਣ ਤੋਂ ਬਾਅਦ ਪੂਰੇ ਖੇਤਰ 'ਚ ਸਨਸਨੀ ਫੈਲ ਗਈ। ਸਥਾਨਕ ਨਿਵਾਸੀਆਂ ਵੱਲੋਂ ਸ਼ੱਕੀ ਮੂਵਮੈਂਟ ਦੀ ਸੂਚਨਾ ਮਿਲਦੇ ਹੀ ਸੀਮਾ ਸੁਰੱਖਿਆ ਬਲ, ਭਾਰਤੀ ਫੌਜ ਅਤੇ ਜੰਮੂ-ਕਸ਼ਮੀਰ ਪੁਲਸ ਦੀਆਂ ਸਾਂਝੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ। ਸੁਰੱਖਿਆ ਫੋਰਸਾਂ ਨੇ ਪੰਗਦੌਰ ਅਤੇ ਆਸ-ਪਾਸ ਦੇ ਖੇਤਰਾਂ 'ਚ



ਵਿਆਪਕ ਸਰਚ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ ਹੈ, ਜੋ ਅਜੇ ਜਾਰੀ ਹੈ। ਪੂਰੇ ਇਲਾਕੇ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਹਰ ਆਉਣ-ਜਾਣ ਵਾਲੇ ਵਿਅਕਤੀ ਦੀ ਸਖ਼ਤੀ ਨਾਲ ਜਾਂਚ ਕੀਤੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਡਰੋਨ, ਨਾਈਟ ਵਿਜ਼ਨ ਉਪਕਰਨ ਅਤੇ ਹੋਰ ਆਧੁਨਿਕ ਤਕਨੀਕ ਦੀ ਮਦਦ ਨਾਲ ਵੀ ਸ਼ੱਕੀਆਂ ਦੀ ਭਾਲ 'ਚ ਡਟੀਆਂ ਹੋਈਆਂ ਹਨ। ਸੂਤਰਾਂ ਨੇ ਦੱਸਿਆ ਕਿ ਸਰਹੱਦ ਨਾਲ ਲੱਗਦੇ ਖੇਤਰਾਂ 'ਚ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ, ਕਿਉਂਕਿ ਇਹ ਇਲਾਕਾ ਪਹਿਲਾਂ ਵੀ ਘੁਸਪੈਠ ਅਤੇ ਸ਼ੱਕੀ ਸਰਗਰਮੀਆਂ ਦੇ ਲਿਹਾਜ਼ ਨਾਲ ਸੰਵੇਦਨਸ਼ੀਲ ਮੰਨਿਆ ਜਾਂਦਾ ਰਿਹਾ ਹੈ। ਇਸੇ ਨੂੰ ਧਿਆਨ 'ਚ ਰੱਖਦੇ ਹੋਏ ਵਾਧੂ ਸੁਰੱਖਿਆ ਫੋਰਸਾਂ ਦੀ ਤਾਇਨਾਤੀ ਵੀ ਕੀਤੀ ਗਈ ਹੈ ਤਾਂ ਜੋ ਕਿਸੇ ਵੀ ਸੰਭਾਵੀ ਖ਼ਤਰੇ ਨੂੰ ਸਮਾਂ ਰਹਿੰਦੇ ਰੋਕਿਆ ਜਾ ਸਕੇ। ਪ੍ਰਸ਼ਾਸਨ ਅਤੇ ਸੁਰੱਖਿਆ ਫੋਰਸਾਂ ਵਲੋਂ ਖੇਤਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਚੌਕਸ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ, ਅਣਪਛਾਤੇ ਵਿਅਕਤੀ ਜਾਂ ਵਸਤੂ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਸ ਸਟੇਸ਼ਨ ਜਾਂ ਸੁਰੱਖਿਆ ਏਜੰਸੀਆਂ ਨੂੰ ਦੇਣ। ਫਿਲਹਾਲ, ਸ਼ੱਕੀਆਂ ਦਾ ਕੋਈ ਠੋਸ ਸੁਰਾਗ ਨਹੀਂ ਮਿਲ ਸਕਿਆ ਹੈ ਪਰ ਸੁਰੱਖਿਆ ਬਲ ਲਗਾਤਾਰ ਇਲਾਕੇ 'ਚ ਸਰਚ ਆਪ੍ਰੇਸ਼ਨ ਚਲਾ ਰਹੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਪੂਰੀ ਤਰ੍ਹਾਂ ਸਥਿਤੀ ਸਪੱਸ਼ਟ ਨਹੀਂ ਹੋ ਜਾਂਦੀ, ਓਦੋਂ ਤੱਕ ਸਰਚ ਆਪ੍ਰੇਸ਼ਨ ਜਾਰੀ ਰਹੇਗਾ ਅਤੇ ਇਲਾਕੇ 'ਚ ਸੁਰੱਖਿਆ ਵਿਵਸਥਾ ਸਖਤ ਰੱਖੀ ਜਾਵੇਗੀ।

## ਪ੍ਰਧਾਨ ਮੰਤਰੀ ਮੋਦੀ ਤੇ ਟਰੰਪ ਵਿਚਾਲੇ 40 ਮਿੰਟ ਤੱਕ ਹੋਈ ਫੋਨ 'ਤੇ ਗੱਲ !

ਨੈਸ਼ਨਲ ਡੈਸਕ 14 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਇੱਕ ਅਹਿਮ ਅਤੇ ਲੰਬੀ ਫੋਨ ਗੱਲ ਹੋਈ ਹੈ। ਰਿਪੋਰਟਾਂ ਅਨੁਸਾਰ ਦੋਵਾਂ ਆਗੂਆਂ ਨੇ ਲਗਭਗ 40 ਮਿੰਟ ਤੱਕ ਵੱਖ-ਵੱਖ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਈਰਾਨ ਵਿੱਚ ਜੰਗਬੰਦੀ (ਸੀਜ਼ਫਾਇਰ) ਹੋਣ ਤੋਂ ਬਾਅਦ ਦੋਵਾਂ ਨੇਤਾਵਾਂ ਵਿਚਕਾਰ ਇਹ ਪਹਿਲੀ ਗੱਲਬਾਤ ਹੈ। ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਇਸ ਗੱਲਬਾਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਰਾਸ਼ਟਰਪਤੀ ਟਰੰਪ ਨੇ ਪੀਐਮ ਮੋਦੀ ਨੂੰ ਵਿਸ਼ੇਸ਼ ਤੌਰ 'ਤੇ ਕਿਹਾ ਕਿ ਉਹ ਇਹ ਦੱਸਣਾ ਚਾਹੁੰਦੇ ਹਨ ਕਿ ਅਮਰੀਕਾ ਭਾਰਤ ਨਾਲ ਪਿਆਰ ਕਰਦਾ ਹੈ। ਟਰੰਪ ਵੱਲੋਂ ਇਹ ਬਿਆਨ ਉਦੋਂ ਆਇਆ ਹੈ ਜਦੋਂ ਉਨ੍ਹਾਂ ਨੇ 'ਸਟ?ਰੇਟ ਆਫ ਹੋਰਮੂਜ਼' ਨੂੰ ਪੂਰੀ ਤਰ੍ਹਾਂ ਬਲੌਕ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਹ ਗੱਲਬਾਤ ਇਸ ਲਈ ਵੀ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਹਾਲ ਹੀ ਵਿੱਚ ਪਾਕਿਸਤਾਨ ਦੀ ਅਗਵਾਈ ਵਿੱਚ ਇਸਲਾਮਾਬਾਦ ਵਿਖੇ ਹੋਈ ਸ਼ਾਂਤੀ ਵਾਰਤਾ ਬਿਨਾਂ ਕਿਸੇ ਨਤੀਜੇ ਦੇ ਫੇਲ੍ਹ ਹੋ ਗਈ ਸੀ। ਇਸਲਾਮਾਬਾਦ ਵਿੱਚ ਪਾਕਿਸਤਾਨ, ਅਮਰੀਕਾ ਅਤੇ ਈਰਾਨ ਦੇ ਪ੍ਰਤੀਨਿਧੀਆਂ ਵਿਚਕਾਰ 21 ਘੰਟੇ ਤੱਕ ਈਰਾਨ ਯੁੱਧ ਅਤੇ ਇਸ ਦੇ ਪ੍ਰਭਾਵਾਂ ਬਾਰੇ ਚਰਚਾ ਹੋਈ ਸੀ, ਪਰ ਇਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਇਸ ਅਸਫਲਤਾ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਫੋਨ ਕੀਤਾ। ਗੱਲਬਾਤ ਦੌਰਾਨ ਈਰਾਨ ਦੀ ਸਥਿਤੀ, ਜੰਗਬੰਦੀ ਤੋਂ ਬਾਅਦ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ ਅਤੇ ਹੋਰ ਕਈ ਗਲੋਬਲ ਮੁੱਦਿਆਂ 'ਤੇ ਡੂੰਘਾਈ ਨਾਲ ਗੱਲਬਾਤ ਹੋਈ। ਮਾਹਿਰਾਂ ਅਨੁਸਾਰ, ਪਾਕਿਸਤਾਨ ਦੀ ਵਾਰਤਾ ਫੇਲ੍ਹ ਹੋਣ ਤੋਂ ਬਾਅਦ ਟਰੰਪ ਦਾ ਮੋਦੀ ਨੂੰ ਫੋਨ ਕਰਨਾ ਦਰਸਾਉਂਦਾ ਹੈ ਕਿ ਅਮਰੀਕਾ ਇਸ ਖੇਤਰ ਵਿੱਚ ਭਾਰਤ ਦੀ ਭੂਮਿਕਾ ਨੂੰ ਕਿੰਨੀ ਅਹਿਮੀਅਤ ਦੇ ਰਿਹਾ ਹੈ।

## ਦਿੱਲੀ-ਦੇਹਰਾਦੂਨ ਐਕਸਪ੍ਰੈੱਸਵੇਅ 'ਡਬਲ ਇੰਜਣ' ਸਰਕਾਰ ਦੀ ਤਾਕਤ : ਰੇਖਾ ਗੁਪਤਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 14 ਅਪ੍ਰੈਲ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮੰਗਲਵਾਰ ਨੂੰ ਦਿੱਲੀ-ਦੇਹਰਾਦੂਨ ਹਾਈਵੇਅ ਦੇ ਉਦਘਾਟਨ 'ਚ ਹਿੱਸਾ ਲਿਆ ਅਤੇ ਕਿਹਾ ਕਿ ਦੋਵੇਂ ਸ਼ਹਿਰਾਂ ਵਿਚਾਲੇ ਯਾਤਰਾ ਦਾ ਸਮਾਂ 6 ਘੰਟੇ ਤੱਕ ਘੱਟ ਕੇ ਲਗਭਗ ਢਾਈ ਘੰਟੇ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ,''ਇਹ 'ਡਬਲ ਇੰਜਣ' ਸਰਕਾਰ ਦੀ ਤਾਕਤ ਹੈ। ਦਿੱਲੀ ਲਗਾਤਾਰ ਬਿਹਤਰ ਵਿਕਾਸ ਵੱਲ ਵਧ ਰਹੀ ਹੈ। ਪਿਛਲੇ ਸਾਲ ਕੇਂਦਰ ਨੇ ਦਿੱਲੀ 'ਚ ਲਗਭਗ 1.25 ਲੱਖ ਕਰੋੜ ਰੁਪਏ ਦੇ ਸੜਕ ਬੁਨਿਆਦੀ ਢਾਂਚੇ ਪ੍ਰਾਜੈਕਟ ਪੂਰੇ ਕੀਤੇ।'' 6 ਲੇਨ ਵਾਲਾ 213 ਕਿਲੋਮੀਟਰ ਲੰਬਾ ਦਿੱਲੀ-ਦੇਹਾਰਦੂਨ ਆਰਥਿਕ ਗਲਿਆਰਾ 12,000 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਕ ਅਧਿਕਾਰਤ ਬਿਆਨ ਅਨੁਸਾਰ, ਇਹ ਗਲਿਆਰਾ, ਦਿੱਲੀ,



ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਤੋਂ ਹੋ ਕੇ ਲੰਘਦਾ ਹੈ ਅਤੇ ਇਸ ਨਾਲ ਦਿੱਲੀ ਅਤੇ ਦੇਹਰਾਦੂਨ ਵਿਚਾਲੇ ਯਾਤਰਾ ਦਾ ਸਮਾਂ 6 ਘੰਟੇ ਤੋਂ ਘੱਟ ਕੇ ਲਗਭਗ ਢਾਈ ਘੰਟੇ ਹੋ ਜਾਵੇਗਾ। ਗੁਪਤਾ ਨੇ ਕਿਹਾ ਕਿ ਦਿੱਲੀ ਦੀਆਂ ਕਈ ਸੜਕਾਂ ਨੂੰ ਮੁੜ ਵਿਕਾਸ ਪ੍ਰਾਜੈਕਟਾਂ ਲਈ ਭਾਰਤੀ ਨੈਸ਼ਨਲ ਹਾਈਵੇਅ ਅਥਾਰਟੀ (ਐੱਨਐੱਚਏਆਈ) ਨੂੰ ਸੌਂਪ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ 'ਯਮੁਨਾ ਪਾਰ' ਖੇਤਰਾਂ 'ਚ ਵਿਕਾਸ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ,''ਯਮੁਨਾ ਪਾਰ ਖੇਤਰ ਅਣਦੇਖਿਆ ਰਿਹਾ ਹੈ। ਪਿਛਲੇ ਇਕ ਸਾਲ 'ਚ ਇਸ ਖੇਤਰ 'ਚ ਵਿਕਾਸ ਲਈ ਕਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਇਸ ਨਾਲ ਇਸ ਖੇਤਰ 'ਚ ਅਤੇ ਕਈ ਹੋਰ ਖੇਤਰਾਂ ਨੂੰ ਵੀ ਲਾਭ ਮਿਲੇਗਾ ਅਤੇ ਲੋਕਾਂ ਲਈ ਨਵੇਂ ਮੌਕੇ ਪੈਦਾ ਹੋਣਗੇ।''

## ਮਨੀ ਲਾਂਡਰਿੰਗ ਮਾਮਲੇ 'ਚ ਆਪੇ ਬਣੇ ਬਾਬੇ ਖਰਾਤ 'ਤੇ 54 ਦਾ ਸ਼ਿਕੰਜਾ, ਕੰਪਲੈਕਸਾਂ 'ਤੇ ਛਾਪੇਮਾਰੀ

ਮੁੰਬਈ 14 ਅਪ੍ਰੈਲ। ਸਾਬਕਾ ਮਰਚੈਂਟ ਨੇਵੀ ਅਧਿਕਾਰੀ ਤੇ ਆਪੇ ਬਣੇ ਬਾਬੇ ਅਸ਼ੋਕ ਖਰਾਤ ਅਤੇ ਉਸ ਨਾਲ ਜੁੜੀਆਂ ਜਥੇਬੰਦੀਆਂ ਦੇ ਖ਼?ਲਾਫ ਮਨੀ ਲਾਂਡਰਿੰਗ ਦੀ ਜਾਂਚ ਹੇਠ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਸੋਮਵਾਰ ਨੂੰ ਸ਼ਿਕੰਜਾ ਕੱਸ ਦਿੱਤਾ ਹੈ। ਈ. ਡੀ. ਨੇ ਮਹਾਰਾਸ਼ਟਰ ਦੇ ਕਈ ਸ਼ਹਿਰਾਂ 'ਚ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਖਰਾਤ ਦੇ ਜੱਦੀ ਸ਼ਹਿਰ ਨਾਸਿਕ 'ਚ ਸਥਿਤ 5 ਕੰਪਲੈਕਸਾਂ ਅਤੇ ਪੂਨੇ ਤੇ ਸ਼ਿਰਡੀ ਦੇ 3-3 ਕੰਪਲੈਕਸਾਂ 'ਤੇ ਛਾਪੇਮਾਰੀ ਕੀਤੀ ਗਈ। ਖਰਾਤ, ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ (ਸੀ. ਏ.) ਪ੍ਰਕਾਸ਼ ਪੋਫਲੇ, ਖਰਾਤ ਦੇ ਰਿਸ਼ਤੇਦਾਰਾਂ ਅਤੇ ਸਹਿਕਾਰੀ ਕਰਜ਼ਾ ਕਮੇਟੀਆਂ ਦੀਆਂ ਕੁਝ ਸ਼ਾਖਾਵਾਂ ਨਾਲ ਜੁੜੇ ਰਿਹਾਇਸ਼ੀ ਅਤੇ ਵਪਾਰਕ ਕੰਪਲੈਕਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮਹਾਰਾਸ਼ਟਰ 'ਚ ਨਾਸਿਕ ਦੀ ਇਕ ਅਦਾਲਤ ਨੇ ਬਾਬਾ ਅਸ਼ੋਕ ਖਰਾਤ ਨੂੰ ਇਕ ਗਰਭਵਤੀ ਔਰਤ ਦਾ ਕਥਿਤ ਤੌਰ 'ਤੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਹੇਠ ਜਬਰ-ਜ਼ਨਾਹ ਦੇ ਤੀਜੇ ਮਾਮਲੇ 'ਚ 20 ਅਪ੍ਰੈਲ ਤੱਕ ਨਿਆਇਕ ਹਿਰਾਸਤ 'ਚ ਭੇਜ ਦਿੱਤਾ। ਵਿਸ਼ੇਸ਼ ਜਾਂਚ ਟੀਮ (ਐੱਸ. ਆਈ. ਟੀ.) ਨੇ ਖਰਾਤ ਨੂੰ ਮੁੱਖ ਜੁਡੀਸ਼ੀਅਲ ਮੈਜਿਸਟ?ਰੇਟ ਬੀ. ਐੱਨ. ਇਚਪੂਰਣੀ ਦੀ ਅਦਾਲਤ 'ਚ ਸੁਣਵਾਈ ਲਈ ਵੀਡੀਓ ਕਾਨਫਰੰਸ ਰਾਹੀਂ ਪੇਸ਼ ਕੀਤਾ ਕਿਉਂਕਿ ਇਸ ਮਾਮਲੇ 'ਚ ਉਸ ਦੀ ਪੁਲਸ ਹਿਰਾਸਤ ਅੱਜ ਖ਼ਤਮ ਹੋ ਗਈ ਸੀ। ਖਰਾਤ 'ਤੇ ਆਪਣੇ ਦਫ਼ਤਰ ਦੇ ਇਕ ਮੁਲਾਜ਼ਮ ਦੀ 7 ਮਹੀਨੇ ਦੀ ਗਰਭਵਤੀ ਪਤਨੀ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਖਰਾਤ ਨੂੰ ਪਹਿਲੀ ਵਾਰ ਮਾਰਚ ਦੇ ਮੱਧ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪੀੜਤਾ ਦੇ ਪਤੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਮੁਲਜ਼ਮ ਨੇ ਨਵੰਬਰ, 2023 ਤੋਂ ਦਸੰਬਰ, 2025 ਦਰਮਿਆਨ ਪੀੜਤਾ ਦਾ ਕਈ ਵਾਰ ਜਿਨਸੀ ਸ਼ੋਸ਼ਣ ਕੀਤਾ, ਜਿਸ 'ਚ ਨਾਸਿਕ ਸਥਿਤ ਉਸ ਦਾ ਦਫ਼ਤਰ ਵੀ ਸ਼ਾਮਲ ਹੈ।

## 'ਵੋਟਰ ਸੂਚੀ ਤੋਂ ਬਾਹਰ ਲੋਕ ਨਹੀਂ ਕਰ ਪਾ ਸਕਣਗੇ ਵੋਟ': 'ਸੁਪਰੀਮ ਕੋਰਟ'

ਨਵੀਂ ਦਿੱਲੀ 14 ਅਪ੍ਰੈਲ। ਪੱਛਮੀ ਬੰਗਾਲ 'ਚ ਇਸੇ ਮਹੀਨੇ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਇਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਘਮਸਾਨ ਸਿਖਰ 'ਤੇ ਹੈ। ਇਸੇ ਵਿਚਾਲੇ ਹੁਣ ਵਿਸ਼ੇਸ਼ ਤੀਬਰ ਸਮੀਖਿਆ (ਐੱਸ. ਆਈ. ਆਰ.) ਨੂੰ ਲੈ ਕੇ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾਇਆ ਹੈ। ਕੋਰਟ ਨੇ ਸੋਮਵਾਰ ਨੂੰ ਸਾਫ਼-ਸਾਫ਼ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਨਾਂ ਵੋਟਰ ਸੂਚੀ ਤੋਂ ਹਟਾਏ ਜਾਣ ਖ਼?ਲਾਫ ਅਪੀਲ ਪੈਂਡਿੰਗ ਹੈ, ਉਨ੍ਹਾਂ ਨੂੰ ਆਗਾਮੀ ਪੱਛਮੀ ਬੰਗਾਲ ਚੋਣਾਂ 'ਚ ਵੋਟ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਦੱਸ ਦੇਈਏ ਕਿ ਸੂਬੇ 'ਚ ਚੱਲ ਰਹੇ ਐੱਸ. ਆਈ. ਆਰ. ਵਿਵਾਦ ਵਿਚਾਲੇ ਚੋਟੀ ਦੀ ਅਦਾਲਤ ਦਾ ਇਹ ਫੈਸਲਾ ਚੋਣ ਰਾਜਨੀਤੀ 'ਚ ਵੱਡਾ ਮੋੜ ਮੰਨਿਆ ਜਾ ਰਿਹਾ ਹੈ, ਜਿਸ ਨਾਲ ਪਾਰਟੀਆਂ ਦੇ ਵਿਚਾਲੇ ਟਕਰਾਅ ਹੋਰ ਤੇਜ਼ ਹੋ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜਦੋਂ ਤੱਕ ਸਬੰਧਤ ਅਪੀਲਾਂ 'ਤੇ ਅੰਤਿਮ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤੱਕ ਅਜਿਹੇ ਵਿਅਕਤੀਆਂ ਨੂੰ ਵੋਟ ਪਾਉਣ ਦੀ ਇਜਾਜ਼ਤ ਦੇਣਾ ਕਾਨੂੰਨੀ ਪ੍ਰਕਿਰਿਆ ਦੇ ਖ਼?ਲਾਫ ਹੋਵੇਗਾ। ਚੀਫ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਚੀਫ ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਜੇਕਰ ਅਜਿਹੇ ਲੋਕਾਂ ਨੂੰ ਵੋਟ ਦੇਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਇਹ ਵਿਵਸਥਾ ਗੜਬੜਾ ਜਾਵੇਗੀ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਸੂਬੇ 'ਚ ਕਰੀਬ 34 ਲੱਖ ਵੋਟਰ ਦੇ ਵੋਟ ਪਾਉਣ 'ਤੇ ਤਲਵਾਰ ਲਟਕਦੀ ਹੋਈ ਨਜ਼ਰ ਆਉਣ ਲੱਗੀ ਹੈ। ਦੱਸ ਦੇਈਏ ਕਿ ਇਹ ਪੂਰਾ ਮਾਮਲਾ ਸੂਬੇ 'ਚ ਚੱਲ ਰਹੀ ਵੋਟਰ ਲਿਸਟ ਦੀ ਵਿਸ਼ੇਸ਼ ਤੀਬਰ ਸਮੀਖਿਆ (ਐੱਸ. ਆਈ. ਆਰ.) ਨਾਲ ਜੁੜਿਆ ਹੈ। ਜਿਨ੍ਹਾਂ ਲੋਕਾਂ ਦੇ ਨਾਂ ਲਿਸਟ ਤੋਂ ਹਟਾਏ ਗਏ, ਉਨ੍ਹਾਂ ਨੇ ਇਸ ਦੇ ਖ਼?ਲਾਫ ਅਪੀਲ ਕੀਤੀ ਹੈ। ਹੁਣ ਤੱਕ ਕਰੀਬ 34 ਲੱਖ ਤੋਂ ਜ਼ਿਆਦਾ ਅਪੀਲਾਂ ਪੈਂਡਿੰਗ ਹਨ। ਕੋਰਟ ਨੇ ਕਿਹਾ ਕਿ ਜਿਨ੍ਹਾਂ ਦੀ ਅਪੀਲ ਅਜੇ ਪੈਂਡਿੰਗ ਹੈ, ਉਨ੍ਹਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇਕਰ ਅਪੀਲ ਤੈਅ ਹੋ ਕੇ ਨਾਂ ਜੁੜ ਜਾਂਦਾ ਹੈ, ਤਾਂ ਹੀ ਵੋਟ ਪਾਉਣ ਦਾ ਅਧਿਕਾਰ ਮਿਲੇਗਾ।

## ਨੋਇਡਾ ਮਜ਼ਦੂਰਾਂ ਦੇ ਸਮਰਥਨ 'ਚ ਉਤਰੇ ਰਾਹੁਲ ਗਾਂਧੀ, 'ਤਨਖਾਹ ਵਧਾਉਣ ਦੀ ਮੰਗ ਬਿਲਕੁਲ ਜਾਇਜ਼'

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 14 ਅਪ੍ਰੈਲ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਨੋਇਡਾ ਵਿੱਚ ਮਜ਼ਦੂਰਾਂ ਦੇ ਤਨਖ਼ਾਹ ਪ੍ਰਦਰਸ਼ਨ ਨੂੰ ਜਾਇਜ਼ ਠਹਿਰਾਉਂਦੇ ਕਿਹਾ ਕਿ ਅਸਮਾਨ ਛੂਹ ਰਹੀ ਮਹਿੰਗਾਈ ਨੂੰ ਦੇਖਦੇ ਹੋਏ ਮਜ਼ਦੂਰਾਂ ਦੀ ਤਨਖਾਹ ਵਿੱਚ ਵਾਧਾ ਕਰਨ ਦੀ ਮੰਗ ਜਾਇਜ਼ ਹੈ। ਉਨ੍ਹਾਂ ਦੀ ਮੰਗ ਨੂੰ ਸੰਵੇਦਨਸ਼ੀਲਤਾ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀ ਗਾਂਧੀ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਨੋਇਡਾ ਦੀਆਂ ਕਈ ਕੰਪਨੀਆਂ ਦੇ ਮਜ਼ਦੂਰਾਂ ਵੱਲੋਂ ਕੀਤੇ ਗਏ ਤਨਖਾਹ ਵਾਧੇ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਘੱਟੋ-ਘੱਟ ਤਨਖਾਹ ਵੀ ਵਧਦੀ ਮਹਿੰਗਾਈ ਦੇ ਅਨੁਸਾਰ ਵਧਣੀ ਚਾਹੀਦੀ ਹੈ। ਰਾਹੁਲ ਗਾਂਧੀ ਨੇ ਕਿਹਾ, ਕੱਲ੍ਹ ਨੋਇਡਾ ਦੀਆਂ ਸੜਕਾਂ 'ਤੇ ਜੋ ਹੋਇਆ, ਉਹ ਇਸ ਦੇਸ਼ ਦੇ ਮਜ਼ਦੂਰਾਂ ਦੀ ਆਖਰੀ ਪੁਕਾਰ ਸੀ – ਜਿਨ੍ਹਾਂ ਦੀ ਹਰ ਆਵਾਜ਼ ਨੂੰ ਨਜ਼ਰਅੰਦਾਜ਼ ਕੀਤਾ ਗਿਆ, ਜੋ ਮਿੰਨਤਾਂ ਕਰਦੇ-ਕਰਦੇ ਥੱਕ ਗਏ। ਨੋਇਡਾ ਵਿੱਚ ਇੱਕ ਮਜ਼ਦੂਰ ਦੀ 12,000 ਰੁਪਏ ਦੀ ਮਾਸਿਕ ਆਮਦਨ ਵਿੱਚੋਂ, 4,000-7,000 ਰੁਪਏ ਕਿਰਾਏ ਵਿੱਚ ਜਾਂਦੇ ਹਨ। ਜਦੋਂ ਤੱਕ ?300 ਦਾ ਸਾਲਾਨਾ ਵਾਧਾ ਮਿਲਦਾ ਹੈ, ਮਕਾਨ ਮਾਲਕ ਕਿਰਾਏ ਵਿੱਚ ?500 ਦਾ ਵਾਧਾ ਕਰ ਦਿੰਦਾ ਹੈ। ਇਹ ਵਧਦੀ ਮਹਿੰਗਾਈ ਜ਼ਿੰਦਗੀ ਦਾ ਗਲਾ ਘੁੱਟ ਦਿੰਦੀ ਹੈ ਅਤੇ ਆਮਦਨ ਵਧਣ ਤੋਂ ਪਹਿਲਾਂ ਹੀ ਸਾਨੂੰ ਕਰਜ਼ੇ ਵਿੱਚ ਡੂੰਘੇ ਡੁਬੋ ਦਿੰਦੀ ਹੈ। ਇਹ 'ਵਿਕਸਤ ਭਾਰਤ' ਦੀ ਹਕੀਕਤ ਹੈ। ਉਨ੍ਹਾਂ ਨੇ ਅੱਗੇ ਲਿਖਿਆ ਕਿ ਇੱਕ ਔਰਤ ਵਰਕਰ ਨੇ ਕਿਹਾ, ਰਸੋਈ ਗੈਸ ਦੀ ਕੀਮਤ ਵੱਧ ਰਹੀ ਹੈ ਪਰ ਸਾਡੀ ਆਮਦਨ ਨਹੀਂ। ਇਨ੍ਹਾਂ ਲੋਕਾਂ ਨੇ ਇਸ ਗੈਸ ਸੰਕਟ ਦੌਰਾਨ ਆਪਣੇ ਘਰੇਲੂ ਚੁੱਲ੍ਹੇ ਬਾਲਣ ਲਈ 5,000 ਰੁਪਏ ਤੱਕ ਦੇ ਗੈਸ ਸਿਲੰਡਰ ਖਰੀਦੇ ਹੋਣਗੇ।



ਇਹ ਸਿਰਫ਼ ਨੋਇਡਾ ਜਾਂ ਭਾਰਤ ਬਾਰੇ ਨਹੀਂ ਹੈ। ਦੁਨੀਆ ਭਰ ਵਿੱਚ ਬਾਲਣ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਪੱਛਮੀ ਏਸ਼ੀਆ ਵਿੱਚ ਜੰਗ ਨੇ ਸਪਲਾਈ ਚੇਨਾਂ ਨੂੰ ਵਿਗਾੜ ਦਿੱਤਾ ਹੈ। ਪਰ ਅਮਰੀਕਾ ਦੀ ਟੈਰਿਫ ਯੁੱਧ, ਵਿਸ਼ਵਵਿਆਪੀ ਮਹਿੰਗਾਈ, ਅਤੇ ਵਿਘਨ ਪਈ ਸਪਲਾਈ ਚੇਨ ਦਾ ਭਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋਸਤਾਂ – ਉਦਯੋਗਪਤੀਆਂ 'ਤੇ ਨਹੀਂ ਪਿਆ। ਇਸਦਾ ਸਭ ਤੋਂ ਵੱਡਾ ਪ੍ਰਭਾਵ ਉਸ ਮਜ਼ਦੂਰ 'ਤੇ ਪੈਂਦਾ ਹੈ ਜੋ ਰੋਜ਼ਾਨਾ ਦਿਹਾੜੀ ਕਮਾਉਂਦਾ ਹੈ ਅਤੇ ਸਿਰਫ਼ ਓਨਾ ਹੀ ਖਾਂਦਾ ਹੈ। ਇੱਕ ਮਜ਼ਦੂਰ ਜੋ ਕਿਸੇ ਵੀ ਯੁੱਧ ਦਾ ਹਿੱਸਾ ਨਹੀਂ ਹੈ, ਜਿਸਨੇ ਕੋਈ ਨੀਤੀ ਨਹੀਂ ਬਣਾਈ, ਜੋ ਚੁੱਪਚਾਪ, ਬਿਨਾਂ ਸ਼ਿਕਾਇਤ ਦੇ ਕੰਮ ਕਰਦਾ ਹੈ ਅਤੇ ਜੋ ਆਪਣੇ ਹੱਕਾਂ ਦੀ ਮੰਗ ਕਰਦਾ ਹੈ, ਉਸਨੂੰ ਕੀ ਮਿਲਦਾ ਹੈ? ਦਬਾਅ ਅਤੇ ਜ਼ੁਲਮ। ਸ਼੍ਰੀ ਗਾਂਧੀ ਨੇ ਕਿਹਾ, ਇੱਕ ਹੋਰ ਮਹੱਤਵਪੂਰਨ ਮੁੱਦਾ ਇਹ ਹੈ ਕਿ ਸਰਕਾਰ ਨੇ ਨਵੰਬਰ 2025 ਤੋਂ ਬਿਨਾਂ ਸਲਾਹ-ਮਸ਼ਵਰੇ ਦੇ ਚਾਰ ਕਿਰਤ ਕੋਡ ਜਲਦੀ ਲਾਗੂ ਕਰ ਦਿੱਤੇ, ਅਤੇ ਕੰਮ ਦੇ ਘੰਟੇ ਵਧਾ ਕੇ 12 ਘੰਟੇ ਕਰ ਦਿੱਤੇ। ਕੀ ਇੱਕ ਮਜ਼ਦੂਰ ਦੀ ਮੰਗ ਜੋ ਦਿਨ ਵਿੱਚ 12 ਘੰਟੇ ਖੜ੍ਹੇ ਕੰਮ ਕਰਦਾ ਹੈ, ਫਿਰ ਵੀ ਆਪਣੇ ਬੱਚਿਆਂ ਦੀ ਸਕੂਲ ਫੀਸ ਅਦਾ ਕਰਨ ਲਈ ਕਰਜ਼ਾ ਲੈਂਦਾ ਹੈ, ਗੈਰ-ਵਾਜਬ ਹੈ? ਅਤੇ ਕੀ ਉਨ੍ਹਾਂ ਲੋਕਾਂ ਦੀ ਮੰਗ ਜੋ ਹਰ ਰੋਜ਼ ਉਸਦੇ ਹੱਕ ਖੋਹਦੇ ਹਨ, 'ਵਿਕਾਸ' ਲਿਆ ਰਹੀ ਹੈ? ਨੋਇਡਾ ਦੇ ਮਜ਼ਦੂਰ 20,000 ਰੁਪਏ ਦੀ ਮੰਗ ਕਰ ਰਹੇ ਹਨ। ਇਹ ਲਾਲਚ ਨਹੀਂ ਹੈ; ਇਹ ਉਨ੍ਹਾਂ ਦਾ ਹੱਕ ਹੈ, ਉਨ੍ਹਾਂ ਦੀ ਜ਼ਿੰਦਗੀ ਦਾ ਇੱਕੋ ਇੱਕ ਆਧਾਰ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ, ਮੈਂ ਹਰ ਉਸ ਵਰਕਰ ਦੇ ਨਾਲ ਖੜ੍ਹਾ ਹਾਂ – ਜੋ ਇਸ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਅਤੇ ਜਿਸਨੂੰ ਇਸ ਸਰਕਾਰ ਨੇ ਬੋਝ ਸਮਝਿਆ ਹੈ।

# ਹੱਦ ਹੋ ਗਈ ! ਹਾਦਸੇ ਮਗਰੋਂ ਭੱਜਣ ਦੇ ਚੱਕਰ 'ਚ ਵਾਪਰ ਗਿਆ ਇਕ ਹੋਰ ਹਾਦਸਾ

**ਕੌਮੀ ਪਤ੍ਰਿਕਾ**

ਲੁਧਿਆਣਾ 14 ਅਪ੍ਰੈਲ। ਸੜਕਾਂ 'ਤੇ ਰਫ਼ਤਾਰ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਐਤਵਾਰ ਤੜਕੇ ਬੀ.ਆਰ.ਐੱਸ. ਨਗਰ ਫਲਾਈਓਵਰ ਦੇ ਕੋਲ ਇਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਿਆ, ਜਿੱਥੇ ਇਕ ਕਾਲੇ ਰੰਗ ਦੀ ਤੇਜ਼ ਰਫਤਾਰ ਟੋਇਟਾ ਫਾਰਚੂਨਰ ਮੌਤ ਬਣ ਕੇ ਦੌੜੀ ਅਤੇ ਬੇਕਾਬੂ ਹੋ ਕੇ ਸੜਕ ਦੇ ਵਿਚਾਲੇ ਪਲਟ ਗਈ। ਟੱਕਰ ਇੰਨੀ ਭਿਆਨਕ ਸੀ ਕਿ ਫਾਰਚੂਨਰ ਦੇ ਪਰਖੱਚੇ ਉੱਡ ਗਏ ਅਤੇ ਸੁਰੱਖਿਆ ਲਈ ਲੱਗੇ ਏਅਰਬੈਗਸ ਤੱਕ ਖੁੱਲ੍ਹ ਗਏ। ਸੜਕ 'ਤੇ ਉਲਟੀ ਪਈ ਗੱਡੀ ਵੇਖ ਹਰ ਕੋਈ ਦੰਗ ਰਹਿ ਗਿਆ। ਜਾਣਕਾਰੀ ਅਨੁਸਾਰ, ਇਹ ਹਾਦਸਾ ਸਵੇਰੇ ਕਰੀਬ 2:30 ਵਜੇ ਦੇ ਆਸ-ਪਾਸ ਹੋਇਆ। ਚਸ਼ਮਦੀਦਾਂ ਦੀ ਮੰਨੀਏ ਤਾਂ ਗੱਡੀ ਦੀ ਰਫਤਾਰ ਇੰਨੀ ਜ਼ਿਆਦਾ ਸੀ ਕਿ ਚਾਲਕ ਉਸ 'ਤੇ ਕਾਬੂ ਨਹੀਂ ਰੱਖ ਸਕਿਆ। ਪੁਲਸ ਜਾਂਚ ਵਿਚ ਇਕ ਵੱਡਾ ਅਤੇ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ ਕਿ ਇਸ ਹਾਦਸੇ ਤੋਂ ਕੁਝ ਦੇਰ ਪਹਿਲਾਂ ਇਸੇ ਕਾਲੇ ਰੰਗ ਦੀ ਫਾਰਚੂਨਰ ਨੇ ਪੀ.ਏ.ਯੂ. ਗੇਟ ਦੇ ਕੋਲ ਵੀ ਇਕ ਹੋਰ ਵਾਹਨ ਨੂੰ ਟੱਕਰ ਮਾਰੀ ਸੀ ਅਤੇ ਉੱਥੋਂ ਚਾਲਕ ਗੱਡੀ ਭਜਾ ਕੇ ਲੈ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਉਸੇ ਵਾਰਦਾਤ ਤੋਂ ਬਾਅਦ ਫੜੇ ਜਾਣ ਦੇ ਡਰ ਤੋਂ ਚਾਲਕ ਗੱਡੀ ਨੂੰ ਅੰਨ੍ਹੇਵਾਹ ਰਫਤਾਰ ਵਿਚ ਭਜਾ ਰਿਹਾ ਸੀ, ਜੋ ਅੰਤ ਵਿਚ ਹਾਦਸੇ ਦਾ ਸ਼ਿਕਾਰ ਹੋ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਫਾਰਚੂਨਰ 'ਤੇ ਕੋਈ ਨੰਬਰ ਪਲੇਟ ਨਹੀਂ ਲੱਗੀ ਸੀ, ਜਿਸ ਨਾਲ ਮਾਮਲਾ ਹੋਰ ਵੀ ਸ਼ੱਕੀ ਹੋ ਗਿਆ ਹੈ। ਬਿਨਾਂ ਨੰਬਰ ਦੀ ਗੱਡੀ ਦਾ ਸੜਕਾਂ 'ਤੇ ਇਸ ਤਰ੍ਹਾਂ ਦੌੜਨਾ ਅਤੇ ਇਕ ਤੋਂ ਬਾਅਦ ਇਕ ਦੋ ਹਾਦਸਿਆਂ ਨੂੰ ਅੰਜਾਮ ਦੇਣਾ ਪੁਲਸ ਲਈ ਪਹੇਲੀ ਬਣ ਗਿਆ ਹੈ। ਗਨੀਮਤ ਇਹ ਰਹੀ ਕਿ ਗੱਡੀ ਪਲਟਣ ਦੇ ਬਾਵਜੂਦ ਉਸ ਵਿਚ ਸਵਾਰ ਇਕਲੌਤਾ ਵਿਅਕਤੀ ਸੁਰੱਖਿਅਤ ਦੱਸਿਆ ਜਾ ਰਿਹਾ ਹੈ, ਪਰ ਗੱਡੀ ਦੀ ਹਾਲਤ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਹਾਦਸਾ ਕਿੰਨਾ ਭਿਆਨਕ ਹੋ ਸਕਦਾ ਸੀ। ਮੌਕੇ 'ਤੇ ਪਹੁੰਚੀ ਪੁਲਸ ਟੀਮ ਨੇ



ਨੁਕਸਾਨੇ ਵਾਹਨ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਹੁਣ ਇਸ ਗੱਲ ਦੀ ਤਫਤੀਸ਼ ਕਰ ਰਹੀ ਹੈ ਕਿ ਬਿਨਾਂ ਨੰਬਰ ਦੀ ਇਹ ਲਗਜ਼ਰੀ ਗੱਡੀ ਕਿਸ ਦੀ ਹੈ ਅਤੇ ਇਸ ਨੂੰ ਕੌਣ ਚਲਾ ਰਿਹਾ ਸੀ। ਪੀ.ਏ.ਯੂ. ਗੇਟ ਅਤੇ ਬੀ.ਆਰ.ਐੱਸ. ਨਗਰ ਦੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਤਾਂ ਜੋ ਇਸ 'ਬੇਨਾਮ' ਫਾਰਚੂਨਰ ਦੇ ਮਾਲਕ ਦਾ ਪਤਾ ਲਗਾਇਆ ਜਾ ਸਕੇ ਅਤੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

## ਕੇਂਦਰੀ ਜੇਲ੍ਹ ਫਰੀਦਕੋਟ 'ਚ ਚੈਕਿੰਗ ਦੌਰਾਨ 4 ਮੋਬਾਇਲ ਤੇ ਸਿਮ ਬਰਾਮਦ

ਫਰੀਦਕੋਟ 14 ਅਪ੍ਰੈਲ। ਕੇਂਦਰੀ ਜੇਲ੍ਹ ਫਰੀਦਕੋਟ 'ਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੀਤੀ ਗਈ ਬੈਰਕਾਂ ਦੀ ਤਲਾਸ਼ੀ ਦੌਰਾਨ 5 ਹਵਾਲਾਤੀਆਂ ਅਤੇ ਇਕ ਕੈਦੀ ਕੋਲੋਂ 4 ਮੋਬਾਇਲ ਅਤੇ 1 ਸਿਮ ਕਾਰਡ ਬਰਾਮਦ ਹੋਣ 'ਤੇ ਪੁਲਸ ਵੱਲੋਂ ਮੁਲਜ਼ਮਾਂ ਖ਼?ਲਾਫ਼ ਜੇਲ੍ਹ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਜੇਲ੍ਹ ਅੰਦਰ ਸਹਾਇਕ ਸੁਪਰਡੈਂਟ ਵੀਰਪਾਲ ਸਿੰਘ ਦੀ ਅਗਵਾਈ ਹੇਠ ਜੇਲ੍ਹ ਗਾਰਦ ਦੀ ਟੀਮ ਵੱਲੋਂ ਅਚਾਨਕ ਚੈਕਿੰਗ ਕੀਤੀ ਗਈ। ਇਸ ਦੌਰਾਨ ਵੱਖ-ਵੱਖ ਬੈਰਕਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ, ਜਿਸ ਦੌਰਾਨ ਹਵਾਲਾਤੀਆਂ ਕੋਲੋਂ ਗੈਰ-ਕਾਨੂੰਨੀ ਤੌਰ 'ਤੇ ਵਰਤੇ ਜਾ ਰਹੇ 4 ਮੋਬਾਇਲ ਅਤੇ 1 ਸਿਮ ਕਾਰਡ ਬਰਾਮਦ ਕੀਤਾ ਗਿਆ। ਇਸ ਸਬੰਧੀ ਜੇਲ੍ਹ ਪ੍ਰਸ਼ਾਸਨ ਵੱਲੋਂ ਤੁਰੰਤ ਪੱਤਰ ਰਾਹੀਂ ਥਾਣਾ ਸਿਟੀ ਕੋਤਵਾਲੀ ਫਰੀਦਕੋਟ ਦੀ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਤੋਂ ਬਾਅਦ ਸਹਾਇਕ ਥਾਣੇਦਾਰ ਗੁਰਪਾਲ ਸਿੰਘ ਵੱਲੋਂ ਕਾਰਵਾਈ ਕਰਦਿਆਂ ਹਵਾਲਾਤੀ ਬਿੱਟੂ ਸਿੰਘ (ਜ਼ਿਲ੍ਹਾ ਫਿਰੋਜ਼ਪੁਰ), ਨਿਸ਼ਾਨ ਸਿੰਘ (ਜ਼ਿਲ੍ਹਾ ਮੋਗਾ), ਰੋਹਿਤ (ਚਰਚ ਰੋਡ, ਗਵਾਲ ਮੰਡੀ ਫਿਰੋਜ਼ਪੁਰ), ਬਿੰਦੂ ਕੁਮਾਰ (ਜ਼ਿਲ੍ਹਾ ਫਾਜ਼ਿਲਕਾ), ਅਰਸ਼ਦੀਪ ਸਿੰਘ (ਜ਼ਿਲ੍ਹਾ ਮੋਗਾ) ਅਤੇ ਕੈਦੀ ਜੁਗਰਾਜ ਸਿੰਘ (ਜ਼ਿਲ੍ਹਾ ਮਾਨਸਾ) ਨੂੰ ਨਾਮਜ਼ਦ ਕਰਕੇ ਉਨ੍ਹਾਂ ਖ਼?ਲਾਫ਼ ਜੇਲ੍ਹ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ 'ਚ ਜੇਲ ਅੰਦਰਲੀ ਸੁਰੱਖਿਆ ਵਿਵਸਥਾ ਅਤੇ ਕਰਮਚਾਰੀਆਂ ਦੀ ਭੂਮਿਕਾ ਨੂੰ ਧਿਆਨ 'ਚ ਰੱਖਦਿਆਂ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਰੇਲਵੇ ਨੇ ਬਿਨਾ ਟਿਕਟ ਦੇ ਸਫ਼ਰ ਕਰਨ ਵਾਲਿਆਂ ਤੋਂ ਵਸੂਲੇ 2.50 ਕਰੋੜ ਰੁਪਏ

**ਕੌਮੀ ਪਤ੍ਰਿਕਾ**

ਲੁਧਿਆਣਾ 14 ਅਪ੍ਰੈਲ। ਫਿਰੋਜ਼ਪੁਰ ਮੰਡਲ ਦੇ ਟਿਕਟ ਚੈਕਰਾਂ ਨੇ ਬਿਨਾਂ ਟਿਕਟ ਅਤੇ ਨਿਯਮਾਂ ਦੀ ਉਲੰਘਣਾ ਕਰਕੇ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਕਾਬੂ ਕਰਕੇ ਉਨ੍ਹਾਂ ਤੋਂ 2 ਕਰੋੜ 50 ਲੱਖ ਰੁਪਏ ਦਾ ਮਾਲੀਆ (ਰੇਵੇਨਿਊ) ਇਕੱਠਾ ਕੀਤਾ ਹੈ। ਡੀ.ਆਰ.ਐੱਮ ਸੰਜੀਵ ਕੁਮਾਰ ਨੇ ਦੱਸਿਆ ਕਿ ਬਿਨਾਂ ਟਿਕਟ ਯਾਤਰਾ ਕਰਨ ਵਾਲਿਆਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਮੰਡਲ ਦੇ ਟਿਕਟ ਚੈਕਿੰਗ ਸਟਾਫ਼ ਵੱਲੋਂ ਮਾਰਚ ਮਹੀਨੇ ਦੌਰਾਨ ਟ?ਰੇਨਾਂ ਵਿਚ ਟਿਕਟ ਚੈਕਿੰਗ ਦੌਰਾਨ 37,926 ਯਾਤਰੀ ਬਿਨਾਂ ਟਿਕਟ ਅਤੇ ਨਿਯਮਾਂ ਦੇ ਉਲਟ ਯਾਤਰਾ ਕਰਦੇ ਹੋਏ ਪਾਏ ਗਏ ਅਤੇ ਉਨ੍ਹਾਂ ਤੋਂ ਜੁਰਮਾਨੇ ਵਜੋਂ ਲਗਭਗ 2.50 ਕਰੋੜ ਰੁਪਏ ਦਾ ਮਾਲੀਆ ਵਸੂਲਿਆ ਗਿਆ। ਫਿਰੋਜ਼ਪੁਰ ਮੰਡਲ ਨੇ ਮੌਜੂਦਾ ਵਿੱਤੀ ਸਾਲ ਵਿਚ ਟਿਕਟ ਚੈਕਿੰਗ ਰਾਹੀਂ ਲਗਭਗ 31.51 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਹੈ ਜੋ ਕਿ ਮੁੱਖ ਦਫਤਰ ਵੱਲੋਂ ਦਿੱਤੇ ਗਏ ਨਿਰਧਾਰਿਤ ਟੀਚੇ ਤੋਂ ਲਗਭਗ 3 ਫੀਸਦੀ ਜ਼ਿਆਦਾ ਹੈ। ਫਿਰੋਜ਼ਪੁਰ ਮੰਡਲ ਵੱਲੋਂ ਰੇਲ ਯਾਤਰੀਆਂ ਨੂੰ ਜਾਗਰੂਕ ਕਰਨ ਲਈ ਸਮੇਂ-ਸਮੇਂ 'ਤੇ ਮੁਹਿੰਮ ਚਲਾ ਕੇ ਉਨ੍ਹਾਂ ਨੂੰ ਰੇਲਵਨ ਰਾਹੀਂ ਟਿਕਟ ਬੁੱਕ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਮੰਡਲ ਦੇ ਰੇਲਵੇ ਸਟੇਸ਼ਨਾਂ ਨੂੰ ਸਾਫ਼-ਸੁਥਰਾ ਬਣਾਈ ਰੱਖਣ ਅਤੇ ਆਮ ਜਨਤਾ ਨੂੰ ਸਟੇਸ਼ਨਾਂ 'ਤੇ ਗੰਦਗੀ ਫੈਲਾਉਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਸਾਫ਼-ਸਫਾਈ ਪ੍ਰਤੀ ਜਾਗਰੂਕ ਕਰਨ ਲਈ ਮੰਡਲ ਦੇ ਮੁੱਖ ਸਟੇਸ਼ਨਾਂ 'ਤੇ ਨਿਯਮਿਤ ਜਾਂਚ ਕੀਤੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਮਾਰਚ ਮਹੀਨੇ ਵਿਚ 407 ਯਾਤਰੀਆਂ ਨੂੰ ਸਟੇਸ਼ਨ ਕੰਪਲੈਕਸ ਵਿਚ ਗੰਦਗੀ ਫੈਲਾਉਣ



ਕਾਰਨ (ਐਂਟੀ ਲਿਟਰਿੰਗ ਐਕਟ) ਉਨ੍ਹਾਂ ਤੋਂ 69 ਹਜ਼ਾਰ ਰੁਪਏ ਤੋਂ ਵੱਧ ਵਸੂਲੇ ਗਏ। ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਦੇ ਟਿਕਟ ਚੈਕਿੰਗ ਸਟਾਫ਼ ਵੱਲੋਂ ਰੇਲ ਮਾਲੀਏ ਵਿਚ ਵਾਧੇ ਦੇ ਨਾਲ-ਨਾਲ ਟ?ਰੇਨ ਵਿਚ ਯਾਤਰਾ ਦੌਰਾਨ ਗੁਆਚੇ ਹੋਏ ਸਾਮਾਨ, ਗੁਆਚੇ ਹੋਏ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨਾਲ ਮਿਲਾਉਣ ਲਈ ਹਮੇਸ਼ਾ ਤਿਆਰ ਰਹਿ ਕੇ ਸਮਾਜਿਕ ਜ਼ਿੰਮੇਵਾਰੀ ਵੀ ਨਿਭਾਉਂਦੇ ਰਹਿੰਦੇ ਹਨ।

## ਭਿਆਨਕ ਹਾਦਸੇ ਦੌਰਾਨ ਵਿਅਕਤੀ ਦੀ ਮੌਤ ਮਾਮਲੇ 'ਚ ਪੁਲਸ ਨੇ ਦਰਜ ਕੀਤਾ ਮਾਮਲਾ


ਫਿਰੋਜ਼ਪੁਰ 14 ਅਪ੍ਰੈਲ। ਪਿੰਡ ਖਾਈ ਫੇਮੇ ਕੀ ਦੇ ਨਜ਼ਦੀਕ ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਕਾਰਨ ਬੇਕਾਬੂ ਹੋ ਕੇ ਕਾਰ ਦੇ ਦਰੱਖਤ ਨਾਲ ਟਕਰਾ ਜਾਣ ਦੀ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਨੇ ਇਸ ਮਾਮਲੇ 'ਚ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣਾ ਸਦਰ ਫਿਰੋਜ਼ਪੁਰ ਦੇ ਏ. ਐੱਸ. ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨ ਪੁੱਤਰ ਗੁਰਮੀਤ ਸਿੰਘ, ਵਾਸੀ ਪਿੰਡ ਮੁਹੰਮਦ ਨਿਆਜ਼ੀਆਂ ਨੇ ਦੱਸਿਆ ਕਿ ਉਹ ਬੀਤੀ 30 ਮਾਰਚ ਨੂੰ ਰਮਨਦੀਪ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਅਤੇ ਪਾਹੁਲਪ੍ਰੀਤ ਸਿੰਘ ਪੁੱਤਰ




ਭੁਪਿੰਦਰ ਸਿੰਘ, ਵਾਸੀ ਪਿੰਡ ਝੋਕ ਨੋਧ ਸਿੰਘ ਦੇ ਨਾਲ ਸਵਿੱਫਟ ਕਾਰ 'ਤੇ ਸਵਾਰ ਹੋ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਪਾਰਟੀ ਦੇ ਨਾਲ ਫਿਰੋਜ਼ਪੁਰ ਵਿਚ ਧਰਨੇ 'ਤੇ ਗਿਆ ਸੀ। ਜਦੋਂ ਉਹ ਵਾਪਸ ਘਰ ਜਾ ਰਹੇ ਸਨ ਤਾਂ ਰਾਤ ਕਰੀਬ 10.30 ਵਜੇ ਜਦੋਂ ਉਨ੍ਹਾਂ ਦੀ ਗੱਡੀ ਖਾਈ ਫੇਮੇ ਕੀ ਦੇ ਨਜ਼ਦੀਕ ਪਹੁੰਚੀ ਤਾਂ ਕਿਸੇ ਅਣਪਛਾਤੇ ਵਾਹਨ ਦੇ ਡਰਾਈਵਰ ਨੇ ਉਨ੍ਹਾਂ ਦੀ ਗੱਡੀ ਨੂੰ ਫੇਟ ਮਾਰ ਦਿੱਤੀ। ਇਸ ਕਾਰਨ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਇੱਕ ਦਰੱਖਤ ਨਾਲ ਜਾ ਟਕਰਾਈ। ਇਸ ਹਾਦਸੇ 'ਚ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨ ਅਤੇ ਰਮਨਦੀਪ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਦੋਂ ਕਿ ਪਾਹੁਲਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ ਵਿੱਚ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵੀਡੀਓ ਕਾਲ ਕਰਕੇ ਵਿਅਕਤੀ ਦੇ ਕ੍ਰੈਡਿਟ ਕਾਰਡ ਤੋਂ 12,71,693 ਰੁਪਏ ਠੱਗੇ

ਚੰਡੀਗੜ੍ਹ 14 ਅਪ੍ਰੈਲ। ਬੈਂਕ ਕਰਮਚਾਰੀ ਬਣ ਕੇ ਠੱਗਾਂ ਨੇ ਵੀਡੀਓ ਕਾਲ ਰਾਹੀਂ ਇੱਕ ਵਿਅਕਤੀ ਦੇ ਕ੍ਰੈਡਿਟ ਕਾਰਡ ਤੋਂ 12 ਲੱਖ 71 ਹਜ਼ਾਰ 693 ਰੁਪਏ ਦੀ ਠੱਗੀ ਮਾਰ ਲਈ। ਰੁਪਏ ਮਿਲਣ ਦਾ ਮੈਸੇਜ਼ ਆਉਣ ਦੇ ਬਾਅਦ ਸੈਕਟਰ-35 ਵਾਸੀ ਸੰਜੇ ਵਾਲੀਆ ਨੂੰ ਠੱਗੀ ਦਾ ਪਤਾ ਲੱਗਾ। ਉਸਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਕਰ ਕੇ ਸੰਜੇ ਵਾਲੀਆ ਦੇ ਬਿਆਨਾਂ 'ਤੇ ਅਣਪਛਾਤੇ ਠੱਗਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਸੈਕਟਰ-35 ਵਾਸੀ ਸੰਜੇ ਵਾਲੀਆ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਨੇ 24 ਮਾਰਚ, 2026 ਨੂੰ ਐੱਚ. ਐੱਸ. ਬੀ. ਸੀ. ਬੈਂਕ ਦਾ ਕ੍ਰੈਡਿਟ ਕਾਰਡ ਲੈਣ ਲਈ ਅਰਜ਼ੀ ਦਿੱਤੀ ਸੀ। ਅਗਲੇ ਦਿਨ 25 ਮਾਰਚ ਨੂੰ ਉਸਨੂੰ ਇੱਕ ਅਣਜਾਣ ਨੰਬਰ ਤੋਂ ਕਾਲ ਆਈ। ਕਾਲ ਕਰਨ ਵਾਲੇ ਨੇ ਖ਼ੁਦ ਨੂੰ ਬੈਂਕ ਅਧਿਕਾਰੀ ਦੱਸਦਿਆਂ ਕ੍ਰੈਡਿਟ ਕਾਰਡ ਅਪਰੂਵਲ ਲਈ ਵੀਡੀਓ ਵੈਰੀਫਿਕੇਸ਼ਨ ਕਰਨ ਦੀ ਗੱਲ ਕਹੀ। ਵੀਡੀਓ ਕਾਲ ਦੌਰਾਨ ਧੋਖਾਧੜੀ ਕਰਨ ਵਾਲਿਆਂ ਨੇ ਉਸਨੂੰ ਸਕਰੀਨ




ਸ਼ੇਅਰ ਕਰਨ ਲਈ ਕਿਹਾ ਅਤੇ ਮੋਬਾਇਲ ਨੰਬਰ ਅਤੇ ਈ. ਮੇਲ ਆਈ. ਡੀ. ਦੀ ਜਾਣਕਾਰੀ ਹਾਸਲ ਕਰ ਲਈ। ਇਸ ਦੇ ਬਾਅਦ ਠੱਗਾਂ ਨੇ ਅਮਰੀਕਨ ਐਕਸਪ੍ਰੈੱਸ ਕਾਰਡ ਦੀ ਪੁਸ਼ਟੀ ਕਰਨ ਲਈ ਕਿਹਾ। ਸ਼ਿਕਾਇਤਕਰਤਾ ਮੁਤਾਬਕ ਉਸਨੇ ਪੂਰਾ ਕਾਰਡ ਨੰਬਰ ਸਾਂਝਾ ਨਹੀਂ ਕੀਤਾ, ਪਰ ਸਕਰੀਨ ਸ਼ੇਅਰਿੰਗ ਦੌਰਾਨ ਠੱਗ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ 'ਚ ਸਫ਼ਲ ਹੋ ਗਏ। ਇਸ ਤੋਂ ਥੋੜ੍ਹੀ ਹੀ ਦੇਰ ਬਾਅਦ ਸ਼ਿਕਾਇਤਕਰਤਾ ਦੇ ਮੋਬਾਇਲ ਫੋਨ 'ਤੇ ਲਗਾਤਾਰ ਟ?ਰਾਂਜੈਕਸ਼ਨ ਦੇ ਸੁਨੇਹੇ ਆਉਣ ਲੱਗੇ। ਸ਼ਿਕਾਇਤ ਮੁਤਾਬਕ ਲਗਭਗ 10 ਮਿੰਟਾਂ ਦੇ ਅੰਦਰ ਸਵਿਗੀ ਮਰਚੈਂਟ ਰਾਹੀਂ 14 ਵੱਖ-ਵੱਖ ਟ?ਰਾਂਜੈਕਸ਼ਨ ਕੀਤੇ ਗਏ, ਜਿਨ੍ਹਾਂ ਦੀ ਕੁੱਲ ਰਕਮ 12,71,693 ਸੀ। ਘਟਨਾ ਦਾ ਪਤਾ ਲੱਗਦੇ ਹੀ ਸ਼ਿਕਾਇਤਕਰਤਾ ਨੇ ਤੁਰੰਤ ਸਬੰਧਿਤ ਕ੍ਰੈਡਿਟ ਕਾਰਡ ਕੰਪਨੀ ਨੂੰ ਸੂਚਿਤ ਕਰ ਕੇ ਕਾਰਡ ਨੂੰ ਬਲਾਕ ਕਰਵਾ ਦਿੱਤਾ। ਕੰਪਨੀ ਵੱਲੋਂ ਉਸਨੂੰ ਰਿਪਲੇਸਮੈਂਟ ਕਾਰਡ ਜਾਰੀ ਕਰਨ ਅਤੇ ਮਾਮਲੇ ਦੀ ਜਾਂਚ ਦਾ ਭਰੋਸਾ ਦਿੱਤਾ ਗਿਆ ਹੈ। ਧੋਖਾਧੜੀ ਦਾ ਅਹਿਸਾਸ ਹੋਣ 'ਤੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ।

## ਗੋਲੀ ਚੱਲਣ ਕਾਰਨ ਨਾਬਾਲਗ ਕੁੜੀ ਜ਼ਖਮੀ

ਫਿਰੋਜ਼ਪੁਰ 14 ਅਪ੍ਰੈਲ। ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਪਛਾੜੀਆਂ (ਆਲੇ ਵਾਲਾ) ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਫਾਇਰ ਕਰਨ ਨਾਲ ਇਕ 12 ਸਾਲ ਦੀ ਨਾਬਾਲਗ ਕੁੜੀ ਦੇ ਜ਼ਖਮੀ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਗੀਚਾ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਛਾੜੀਆ (ਆਲੇ ਵਾਲਾ) ਨੇ ਦੱਸਿਆ ਕਿ ਉਸ ਦੀ ਭਤੀਜੀ ਮਨਜੋਤ ਕੌਰ ਉਮਰ ਕਰੀਬ 12 ਸਾਲ ਵਿਹੜੇ ਵਿਚ ਖੇਡ ਰਹੀ ਸੀ। ਇਸ ਦੌਰਾਨ ਅਣਪਛਾਤੇ ਵਿਅਕਤੀਆਂ ਨੇ ਫਾਇਰਿੰਗ ਕੀਤੀ, ਜਿਸ ਕਾਰਨ ਇਕ ਗੋਲੀ ਕੁੜੀ ਮਨਜੋਤ ਕੌਰ ਨੂੰ ਲੱਗੀ, ਜਿਸ ਨਾਲ ਉਹ ਜ਼ਖਮੀ ਹੋ ਗਈ।

## ਨਕਾਬਪੋਸ਼ਾਂ ਨੇ ਹਥਿਆਰਾਂ ਦੀ ਨੋਕ 'ਤੇ ਲੁੱਟਿਆ ਬਾਬਰਪੁਰ 'ਚ ਸ਼ਰਾਬ ਦਾ ਠੇਕਾ

ਭਾਦਸੋਂ/ਨਾਭਾ 14 ਅਪ੍ਰੈਲ। ਥਾਣਾ ਭਾਦਸੋਂ ਅਧੀਨ ਆਉਂਦੇ ਪਿੰਡ ਬਾਬਰਪੁਰ ਵਿਖੇ ਹਥਿਆਰਾਂ ਦੀ ਨੋਕ 'ਤੇ ਨਕਾਬਪੋਸ਼ਾਂ ਵਲੋਂ ਸ਼ਰਾਬ ਦਾ ਠੇਕਾ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਪਿੰਡ ਬਾਬਰਪੁਰ ਵਿਖੇ ਬੀਤੀ ਰਾਤ 8 ਵਜੇ ਦੇ ਕਰੀਬ ਗੱਡੀ ਵਿਚ ਆਏ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਠੇਕੇ ਦੇ ਕਰਿੰਦੇ ਤੋਂ ਪਿਸਟਲ ਦੀ ਨੋਕ 'ਤੇ ਠੇਕੇ 'ਤੇ ਲੱਗੇ ਜਿੰਦੇ ਨੂੰ ਲੋਹੇ ਦੀ ਰਾੜ ਨਾਲ ਤੋੜ ਕੇ ਠੇਕੇ ਦੇ ਕਰਿੰਦੇ ਨੂੰ ਹੇਠਾਂ ਸੁੱਟ ਕੇ ਗੱਲਾਂ ਚੁੱਕ ਕੇ ਆਪਣੇ ਨਾਲ ਲੈ ਗਏ। ਠੇਕੇ 'ਤੇ ਪਏ ਗੱਲੇ ਵਿਚ ਕਰੀਬ 27 ਹਜ਼ਾਰ ਦੀ ਨਗਦੀ ਸੀ। ਘਟਨਾ ਦੀ ਵਾਰਦਾਤ ਵਿਚ ਸ਼ਾਮਲ ਤਿੰਨ ਵਿਅਕਤੀ ਦੱਸੇ ਜਾ ਰਹੇ ਹਨ ਜਿਨਾਂ ਦੇ ਮੂੰਹ ਢਕੇ ਹੋਏ ਸਨ। ਠੇਕੇ 'ਤੇ ਕੰਮ ਕਰਨ ਵਾਲੇ ਕਰਿੰਦੇ ਅਖਿਲੇਸ਼ ਪਾਲ ਨੇ ਲੁੱਟ ਦੀ ਵਾਰਦਾਤ ਦੀ ਜਾਣਕਾਰੀ ਦਿੱਤੀ ਅਤੇ ਦੂਜੇ ਪਾਸੇ ਪੁਲਸ ਇਸ ਮਾਮਲੇ ਦੀ ਜਾਂਚ ਵਿਚ ਜੁੱਟ ਗਈ। ਠੇਕੇ ਦੇ ਕਰਿੰਦੇ ਨੇ ਦੱਸਿਆ ਕਿ ਦੋ ਨਕਾਬਪੋਸ਼ ਵਿਅਕਤੀ ਆਏ ਅਤੇ ਇਕ ਵਿਅਕਤੀ ਗੱਡੀ ਵਿਚ ਬੈਠਾ ਸੀ। ਮੈਨੂੰ ਇੰਝ ਜਾਪਿਆ ਕਿ ਉਹ ਸ਼ਰਾਬ ਲੈਣ ਲਈ ਆਏ ਹਨ। ਜਦੋਂ ਉਨ੍ਹਾਂ ਨੇ ਮੇਰੇ 'ਤੇ ਸਿੱਧਾ ਹੀ ਪਿਸਟਲ ਤਾਣ ਦਿੱਤਾ ਅਤੇ ਮੈਂ ਡਰ ਗਿਆ ਅਤੇ ਉਨ੍ਹਾਂ ਵੱਲੋਂ ਅੰਦਰ ਲੱਗੇ ਤਾਲੇ ਤੇ ਰਾੜ ਮਾਰ ਕੇ ਤਾਲਾ ਵੀ ਤੋੜ ਦਿੱਤਾ ਅਤੇ ਅੰਦਰ ਗੱਲੇ ਵਿਚ 27 ਹਜ਼ਾਰ ਰੁਪਏ ਗੱਲੇ ਸਮੇਤ ਲੈ ਗਏ ਉਸ ਨੇ ਰੌਲਾ ਵੀ ਪਾਇਆ ਪਰ ਉਹ ਪੰਜ ਮਿੰਟਾਂ ਵਿਚ ਫਰਾਰ ਹੋ ਗਏ। ਦੰਦਰਾਲਾ ਢੀਂਡਸਾ ਦੇ ਚੌਂਕੀ ਇੰਚਾਰਜ ਮਨਜਿੰਦਰ ਸਿੰਘ ਨੇ ਦੱਸਿਆ ਕਿ ਜੋ ਇਹ ਵਾਰਦਾਤ ਦੀ ਘਟਨਾ ਹੈ ਰਾਤ ਦੀ ਹੈ। ਇਸ ਸਬੰਧੀ ਅਸੀਂ ਸੀਸੀਟੀਵੀ ਖੰਗਾਲ ਰਹੇ ਹਾਂ ਅਤੇ ਛੇਤੀ ਹੀ ਆਰੋਪੀਆਂ ਨੂੰ ਫੜ ਕੇ ਜੇਲ ਦੀਆਂ ਸਲਾਖਾਂ ਪਿੱਛੇ ਪਹੁੰਚਾਵਾਂਗੇ।

# ਪੰਜਾਬ: ਪਿਆਕੜਾਂ ਲਈ ਵੱਡੀ ਖ਼ਬਰ, ਸ਼ਰਾਬ ਦੀਆਂ ਕੀਮਤਾਂ 'ਚ ਵਾਧਾ, ਠੇਕਿਆਂ 'ਤੇ ਲੱਗੀ ਨਵੀਂ ਸੂਚੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 14 ਅਪ੍ਰੈਲ। ਗੁਰਦਾਸਪੁਰ ਵਿੱਚ 1 ਅਪ੍ਰੈਲ ਤੋਂ ਨਵੀਂ ਐਕਸਾਈਜ਼ ਪਾਲਿਸੀ 2026-27 ਤਹਿਤ ਸ਼ਰਾਬ ਦੀਆਂ ਨਵੀਆਂ ਦਰਾਂ ਲਾਗੂ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਸ਼ਰਾਬ ਦੇ ਸ਼ੌਕੀਨਾਂ ਦੀ ਜੇਬ 'ਤੇ ਬੋਝ ਪੈਣਾ ਤੈਅ ਹੈ। ਸਰਕਾਰ ਵੱਲੋਂ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਾਢੇ 10 ਪ੍ਰਤੀਸ਼ਤ ਵੱਧ ਮਾਲੀਏ ਦਾ ਬੋਝ ਠੇਕੇਦਾਰਾਂ 'ਤੇ ਪਾਇਆ ਗਿਆ ਹੈ, ਜਿਸ ਕਾਰਨ ਰੇਟ ਵਧਣਾ ਪਹਿਲਾਂ ਹੀ ਤੈਅ ਮੰਨਿਆ ਜਾ ਰਿਹਾ ਸੀ। ਅਪ੍ਰੈਲ ਮਹੀਨੇ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਦੇ ਨਾਲ ਹੀ ਠੇਕੇਦਾਰਾਂ ਨੇ ਸ਼ਰਾਬ ਦੀ ਤਸਕਰੀ ਰੋਕਣ ਲਈ ਵਿਸ਼ੇਸ਼ ਰਣਨੀਤੀ ਉਲੀਕਣੀ ਸ਼ੁਰੂ ਕਰ ਦਿੱਤੀ ਹੈ। ਹੁਣ ਉਨ੍ਹਾਂ ਲੋਕਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਜੋ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀ ਤਸਕਰੀ ਨਾਲ ਜੁੜੇ ਹੋਏ ਹਨ। ਜੇਕਰ ਗੁਰਦਾਸਪੁਰ ਟਾਊਨ ਫਰਮ ਦੀ ਗੱਲ ਕਰੀਏ ਤਾਂ ਇੱਥੇ ਦੀਨਾਨਗਰ, ਦੋਰਾਂਗਲਾ, ਬਹਿਰਾਮਪੁਰ, ਗੁਰਦਾਸਪੁਰ 1 ਅਤੇ 2, ਧਾਰੀਵਾਲ ਅਤੇ ਪੂਰੇ ਇਲਾਕੇ ਵਿੱਚ ਇੱਕੋ ਫਰਮ ਦਾ ਕਬਜ਼ਾ ਹੈ। ਇਸ



ਕਾਰਨ ਹੁਣ ਬਾਹਰਲੇ ਜ਼ਿਲ੍ਹਿਆਂ ਤੋਂ ਆਉਣ ਵਾਲੀ ਸ਼ਰਾਬ 'ਤੇ ਐਕਸਾਈਜ਼ ਵਿਭਾਗ ਅਤੇ ਠੇਕੇਦਾਰ ਪੈਨੀ ਨਜ਼ਰ ਰੱਖਣਗੇ। ਸ਼ਰਾਬ ਠੇਕੇਦਾਰਾਂ ਤੋਂ ਮਿਲੀ ਨਵੀਂ ਸੂਚੀ ਅਨੁਸਾਰ, 'ਰੋਇਲ ਸਟੈਗ' ਹੁਣ 950 ਰੁਪਏ ਦੀ ਕਰ ਦਿੱਤੀ ਗਈ ਹੈ, ਜਦੋਂ ਕਿ 'ਬਲੈਂਡਰ' 1250 ਰੁਪਏ ਅਤੇ ਮਹਿੰਗੀ ਸਕੌਚ 'ਹੰਡਰਡ ਪਾਈਪਰਜ਼' 2100 ਰੁਪਏ ਦੀ ਹੋ ਗਈ ਹੈ। ਇਸੇ ਤਰ੍ਹਾਂ ਬੀਅਰ ਦੇ ਕੈਨ ਅਤੇ ਬੋਤਲ 250 ਤੋਂ 300 ਰੁਪਏ ਤੱਕ ਉਪਲਬਧ ਹੋਣਗੇ। ਗੁਰਦਾਸਪੁਰ ਵਿੱਚ ਅਜਿਹੇ ਤਸਕਰਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਜੋ ਸ਼ਰਾਬ ਦੀ ਬੋਤਲ ਤੋਂ ਹੋਲੋਗ੍ਰਾਮ ਅਤੇ ਸਟਿੱਕਰ ਉਤਾਰ ਕੇ ਸ਼ਹਿਰ ਵਿੱਚ ਸਪਲਾਈ ਕਰਦੇ ਹਨ। ਠੇਕੇਦਾਰਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਰਕਲ ਮਹਿੰਗਾ ਹੋਣ ਕਾਰਨ ਹੁਣ ਫਰਮ ਤਸਕਰਾਂ 'ਤੇ ਖ਼ਾਸ ਨਜ਼ਰ ਰੱਖੇਗੀ ਅਤੇ ਲੋੜ ਪੈਣ 'ਤੇ ਐਕਸਾਈਜ਼ ਵਿਭਾਗ ਤੇ ਪੁਲਿਸ ਦੀ ਮਦਦ ਨਾਲ ਅਜਿਹੇ ਲੋਕਾਂ ਦੇ ਘਰਾਂ ਦੀ ਤਲਾਸ਼ੀ ਵੀ ਲਈ ਜਾਵੇਗੀ। ਈ.ਟੀ.ਓ. ਗੁਰਦਾਸਪੁਰ ਹੇਮੰਤ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਪਹਿਲਾਂ ਵੀ ਪੁਲਸ ਦੇ ਸਹਿਯੋਗ ਨਾਲ ਕਈ ਤਸਕਰਾਂ 'ਤੇ ਕਾਰਵਾਈ ਕੀਤੀ ਗਈ ਹੈ ਅਤੇ ਇਸ ਸਾਲ ਇਹ ਮੁਹਿੰਮ ਹੋਰ ਵੀ ਸਖ਼ਤ ਕੀਤੀ ਜਾਵੇਗੀ।

# ਐਂਟੀ-ਗੈਂਗਸਟਰ ਹੈਲਪਲਾਈਨ ਨੂੰ ਮਿਲੀਆਂ 592 ਸ਼ਿਕਾਇਤਾਂ, ਫਿਰੌਤੀ ਦੀਆਂ ਧਮਕੀਆਂ ਦੇ ਮਾਮਲੇ 'ਚ ਤਰਨਤਾਰਨ ਮੋਹਰੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਤਰਨਤਾਰਨ 14 ਅਪ੍ਰੈਲ। ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਤਰਨਤਾਰਨ ਜ਼ਿਲ੍ਹਾ ਗੈਂਗਸਟਰ ਵਿਰੋਧੀ ਹੈਲਪਲਾਈਨ ਨੰਬਰ 'ਤੇ ਸ਼ਿਕਾਇਤਾਂ ਦਰਜ ਕਰਵਾਉਣ ਵਿੱਚ ਸੂਬੇ ਭਰ ਵਿੱਚੋਂ ਪਹਿਲੇ ਨੰਬਰ 'ਤੇ ਰਿਹਾ ਹੈ । ਇਸ ਹੈਲਪਲਾਈਨ ਦੀ ਸ਼ੁਰੂਆਤ 21 ਜਨਵਰੀ, 2026 ਨੂੰ ਕੀਤੀ ਗਈ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਕੁੱਲ 592 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ ਇਕੱਲੇ ਤਰਨਤਾਰਨ ਤੋਂ 70 ਕਾਲਾਂ ਦਰਜ ਕੀਤੀਆਂ ਗਈਆਂ ਹਨ। ਇਸ ਸੂਚੀ ਵਿੱਚ ਤਰਨਤਾਰਨ ਤੋਂ ਬਾਅਦ ਲੁਧਿਆਣਾ ਸਿਟੀ (53 ਕਾਲਾਂ) ਦੂਜੇ ਸਥਾਨ 'ਤੇ ਅਤੇ ਅੰਮ੍ਰਿਤਸਰ ਦਿਹਾਤੀ (52 ਕਾਲਾਂ) ਤੀਜੇ ਸਥਾਨ 'ਤੇ ਹੈ। ਅਧਿਕਾਰਤ ਅੰਕੜਿਆਂ ਮੁਤਾਬਕ, ਹੁਣ ਤੱਕ ਪ੍ਰਾਪਤ ਹੋਈਆਂ ਕੁੱਲ ਕਾਲਾਂ ਵਿੱਚੋਂ 502 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ 63 ਐਫ.ਆਈ.ਆਰ. ਦਰਜ ਕੀਤੀਆਂ



ਗਈਆਂ ਹਨ। ਹਾਲਾਂਕਿ, ਪੁਲਸ ਨੇ ਇਹ ਵੀ ਦੱਸਿਆ ਕਿ ਲਗਭਗ 147 ਕਾਲਾਂ ਫਰਜ਼ੀ ਪਾਈਆਂ ਗਈਆਂ ਸਨ। ਸ਼ਿਕਾਇਤਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਮਾਮਲੇ ਜਬਰਨ ਵਸੂਲੀ ਨਾਲ ਸਬੰਧਤ ਹਨ, ਜਿੱਥੇ ਗੈਂਗਸਟਰਾਂ ਵੱਲੋਂ 40 ਲੱਖ ਤੋਂ 1 ਕਰੋੜ ਰੁਪਏ ਤੱਕ ਦੀ ਫਿਰੌਤੀ ਮੰਗੀ ਜਾਂਦੀ ਹੈ। ਇਹ ਧਮਕੀਆਂ ਅਕਸਰ ਕੈਨੇਡਾ, ਅਮਰੀਕਾ ਜਾਂ ਹੋਰ ਦੇਸ਼ਾਂ ਦੇ ਵਿਦੇਸ਼ੀ ਨੰਬਰਾਂ ਰਾਹੀਂ ਵਟਸਐਪ ਦੀ ਵਰਤੋਂ ਕਰਕੇ ਦਿੱਤੀਆਂ ਜਾਂਦੀਆਂ ਹਨ। ਪੁਲਸ ਅਨੁਸਾਰ, ਗੋਲਡੀ ਬਰਾੜ-ਰੋਹਿਤ ਗੋਦਾਰਾ, ਲੱਕੀ ਪਟਿਆਲ ਅਤੇ ਮਾਨ ਘਣਸ਼ਾਮਪੁਰੀਆ ਵਰਗੇ ਗੈਂਗ ਇਨ੍ਹਾਂ ਕਾਲਾਂ ਵਿੱਚ ਸ਼ਾਮਲ ਪਾਏ ਗਏ ਹਨ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਹੈਲਪਲਾਈਨ ਪੀੜਤਾਂ ਨੂੰ ਅੱਗੇ ਆਉਣ ਲਈ ਇੱਕ ਸੁਰੱਖਿਅਤ ਪਲੇਟਫਾਰਮ ਪ੍ਰਦਾਨ ਕਰ ਰਹੀ ਹੈ, ਜਿਸ ਨਾਲ ਗੈਂਗਸਟਰਾਂ ਦੇ ਨੈੱਟਵਰਕ ਨੂੰ ਤੋੜਨ ਵਿੱਚ ਮਦਦ ਮਿਲ ਰਹੀ ਹੈ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਫਿਰੌਤੀ ਜਾਂ ਧਮਕੀ ਮਿਲਣ 'ਤੇ ਤੁਰੰਤ 93946-93946 'ਤੇ ਸੰਪਰਕ ਕਰਨ ਤਾਂ ਜੋ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

## ਚੋਰਾਂ 'ਚ ਖ਼ਤਮ ਹੋਇਆ ਖ਼ੌਫ਼ ! ਘਰ ਦੇ ਦਰਵਾਜ਼ੇ ਤੋੜ ਉਡਾ ਲਈ ਨਕਦੀ ਤੇ ਗਹਿਣੇ

ਲੁਧਿਆਣਾ 14 ਅਪ੍ਰੈਲ। ਲੁਧਿਆਣਾ ਵਿੱਚ ਚੋਰੀ ਦੀਆਂ ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਤਾਜ਼ਾ ਮਾਮਲੇ ਵਿੱਚ ਚੋਰਾਂ ਨੇ ਇੱਕ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਘਰ ਦੇ ਅੰਦਰ ਦੇ ਦਰਵਾਜ਼ਿਆਂ ਅਤੇ ਅਲਮਾਰੀਆਂ ਦੇ ਤਾਲੇ ਤੋੜ ਕੇ ਵੱਡੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਚੋਰ ਘਰ ਦੇ ਅੰਦਰ ਰੱਖੀ ਤਿਜੋਰੀ ਵਿੱਚੋਂ ਨਕਦੀ ਅਤੇ ਕੀਮਤੀ ਗਹਿਣੇ ਲੈ ਕੇ ਰਫੂਚੱਕਰ ਹੋ ਗਏ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਯੋਤੀ ਨਈਅਰ ਨੇ ਦੱਸਿਆ ਕਿ ਘਟਨਾ 31 ਮਾਰਚ ਦੀ ਹੈ। ਚੋਰ ਪਹਿਲਾਂ ਬੜੀ ਚਲੌਕੀ ਨਾਲ ਘਰ ਦੇ ਅੰਦਰ ਦਾਖਲ ਹੋਏ ਤੇ ਅੰਦਰਲੇ ਕਮਰਿਆਂ ਦੇ ਦਰਵਾਜ਼ਿਆਂ ਦੇ ਤਾਲੇ ਤੋੜ ਦਿੱਤੇ। ਚੋਰਾਂ ਦਾ ਮੁੱਖ ਨਿਸ਼ਾਨਾ ਘਰ ਦੀਆਂ ਅਲਮਾਰੀਆਂ ਸਨ, ਜਿਨ੍ਹਾਂ ਨੂੰ ਫਰੋਲਣ ਤੋਂ ਬਾਅਦ ਉਨ੍ਹਾਂ ਨੇ ਲਾਬੀ ਵਿੱਚ ਰੱਖੀ ਤਿਜੋਰੀ ਨੂੰ ਆਪਣਾ ਨਿਸ਼ਾਨਾ ਬਣਾਇਆ। ਸ਼ਿਕਾਇਤਕਰਤਾ ਅਨੁਸਾਰ, ਚੋਰਾਂ ਨੇ ਅਲਮਾਰੀ ਅਤੇ ਤਿਜੋਰੀ ਦੇ ਲੌਕ ਤੋੜ ਕੇ ਉਸ ਵਿੱਚ ਰੱਖੀ ਨਕਦੀ, ਸੋਨੇ ਅਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ। ਵਾਰਦਾਤ ਨੂੰ ਇੰਨੀ ਸਫਾਈ ਨਾਲ ਅੰਜਾਮ ਦਿੱਤਾ ਗਿਆ ਕਿ ਘਰ ਦੇ ਹੋਰ ਹਿੱਸਿਆਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਚੋਰ ਕੀਮਤੀ ਸਾਮਾਨ ਸਮੇਟ ਕੇ ਲੈ ਗਏ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਪਰਿਵਾਰ ਨੇ ਕਮਰਿਆਂ




ਦੇ ਤਾਲੇ ਟੁੱਟੇ ਹੋਏ ਦੇਖੇ ਅਤੇ ਸਾਰਾ ਸਾਮਾਨ ਖਿੱਲਰਿਆ ਹੋਇਆ ਪਾਇਆ। ਸੂਚਨਾ ਮਿਲਦੇ ਹੀ ਥਾਣਾ ਜਮਾਲਪੁਰ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਫਿੰਗਰਪ੍ਰਿੰਟ ਮਾਹਿਰਾਂ ਦੀ ਮਦਦ ਨਾਲ ਸਬੂਤ ਜੁਟਾਏ ਗਏ। ਪੁਲਸ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਚੋਰਾਂ ਦਾ ਸੁਰਾਗ ਲਗਾਇਆ ਜਾ ਸਕੇ।

## ਟੈਕਸੀ ਚਾਲਕ ਖ਼ੁਦਕਸ਼ੀ ਕਾਂਡ ਨੂੰ ਲੈ ਕੇ ਭੀਮ ਆਰਮੀ ਅਤੇ ਅੰਬੇਦਕਰ ਸੰਸਥਾਵਾਂ ਦਾ ਪੁਲਸ ਨੂੰ ਅਲਟੀਮੇਟਮ

ਪਾਤੜਾਂ/ਪਟਿਆਲਾ 14 ਅਪ੍ਰੈਲ। ਟੈਕਸੀ ਚਾਲਕ ਖ਼ੁਦਕਸ਼ੀ ਕਾਂਡ ਨੂੰ ਲੈ ਕੇ ਭੀਮ ਆਰਮੀ ਅਤੇ ਅੰਬੇਦਕਰ ਸੰਸਥਾਵਾਂ ਵੱਲੋਂ ਪੁਲਸ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੱਤਾ ਗਿਆ ਹੈ। ਭੀਮ ਆਰਮੀ ਪਾਤੜਾਂ ਦੇ ਪ੍ਰਧਾਨ ਡਾ. ਗੁਰਸੇਵਕ ਸਿੰਘ ਨੇ ਖ਼ੁਦ ਅਤੇ ਡਾ. ਜਤਿੰਦਰ ਸਿੰਘ ਮੱਟੂ ਅਤੇ ਸਮੂਹ ਅੰਬੇਡਕਰ ਸੰਸਥਾਵਾਂ ਦੇ ਹਵਾਲੇ ਦੇ ਕੇ ਦੱਸਿਆ ਕਿ ਹਮਝੇੜੀ ਦੇ ਸਕੂਲ 'ਚ ਇਕ ਅਹਿਮ ਮੀਟਿੰਗ ਕੀਤੀ ਗਈ ਹੈ। ਜਥੇਬੰਦੀਆਂ ਨੇ ਪੁਲਸ ਪ੍ਰਸ਼ਾਸਨ ਨੂੰ ਅੱਜ ਦੁਪਹਿਰ 12 ਵਜੇ ਤੱਕ ਦਾ ਸਮਾਂ ਦਿੰਦੇ ਮੰਗ ਕੀਤੀ ਹੈ ਕਿ ਕਥਿਤ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਸਾਬਕਾ ਵਿਧਾਇਕ ਨਿਰਮਲ ਸਿੰਘ ਦਾ ਨਾਮ ਵੀ ਪਰਚੇ 'ਚ ਸ਼ਾਮਲ ਕਰਨ ਦੇ ਨਾਲ-ਨਾਲ ਜਿਨ੍ਹਾਂ ਦਾ ਮ੍ਰਿਤਕ ਨੇ ਵੀਡਿਓ ਵਿਚ ਨਾਮ ਲਿਆ ਹੈ, ਉਨਾਂ ਸਾਰਿਆ ਨੂੰ ਵੀ ਪਰਚੇ ਵਿਚ ਸ਼ਾਮਲ ਕੀਤਾ ਜਾਵੇ। ਆਗੂਆਂ ਨੇ ਸਪੱਸ਼ਟ ਚਿਤਾਵਨੀ ਦਿੱਤੀ ਹੈ ਕਿ ਜੇਕਰ 12 ਵਜੇ ਤੱਕ ਗ੍ਰਿਫ਼ਤਾਰੀ ਨਾ ਵਿਖਾਈ ਗਈ ਤਾਂ ਪਰਿਵਾਰ ਦੀ ਸਹਿਮਤੀ ਨਾਲ ਮ੍ਰਿਤਕ ਦੀ ਦੇਹ ਨੂੰ ਪਾਤੜਾਂ ਦੇ ਭਗਤ ਸਿੰਘ ਚੌਂਕ ਵਿੱਚ ਰੱਖ ਕੇ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਚੋਰਾਂ ਨੇ ਸ਼ਮਸ਼ਾਨਘਾਟ ਤੇ ਪਾਰਕ ਨੂੰ ਵੀ ਨਾ ਬਖ਼ਸ਼ਿਆ

ਬਨੂੜ 14 ਅਪ੍ਰੈਲ। ਬਨੂੜ ਇਲਾਕੇ ਵਿਚ ਚੋਰੀ ਦੀਆਂ ਘਟਨਾਵਾਂ ਲਗਾਤਾਰ ਜਾਰੀ ਹਨ। ਬੀਤੀ ਰਾਤ ਚੋਰ ਗਿਰੋਹ ਵੱਲੋਂ ਵਾਰਡ ਨੰਬਰ ਚਾਰ ਵਿਚ ਸਥਿਤ ਸ਼ਮਸ਼ਾਨਘਾਟ ਅਤੇ ਪਾਰਕ ਵਿਚੋਂ ਲੋਹੇ ਦੇ ਗੇਟ ਚੋਰੀ ਕਰ ਲਏ ਗਏ। ਪਾਰਕ ਵਿਚ ਲੋਹੇ ਦੇ ਗੇਟ ਚੋਰੀ ਹੋਣ ਦੀ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਕਾਂਗਰਸੀ ਆਗੂ ਬਲਬੀਰ ਲਾਲਕਾ, ਕ੍ਰਿਸ਼ਨ ਚੰਦ,ਕਰਮ ਚੰਦ, ਦਰਸ਼ਨ ਲਾਲ ਅਤੇ ਮੋਹਨ ਲਾਲ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸੈਰ ਕਰ ਰਹੇ ਸਨ ਤਾਂ ਵੇਖਿਆ ਕਿ ਨਗਰ ਕੌਂਸਲ ਵੱਲੋਂ ਵਾਰਡ ਨੰਬਰ ਚਾਰ ਵਿਚ ਬਣਾਈ ਪਾਰਕ ਦਾ ਗੇਟ ਚੋਰੀ ਹੋ ਗਿਆ ਹੈ। ਇਸ ਤੋਂ ਇਲਾਵਾ ਪਾਰਕ ਦੇ ਸਾਹਮਣੇ ਹੀ ਬਣੇ ਸ਼ਮਸ਼ਾਨਘਾਟ ਵਿਚੋਂ ਵੀ ਲੋਹੇ ਦਾ ਗੇਟ ਗਾਇਬ ਸੀ। ਉਨ੍ਹਾਂ ਦੱਸਿਆ ਕਿ ਅਣਪਛਾਤੇ ਚੋਰਾਂ ਵੱਲੋਂ ਸ਼ਮਸ਼ਾਨਘਾਟ ਅਤੇ ਪਾਰਕ ਨੂੰ ਵੀ ਨਹੀਂ ਬਖ਼ਸ਼ਿਆ ਜਦਕਿ ਰੋਜ਼ਾਨਾ ਇਲਾਕੇ ਵਿਚ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਕਤ ਵਿਅਕਤੀਆਂ ਨੇ ਦੱਸਿਆ ਕਿ ਇਲਾਕੇ ਵਿਚ ਚੋਰੀ ਦੀਆਂ ਘਟਨਾਵਾਂ ਵਾਪਰਨ ਕਾਰਨ ਲੋਕਾਂ ਵਿਚ ਸਹਿਮ ਦਾ ਮਾਹੌਲ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਇਸ ਚੋਰ ਗਿਰੋਹ ਨੂੰ ਕਾਬੂ ਕਰਨ ਦੀ ਮੰਗ ਕੀਤੀ ਜਿੱਥੇ ਇਲਾਕੇ ਦੇ ਲੋਕਾਂ ਨੂੰ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ, ਉਥੇ ਹੀ ਇਲਾਕੇ ਦੇ ਲੋਕਾਂ ਵਿਚ ਚੋਰੀਂ ਦੀਆਂ ਘਟਨਾਵਾਂ ਕਾਰਨ ਪੈਦਾ ਹੋਏ ਸਹਿਮ ਨੂੰ ਦੂਰ ਕੀਤਾ ਜਾ ਸਕੇ।

# ਫਾਜ਼ਿਲਕਾ 'ਚ ਸਰਪੰਚ ਨਾਲ ਵਿਵਾਦ, ਕੋਠੇ 'ਤੇ ਚੜ੍ਹ ਕੇ ਚਲਾਏ ਇੱਟਾਂ-ਰੋੜੇ

**ਕੌਮੀ ਪਤ੍ਰਿਕਾ**

ਫਾਜ਼ਿਲਕਾ 14 ਅਪ੍ਰੈਲ। ਫਾਜ਼ਿਲਕਾ ਦੇ ਮੌਜਮ ਪਿੰਡ ਵਿਚ ਦੋ ਧਿਰਾਂ ਵਿਚਾਲੇ ਝਗੜਾ ਹੋ ਗਿਆ, ਜਿਸ ਦੌਰਾਨ ਮਹਿਲਾ ਸਮੇਤ ਦੋ ਲੋਕ ਜ਼ਖ਼ਮੀ ਹੋਏ ਹਨ। ਉਨ੍ਹਾਂ ਨੂੰ ਇਲਾਜ ਲਈ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਮੌਜੂਦਾ ਸਰਪੰਚ 'ਤੇ ਦੋਸ਼ ਲਗਾਏ ਜਾ ਰਹੇ ਹਨ, ਜਦਕਿ ਸਰਪੰਚ ਨੇ ਦੋਸ਼ਾਂ ਨੂੰ ਨਕਾਰਿਆ ਹੈ। ਹਾਲਾਂਕਿ ਮੌਕੇ 'ਤੇ ਹੋਏ ਝਗੜੇ ਦੀ ਵੀਡੀਓ ਬਣਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ, ਜਿਸ ਵਿਚ ਇੱਟਾਂ-ਪੱਥਰ ਸੁੱਟਦੇ ਲੋਕ ਨਜ਼ਰ ਆ ਰਹੇ ਹਨ। ਮਾਮਲਾ ਪੁਲਸ ਕੋਲ ਪਹੁੰਚਿਆ ਤਾਂ ਪੁਲਸ ਮਾਮਲੇ ਦੀ ਜਾਂਚ ਵਿਚ ਜੁਟੀ ਹੈ। ਦੱਸਿਆ ਜਾ ਰਿਹਾ ਹੈ ਕਿ ਕੁਝ ਦਿਨ ਪਹਿਲਾਂ ਵੀ ਸਰਪੰਚ ਨਾਲ ਉਕਤ ਲੋਕਾਂ ਦਾ ਵਿਵਾਦ ਹੋਇਆ ਸੀ, ਜਿਸ ਵਿਚ ਸਰਪੰਚ ਦੀ ਲੱਤ ਤੋੜ ਦਿੱਤੀ ਗਈ ਸੀ ਅਤੇ ਪੁਲਸ ਨੇ ਉਕਤ ਲੋਕਾਂ 'ਤੇ ਮੁਕੱਦਮਾ ਵੀ ਦਰਜ ਕੀਤਾ ਸੀ। ਜਾਣਕਾਰੀ ਦਿੰਦੇ ਹੋਏ ਪਿੰਡ ਮੌਜਮ ਨਿਵਾਸੀ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਅੱਜ ਉਹ ਪਰਿਵਾਰ ਸਮੇਤ ਵਿਆਹ ਸਮਾਗਮ ਵਿਚ ਜਾ ਰਹੇ ਸਨ ਕਿ ਰਸਤੇ ਵਿਚ ਉਕਤ ਲੋਕਾਂ ਨੇ ਉਨ੍ਹਾਂ ਨੂੰ ਘੇਰ ਲਿਆ, ਉਹ ਵਾਪਸ ਆਪਣੇ ਘਰ ਆ ਗਏ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਜਿੱਥੇ ਸਰਪੰਚ ਅਤੇ ਉਸ ਦੇ ਲੋਕਾਂ ਨੇ ਉਨ੍ਹਾਂ ਦੇ ਘਰ 'ਤੇ ਹਮਲਾ ਕਰ ਦਿੱਤਾ ਤੇ ਇੱਟ-ਪੱਥਰ ਵਰ੍ਹਾਏ ਗਏ। ਇਸ ਘਟਨਾ ਦੌਰਾਨ ਜਿੱਥੇ ਉਨ੍ਹਾਂ ਦੇ ਘਰ ਖੜ੍ਹੇ ਵਾਹਨ ਦਾ ਨੁਕਸਾਨ ਹੋਇਆ ਹੈ, ਉੱਥੇ ਹੀ ਉਸ ਦੀ ਭਾਬੀ ਅਤੇ ਭਤੀਜੀ ਜ਼ਖ਼ਮੀ ਹੋ ਗਈ ਹੈ, ਜਿਨ੍ਹਾਂ ਨੂੰ ਇਲਾਜ ਲਈ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਵਿਚ ਭਰਤੀ



ਕਰਵਾਇਆ ਗਿਆ ਹੈ ਅਤੇ ਮਾਮਲੇ ਵਿਚ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਦੂਜੇ ਪਾਸੇ ਸਰਪੰਚ ਬੱਗੂ ਸਿੰਘ ਦਾ ਕਹਿਣਾ ਹੈ ਕਿ ਕਰੀਬ 20 ਦਿਨ ਪਹਿਲਾਂ ਉਸ ਦੇ ਗੁਆਂਢ ਵਿਚ ਰਹਿਣ ਵਾਲੇ ਉਕਤ ਲੋਕਾਂ ਦਾ ਕਿਸੇ ਨਾਲ ਝਗੜਾ ਹੋਇਆ ਸੀ। ਉਹ ਮਾਮਲਾ ਸੁਲਝਾਉਣ ਗਏ ਤਾਂ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ। ਇਸ ਤੋਂ ਬਾਅਦ ਅੱਜ ਵੀ ਇਸ ਪਰਿਵਾਰ ਦੇ ਲੜਕੇ ਤੇਜ਼ਧਾਰ ਹਥਿਆਰ ਲੈ ਕੇ ਗਾਲ੍ਹਾਂ ਕੱਢਣ ਲੱਗੇ ਜਿਸ ਤੋਂ ਬਾਅਦ ਵਿਵਾਦ ਹੋ ਗਿਆ। ਹਾਲਾਂਕਿ ਸਰਪੰਚ ਨੇ ਸ਼ਮਸ਼ੇਰ ਸਿੰਘ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਨਕਾਰਿਆ ਹੈ। ਦੂਜੇ ਪਾਸੇ ਸਦਰ ਥਾਣੇ ਦੇ ਐੱਸ.ਐੱਚ.ਓ. ਹਰਦੇਵ ਸਿੰਘ ਬੇਦੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਦੋਵਾਂ ਪੱਖਾਂ ਵਿਚ ਝਗੜਾ ਹੋਇਆ ਸੀ ਅਤੇ ਸਰਪੰਚ ਬੱਗੂ ਸਿੰਘ ਦੀ ਲੱਤ ਤੋੜ ਦਿੱਤੀ ਗਈ ਸੀ। ਇਸ ਮਾਮਲੇ ਵਿਚ ਪੁਲਸ ਨੇ ਬੱਗੂ ਸਿੰਘ ਦੀ ਸ਼ਿਕਾਇਤ 'ਤੇ 7 ਲੋਕਾਂ 'ਤੇ ਮੁਕੱਦਮਾ ਦਰਜ ਕੀਤਾ ਸੀ ਅਤੇ ਹੁਣ ਫਿਰ ਝਗੜਾ ਹੋਇਆ ਹੈ। ਇਸ ਮਾਮਲੇ ਵਿਚ ਜ਼ਖ਼ਮੀਆਂ ਦੇ ਬਿਆਨ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਐੱਸ.ਐੱਚ.ਓ. ਹਰਦੇਵ ਸਿੰਘ ਬੇਦੀ ਨੇ ਕਿਹਾ ਕਿ ਗੁੰਡਾਗਰਦੀ ਕਰਨ ਵਾਲੇ ਕਿਸੇ ਵੀ ਸ਼ਖਸ ਨੂੰ ਬਖਸ਼ਿਆ ਨਹੀਂ ਜਾਵੇਗਾ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਮਿਲੇਗਾ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ-ਗੁਰਮੀਤ ਸਿੰਘ ਖੁੱਡੀਆਂ

## ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਨੂੰ ਵੀ ਮਿਲਿਆ ਮੁੱਖ ਮੰਤਰੀ ਸਿਹਤ ਯੋਜਨਾ ਦਾ ਵੱਡਾ ਲਾਭ:ਹਰਪਾਲ ਜੁਨੇਜਾ



**ਪਟਿਆਲਾ, 14 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ, ਫੂਡ ਪ੍ਰੋਸੈਸਿੰਗ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਸੂਬਾ ਨਿਵਾਸੀਆਂ ਨਾਲ ਕੀਤੇ ਸਾਰੇ ਵਾਅਦੇ ਆਪਣੀਆਂ ਗਰੰਟੀਆਂ ਪੂਰੀਆਂ ਕਰਕੇ ਨਿਭਾਅ ਦਿੱਤੇ ਹਨ।

ਖੇਤੀਬਾੜੀ ਮੰਤਰੀ ਖੁੱਡੀਆਂ ਅੱਜ ਇੱਥੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਆਮ ਲੋਕਾਂ ਲਈ ਮੁੱਖ ਮੰਤਰੀ ਸਿਹਤ ਯੋਜਨਾ ਕੇ ਕਾਰਡ ਬਣਵਾਉਣ ਲਈ ਮਹਾਰਾਣੀ ਕਲੱਬ ਵਿਖੇ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਦਾ ਉਦਘਾਟਨ ਕਰਨ ਪੁੱਜੇ ਹੋਏ ਸਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਰਹਿਨੁਮਾਈ ਹੇਠ ਪੰਜਾਬ ਦੀ ਜਨਤਾ ਨੂੰ ਮੁਫਤ ਮੈਡੀਕਲ ਸਹੂਲਤ ਦੇਣ ਲਈ ਸਿਹਤ ਯੋਜਨਾ ਦੇ ਕਾਰਡ ਬਣਾਉਣ ਸਬੰਧੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਰਾਜ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦੀ ਮੁਫਤ ਮੈਡੀਕਲ ਸਹੂਲਤ ਦਿੱਤੀ ਜਾਵੇਗੀ।

ਗੁਰਮੀਤ ਸਿੰਘ ਖੁੱਡੀਆਂ ਨੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਕੀਤੇ ਗਏ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੀ.ਆਰ.ਟੀ.ਸੀ ਦੇ ਮੁਲਾਜਮਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਦੇਣ ਲਈ ਮਿਤੀ 01 ਅਪ੍ਰੈਲ 2026 ਪਹਿਲਾਂ ਇਹ ਕੈਂਪ ਲਾਉਣ ਦੀ ਸ਼ੁਰੂਆਤ ਪੀ.ਆਰ.ਟੀ.ਸੀ ਦੇ ਮੁੱਖ ਦਫਤਰ ਨਾਭਾ ਰੋਡ ਵਿਖੇ ਕੀਤੀ ਗਈ ਸੀ।

ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਹ ਕੈਂਪ ਲਗਾਤਾਰ 12 ਅਪ੍ਰੈਲ ਤੱਕ ਲਗਾਇਆ ਜਾਵੇਗਾ ਅਤੇ ਜਿੱਥੇ ਅਦਾਰੇ ਦੇ ਬਾਕੀ ਰਹਿੰਦੇ ਸਾਰੇ ਮੁਲਾਜਮਾਂ ਦੇ ਵੀ ਕਾਰਡ ਬਣਾਏ ਜਾਣਗੇ, ਉਥੇ ਹੀ ਆਮ ਲੋਕਾਂ ਲਈ ਵੀ ਇਹ ਕਾਰਡ ਬਣਾਏ ਜਾ ਰਹੇ ਹਨ।

ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਇਸ ਸਹੂਲਤ ਦਾ ਲਾਭ ਪਟਿਆਲਾ ਵਾਸੀਆਂ ਨੂੰ ਦੇਣ ਲਈ ਇਹ ਤਿੰਨ ਰੋਜ਼ਾ ਕੈਂਪ ਮਹਾਰਾਣੀ ਤੇ ਜਿੰਮਖਾਨਾ ਕਲੱਬ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਦਾ ਅੱਜ ਉਦਘਾਟਨ ਖੇਤੀਬਾੜੀ ਮੰਤਰੀ ਨੇ ਕੀਤਾ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਆਪਣੇ ਵੱਧ ਤੋਂ ਵੱਧ ਕਾਰਡ ਬਣਵਾ ਕੇ ਇਸ ਸਹੂਲਤ ਦਾ ਲਾਭ ਲੈਣ ਦਾ ਸੱਦਾ ਦਿਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਰਾਜ ਦੇ ਲੋਕਾਂ ਨੂੰ ਲਗਾਤਾਰ ਸਹੂਲਤਾਂ ਦਾ ਲਾਭ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਸੂਬਾ ਨਿਵਾਸੀ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਪੂਰੇ ਖੁਸ਼ ਹਨ।

# ਗੁਰਨਾਮ ਸਿੰਘ ਢੈਠਲ ਸਰਬ ਸਮੰਤੀ ਨਾਲ ਬਣੇ ਬੀਕੇਯੂ ਕ੍ਰਾਂਤੀਕਾਰੀ ਦੇ ਜਿਲ੍ਹਾ ਪ੍ਰਧਾਨ



**ਸਮਾਣਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਈਸ਼ਰਸਰ ਸਾਹਿਬ ਢੈਠਲ ਵਿਖੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰ ਦੇ ਜ਼ਿਲ੍ਹਾ ਪਟਿਆਲਾ ਦਾ ਇਜਲਾਸ ਸੂਬਾ ਪ੍ਰਾਪੇਗੰਡਾ ਸੈਕਟਰੀ ਰਣਜੀਤ ਸਿੰਘ ਸਵਾਜਪੁਰ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿਚ ਸਰਬ ਸਮੰਤੀ ਨਾਲ ਗੁਰਨਾਮ ਸਿੰਘ ਢੈਂਠਲ ਨੂੰ ਜਿਲ੍ਹਾ ਪਟਿਆਲਾ ਦਾ ਪ੍ਰਧਾਨ ਚੁਣਿਆ ਗਿਆ ਜਦੋਂਕਿ ਸੁਖਜਿੰਦਰ ਸਿੰਘ ਕੁਲਾਰਾਂ ਨੂੰ ਜੱਥੇਬੰਦੀ ਦਾ ਜਿਲ੍ਹਾ ਪ੍ਰੈਸ ਸਕੱਤਰ ਨਿਯੁੱਕਤ ਕੀਤਾ ਗਿਆ।ਇਸੇ ਤਰ੍ਹਾਂ ਬਲਜਿੰਦਰ ਸਿੰਘ ਢੀਡਸਾ ਸੀਨੀਅਰ ਮੀਤ ਪ੍ਰਧਾਨ, ਅੰਗਰੇਜ ਸਿੰਘ ਰਤਨਹੇੜੀ ਮੀਤ ਪ੍ਰਧਾਨ, ਬਲਜੀਤ ਸਿੰਘ ਬਹਿਬਲਪੁਰ ਜਨਰਲ ਸਕੱਤਰ, ਪ੍ਰੀਤ ਮਹਿੰਦਰ ਸਿੰਘ ਪਟਿਆਲਾ ਖਜਾਨਚੀ, ਰਾਮਫਲ ਸਹਾਇਕ ਸਕੱਤਰ, ਪਰਵਿੰਦਰ ਸਿੰਘ ਸਮਾਣਾ ਪ੍ਰੈਸ ਸਕੱਤਰ, ਜਸਵਿੰਦਰ ਢਿੱਲੋ ਸ਼ੇਰਮਾਜਰਾ ਪਰਾਪੇਗੰਡਾ ਸੈਕਟਰੀ, ਰਣਜੀਤ ਸਿੰਘ ਵਜੀਦਪੁਰ ਜਥੇਬੰਦਕ ਸਕੱਤਰ, ਸੁਖਵਿੰਦਰ ਸਿੰਘ ਮੰਡੌਰ ਮੀਤ ਪ੍ਰਧਾਨ, ਕੇਹਰ ਸਿੰਘ ਅਰਨੋ ਜੋਇੰਟ ਸਕੱਤਰ, ਅਜੈਬ ਸਿੰਘ ਲੌਟ ਸੀਨੀਅਰ ਮੀਤ ਪ੍ਰਧਾਨ ਅਤੇ ਅੱਤਰ ਸਿੰਘ ਗਲੌਲੀ ਐਗਜੈਕਟਿਵ ਕਮੇਟੀ ਮੈਂਬਰ ਚੁਣੇ ਗਏ।

ਜਰਨੈਲ ਸਿੰਘ ਕਾਲੇਕੇ ਸੂਬਾ ਪ੍ਰੈਸ ਸਕੱਤਰ ਨੇ ਇਜਲਾਸ ਨੂੰ ਸੰਬੋਧਨ ਕਰਦਿਆਂ ਹੋਇਆ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨੀ ਮੰਗਾਂ ਜਿਵੇਂ ਕਿ ਸੀਡ ਬਿਲ, ਬਿਜਲੀ ਬਿੱਲ ਅਤੇ ਅਮਰੀਕਾ ਭਾਰਤ ਵਪਾਰ ਸਮਝੌਤਾ ਰੱਦ ਕਰਾਉਣ, ਸ਼ੰਭੂ ਖਨੌਰੀ ਬਾਡਰਾਂ ਤੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਕਰਵਾਉਣ ਲਈ ਘੋਲ ਤੇਜ ਕੀਤੇ ਜਾਣਗੇ।

ਨਵੇਂ ਚੁਣੇ ਜਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਢੈਠਲ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਵਾਦਾ ਕੀਤਾ ਕਿ ਉਹ ਚੇਅਰਮੈਨ ਸੁਰਜੀਤ ਸਿੰਘ ਫੂਲ ਅਤੇ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ ਦੀ ਯੋਗ ਅਗਵਾਈ ਵਿੱਚ ਜਥੇਬੰਦੀ ਨੂੰ ਮਜਬੂਤ ਕਰਨ ਅਤੇ ਕਿਸਾਨੀ ਮੰਗਾਂ ਤੇ ਘੋਲ ਲੜਨ ਲਈ ਤਨੋ ਮਨੋ ਮਿਹਨਤ ਕਰਨਗੇ। ਇਸ ਮੌਕੇ ਸਮਾਣਾ, ਪਾਤੜਾਂ, ਪਟਿਆਲਾ, ਸਨੌਰ, ਭਾਦਸੋ ਬਲਾਕ ਦੇ ਸਮੂਹ ਕਿਸਾਨ ਆਗੂ ਹਾਜ਼ਰ ਸਨ।

# ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਯੂਪੀਐਸਸੀ ਟੌਪਰ ਅਨੰਨਿਆ ਸ਼ਰਮਾ ਦਾ ਡਾਇਮੰਡ ਜੁਬਲੀ ਰੀਯੂਨੀਅਨ ਬੈਂਚ ਵੱਲੋਂ ਸਨਮਾਨ



**ਨਾਭਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪਬਲਿਕ ਸਕੂਲ, ਨਾਭਾ ਦੇ 1963 ਅਤੇ 1964 ਬੈਚਾਂ ਦੇ ਡਾਇਮੰਡ ਜੁਬਲੀ ਰੀਯੂਨੀਅਨ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਉਨ੍ਹਾਂ ਬੈਚਾਂ ਦੇ ਪੁਰਾਣੇ ਵਿਦਿਆਰਥੀ ਇੱਕਠੇ ਹੋਏ ਅਤੇ ਆਪਣੇ ਸਕੂਲ ਸਮੇਂ ਦੀਆਂ ਪੁਰਾਣਈਆਂ ਯਾਦਾਂ ਤਾਜੀਆਂ ਕੀਤੀਆ। ਆਉਣ ਵਾਲੇ ਸਮੂਹ ਵਿੱਚ ਉੱਘੇ ਵਿਦਿਆਰਥੀ ਸ਼ਾਮਲ ਸਨ ਜਿਵੇਂ ਕਿ ਵਾਈਸ ਐਡਮਿਰਲ ਜੇ.ਐਸ. ਬੇਦੀ, ਪੀਵੀਐਸਐਮ, ਯੂਵਾਈਐਸਐਮ, ਏਵੀਐਸਐਮ, ਵੀਐਸਐਮ, ਏਡੀਸੀ (ਸੇਵਾਮੁਕਤ), ਕਰਨਲ ਐਨ.ਐਨ. ਡੋਗਰਾ (ਸੇਵਾਮੁਕਤ), ਲੈਫਟੀਨੈਂਟ ਜਨਰਲ ਓ.ਪੀ. ਨੰਦਰਾਜੋਗ, ਪੀਵੀਐਸਐਮ, ਏਵੀਐਸਐਮ, ਵੀਐਸਐਮ, ਏਡੀਸੀ (ਸੇਵਾਮੁਕਤ), ਸ਼੍ਰੀ ਬੀ.ਐਸ. ਨਈਅਰ, ਮੇਜਰ ਜਨਰਲ ਸੁਰੇਸ਼ਵਰ ਤਿਵਾੜੀ (ਸੇਵਾਮੁਕਤ), ਵਿੰਗ ਕਮਾਂਡਰ ਕੇ.ਐਨ. ਬਾਂਸਲ (ਸੇਵਾਮੁਕਤ), ਸ਼੍ਰੀ ਗੁਰਿੰਦਰ ਸਿੰਘ ਧਨੋਆ, ਆਈਪੀਐਸ (ਸੇਵਾਮੁਕਤ), ਵਿੰਗ ਕਮਾਂਡਰ ਰਵਿੰਦਰ ਖੰਨਾ (ਸੇਵਾਮੁਕਤ), ਸ਼੍ਰੀ ਅਨਿਲ ਲੂਥਰਾ, ਬ੍ਰਿਗੇਡੀਅਰ ਜੇ.ਐਸ. ਸੰਧੂ (ਸੇਵਾਮੁਕਤ), ਲੈਫਟੀਨੈਂਟ ਜਨਰਲ ਟੀ.ਕੇ. ਸਪਰੂ, ਪੀਵੀਐਸਐਮ, ਵਾਈਐਸਐਮ (ਸੇਵਾਮੁਕਤ) ਅਤੇ ਸ਼੍ਰੀ ਹਰਪ੍ਰੀਤ ਸਿੱਧੂ ਆਦਿ ਸ਼ਾਮਲ ਹੋਏ। ਇਸ ਮੌਕੇ ਤੇ ਪੀਪੀਐਸ ਦੀ ਸਾਬਕਾ ਵਿਦਿਆਰਥਣ ਅਨੰਨਿਆ ਸ਼ਰਮਾ, ਜਿਨ੍ਹਾਂ ਨੇ ਹਾਲ ਹੀ ਵਿੱਚ ਯੂਪੀਐਸਸੀ ਸਿਵਲ ਸੇਵਾਵਾਂ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 13ਵਾਂ ਰੈਂਕ ਪ੍ਰਾਪਤ ਕਰਨ ਵੱਜੋਂ ਸਨਮਾਨਿਤ ਕੀਤਾ। ਉਨ੍ਹਾਂ ਦੀ ਇਸ ਪ੍ਰਾਪਤੀ ਨੇ ਪੂਰੇ ਪੀਪੀਐਸ ਭਾਈਚਾਰੇ ਦਾ ਮਾਣ ਵਧਾਇਆ ਹੈ। ਪੀਪੀਐਸ ਨਾਭਾ ਦੇ ਨਾਲ ਅਨੰਨਿਆ ਸ਼ਰਮਾ ਨੇ ਆਪਣੀ ਬਾਕੀ ਸਕੂਲੀ ਪੜ੍ਹਾਈ ਇੰਦੌਰ ਦੇ ਡੇਲੀ ਕਾਲਜ ਤੋਂ ਕੀਤੀ ਅਤੇ ਆਪਣੀ ਗ੍ਰੈਜੂਏਸ਼ਨ ਹਿੰਦੂ ਕਾਲਜ, ਦਿੱਲੀ ਯੂਨੀਵਰਸਿਟੀ ਤੋਂ ਕੀਤੀ। ਉਹ ਡਾ. ਡੀ.ਸੀ. ਸ਼ਰਮਾ ਦੀ ਸਪੁਤਰੀ ਹਨ,, ਜੋ ਕਿ ਪੰਜਾਬ ਪਬਲਿਕ ਸਕੂਲ, ਨਾਭਾ ਦੇ ਮੌਜੂਦਾ ਹੈੱਡਮਾਸਟਰ ਹਨ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਹੈਡਮਾਸਟਰ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਾਨਦਾਰ ਸਾਬਕਾ ਵਿਦਿਆਰਥੀਆਂ ਅਤੇ ਅਨੰਨਿਆ ਸ਼ਰਮਾ ਦੀ ਮਿਸਾਲੀ ਪ੍ਰਾਪਤੀ ਤੋਂ ਪ੍ਰੇਰਨਾ ਲੈਣ ਕੇ ਦੇਸ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ।

## ਪੰਜਾਬ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੀਤਾ ਐਮਸ ਬਠਿੰਡਾ ਦਾ ਦੌਰਾ



**ਬਠਿੰਡਾ,14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਐਮਜ਼ ਬਠਿੰਡਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਦਾ ਸਵਾਗਤ ਕਾਰਜਕਾਰੀ ਨਿਰਦੇਸ਼ਕ ਪ੍ਰੋ.(ਡਾ.) ਰਤਨ ਗੁਪਤਾ ਦੁਆਰਾ ਕੀਤਾ ਗਿਆ।

ਦੌਰਾਨ ਦੌਰਾਨ ਮਾਨਯੋਗ ਰਾਜਪਾਲ ਨੇ ਸੰਸਥਾਨ ਦੀ ਐਮਰਜੈਂਸੀ ਸੇਵਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਹਾਰਟ ਕਮਾਂਡ ਸੈਂਟਰ, ਇਮਰਜੈਂਸੀ ਵਾਰਡ, ਟ੍ਰਾਇਜ਼ ਸਹੂਲਤ, ਸਰਜੀਕਲ ਟ੍ਰਾਮਾ ਵਾਰਡ ਅਤੇ ਸਰਜੀਕਲ ਇੰਟੇਨਸਿਵ ਕੇਅਰ ਯੂਨਿਟ (SICU) ਸਮੇਤ ਪ੍ਰਮੁੱਖ ਸਹੂਲਤਾਂ ਦਾ ਨਿਰੀਕਸ਼ਣ ਕੀਤਾ। ਉਨ੍ਹਾਂ ਸੰਸਥਾ ਦੇ ਆਧੁਨਿਕ ਢਾਂਚੇ ਅਤੇ ਮਰੀਜ਼ਾਂ ਨੂੰ ਸਮੇਂ ਸਿਰ ਅਤੇ ਗੁਣਵੱਤਾ ਵਾਲਾ ਇਲਾਜ ਦੇਣ ਦੇ ਨਿਰਦੇਸ਼ ਦਿੱਤੇ।

ਫੈਕਲਟੀ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਮਰੀਜ਼ਾਂ ਦੀ ਦੇਖਭਾਲ, ਮੈਡੀਕਲ ਸਿੱਖਿਆ ਅਤੇ ਖੋਜ ਪ੍ਰਤੀ ਉਨ੍ਹਾਂ ਦੀ ਸਮਰਪਤ ਭਾਵਨਾ ਦੀ ਸ਼ਲਾਘਾ ਕੀਤੀ।

ਉਨ੍ਹਾਂ ਸੰਸਥਾ ਦੀਆਂ ਪ੍ਰਮੁੱਖ ਪਹਿਲਾਂ, ਜਿਵੇਂ ਆਉਟਰੀਚ ਸੇਵਾਵਾਂ, ਪ੍ਰਤੀਯਾਰੋਪਣ ਕਾਰਜਕ੍ਰਮ, ਬਾਲ ਅਤੇ ਨਵਜਾਤ ਦੇਖਭਾਲ, ਕੈਂਸਰ ਦੇਖਭਾਲ ਸੇਵਾਵਾਂ ਅਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸ਼ੈਲਟਰ ਹੋਮ ਸਥਾਪਤ ਕਰਨ ਦੇ ਯਤਨ ਨੂੰ ਵੀ ਸ਼ਲਾਘਾ ਕੀਤੀ।

ਮਾਨਯੋਗ ਰਾਜਪਾਲ ਨੇ ਐਮਜ਼ ਬਠਿੰਡਾ ਪ੍ਰਸ਼ਾਸਨ ਨੂੰ ਵਾਧੂ ਜ਼ਮੀਨ ਅਲਾਟ ਕਰਨ ਲਈ ਮੰਤਰਾਲੇ ਨੂੰ ਪ੍ਰਸਤਾਵ ਭੇਜਣ ਲਈ ਉਤਸ਼ਾਹਿਤ ਕੀਤਾ ਅਤੇ ਇਸ ਪ੍ਰਕਿਰਿਆ ਨੂੰ ਸੌਖਾ ਬਣਾਉਣ ਸਬੰਧੀ ਪੂਰਨ ਸਹਿਯੋਗ ਲਈ ਕਿਹਾ। ਰਾਜਪਾਲ ਨੇ ਮਰੀਜ਼ਾਂ ਨੂੰ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੰਸਥਾਨ ਦੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ।

# ਪੀ.ਐਲ.ਡਬਲਯੂ ਵੱਲੋਂ 35ਵੀਂ ਆਲ ਇੰਡੀਆ ਰੇਲਵੇ ਮਹਿਲਾ ਕ੍ਰਿਕਟ ਚੈਂਪੀਅਨਸ਼ਿਪ 2025-26 ਦਾ ਆਗਾਜ਼



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕੋਮੋਟਿਵ ਵਰਕਸ (ਪੀਐਲਡਬਲਯੂ) ਵਿੱਚ 35ਵੀਂ ਆਲ ਇੰਡੀਆ ਰੇਲਵੇ ਮਹਿਲਾ ਕ੍ਰਿਕਟ ਚੈਂਪੀਅਨਸ਼ਿਪ 2025-26 ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਸ ਚੈਂਪੀਅਨਸ਼ਿਪ ਵਿੱਚ ਭਾਰਤੀ ਰੇਲਵੇ ਦੀਆਂ ਵੱਖ-ਵੱਖ ਇਕਾਈਆਂ ਦੀਆਂ 09 ਟੀਮਾਂ ਭਾਗ ਲੈ ਰਹੀਆਂ ਹਨ। ਟੂਰਨਾਮੈਂਟ ਦੌਰਾਨ ਕੁੱਲ 20 ਮੈਚ ਖੇਡੇ ਜਾਣਗੇ, ਜੋ ਭਾਰਤੀ ਰੇਲਵੇ ਦੀਆਂ ਮਹਿਲਾ ਖਿਡਾਰੀਆਂ ਦੀ ਪ੍ਰਤਿਭਾ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਗੇ। ਇਸ ਚੈਂਪੀਅਨਸ਼ਿਪ ਦਾ ਰਸਮੀ ਉਦਘਾਟਨ ਸ਼੍ਰੀ ਸੁਸ਼ੀਲ ਕੁਮਾਰ ਸ਼੍ਰੀਵਾਸਤਵ, ਪ੍ਰਿੰਸਿਪਲ ਚੀਫ ਐਡਮਿਨਿਸਟ੍ਰੇਟਿਵ ਅਫਸਰ (ਪੀਸੀਏਓ)/ਪੀਐਲਡਬਲਯੂ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਸਾਰੀਆਂ ਭਾਗ ਲੈਣ ਵਾਲੀਆਂ ਟੀਮਾਂ ਨੂੰ ਉਤਸ਼ਾਹਪੂਰਵਕ ਅਤੇ ਸਫਲ ਪ੍ਰਦਰਸ਼ਨ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਉਦਘਾਟਨੀ ਮੈਚ ਵਿੱਚ ਵੈਸਟਰਨ ਰੇਲਵੇ ਨੇ ਨਾਰਦਰਨ ਰੇਲਵੇ ਨੂੰ 08 ਵਿਕਟਾਂ ਨਾਲ ਹਰਾਇਆ।

ਇਸ ਮੈਚ ਵਿੱਚ ਮਿਸ ਨੁਜ਼ਹਤ ਪਰਵੀਨ ਨੇ 41 ਰਨ ਬਣਾਕੇ ਆਪਣੀ ਟੀਮ ਦੀ ਜਿੱਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਦੂਜੇ ਮੈਚ ਵਿੱਚ SCR ਨੇ NFR ਨੂੰ 07 ਵਿਕਟਾਂ ਨਾਲ ਹਰਾਇਆ। ਇਸ ਮੈਚ ਵਿੱਚ ਮਿਸ ਆਸ਼ਾ ਸ਼ੋਭਨਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 79 ਰਨ ਬਣਾਏ ਅਤੇ ਆਪਣੀ ਟੀਮ ਨੂੰ ਜਿੱਤ ਦਿਵਾਈ।

## ਫੀਲਖਾਨਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਪੇਂਟਿੰਗ ਪ੍ਰਤੀਯੋਗਤਾ



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਨੇਕ ਉਪਰਾਲੇ ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ ਤਹਿਤ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ, ਸਟੇਟ ਅਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਜੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਚਿੱਤਰ ਦੀ ਪੇਂਟਿੰਗ ਪ੍ਰਤਿਯੋਗਿਤਾ ਕਰਵਾਈ ਗਈ, ਜਿਸ ਵਿੱਚ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੇ ਭਾਗ ਲਿਆ, ਇਸ ਮੌਕੇ ਪ੍ਰੋਗਰਾਮ ਦੇ ਨੋਡਲ ਆਫਿਸਰ ਸ੍ਰੀ ਮਨੋਜ ਥਾਪਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਪ੍ਰੈਲ 2026 ਤੋਂ ਲੈ ਕੇ 2027 ਤੱਕ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਪੂਰੇ ਪੰਜਾਬ ਵਿੱਚ ਮਨਾਉਣ ਸਬੰਧੀ ਮਹੀਨਾਵਾਰ ਵੱਖ-ਵੱਖ ਪ੍ਰੋਗਰਾਮ ਉਲੀਕੇ ਹਨ, ਜਿਸ ਵਿੱਚ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਆਦਿ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਸਿੱਖਿਆਵਾਂ ਦੀ ਸੁੰਹ ਚੁੱਕਣਾ, ਪੇਂਟਿੰਗ ਪ੍ਰਤਿਯੋਗਤਾ ਅਤੇ ਯਾਤਰਾਵਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅਪ੍ਰੈਲ ਮਹੀਨੇ ਦੇ ਵਿੱਚ ਫੀਲਖਾਨਾ ਸਕੂਲ ਵਿਖੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਵਾਈ ਗਈ ਸੀ। ਅਪ੍ਰੈਲ ਮਹੀਨੇ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਸੁੰਹ ਚੁੱਕੀ ਸੀ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸ੍ਰੀ ਰਜਨੀਸ਼ ਗੁਪਤਾ ਜੀ ਨੇ ਦੱਸਿਆ ਕਿ ਫੀਲਖਾਨਾ ਸਕੂਲ ਵੱਲੋਂ ਸਰਕਾਰ ਦੇ ਨਿਰਦੇਸ਼ਾਂ ਤਹਿਤ ਜੋ ਵੀ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਲੜੀ ਤਹਿਤ ਸਕੂਲ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਇਹ ਕਮੇਟੀ ਸਰਕਾਰ ਵੱਲੋਂ ਜਾਰੀ ਕੈਲੰਡਰ ਤਹਿਤ ਪ੍ਰੋਗਰਾਮ ਕਰਵਾਉਣ ਦਾ ਪ੍ਰਬੰਧ ਕਰੇਗੀ। ਇਹਨਾਂ ਪ੍ਰੋਗਰਾਮਾਂ ਦੀ ਵਿਸ਼ੇਸ਼ ਪ੍ਰੈਸ ਕਵਰੇਜ ਸਕੂਲ ਦੇ ਮੀਡੀਆ ਕੋਆਰਡੀਨੇਟਰ ਸ੍ਰੀ ਅਕਸ਼ੇ ਕਨੌਰੀ ਜੀ ਕਰ ਰਹੇ ਹਨ ,ਇਸ ਮੌਕੇ ਕਮੇਟੀ ਦੇ ਸਹਾਇਕ ਨੋਡਲ ਅਫਸਰ ਲੈਕਚਰਾਰ ਸ੍ਰੀ ਹਰਪ੍ਰੀਤ, ਮੈਂਬਰ ਮੈਡਮ ਮਨਦੀਪ ਕੌਰ ,ਮੈਡਮ ਕਰਮਜੀਤ ਕੌਰ, ਮੈਡਮ ਨੀਤੂ, ਸ੍ਰੀ ਜਸਦੀਪ ਸਿੰਘ ਅਤੇ ਮੈਡਮ ਰਾਜੀਵ ਕੁਮਾਰੀ ਆਦਿ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਵਿਸ਼ੇਸ਼ ਭੂਮਿਕਾ ਅਦਾ ਕੀਤੀ।

## ਆਯੁਸ਼ਮਾਨ ਆਰੋਗਯ ਮੰਦਿਰਾਂ ਅਤੇ ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰਾਂ ਦੇ ਕਾਰਜਾਂ ਦੀ ਸਮੀਖਿਆ ਮੀਟਿੰਗ ਆਯੋਜਿਤ

**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਯੂ.ਟੀ. ਸਕੱਤਰੇਤ ਵਿਖੇ ਸ਼੍ਰੀ ਮਨਦੀਪ ਸਿੰਘ ਬਰਾੜ, ਸਕੱਤਰ ਸਿਹਤ, ਯੂਟੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਧਾਨਗੀ ਵਿੱਚ ਆਯੁਸ਼ਮਾਨ ਆਰੋਗਯ ਮੰਦਿਰਾਂ (ਏਏਐੱਮਜ਼) ਅਤੇ ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰਾਂ ਯੂਏਏਐੱਮਜ਼ ਦੇ ਕਾਰਜਾਂ ਦੀ ਸਮੀਖਿਆ ਹਿਤ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸੰਯੁਕਤ ਸਕੱਤਰ ਸਿਹਤ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ-ਅਤੇ-ਮਿਸ਼ਨ ਡਾਇਰੈਕਟਰ (ਐੱਨਐੱਚਐੱਮ/NHM), ਨੋਡਲ ਅਫ਼ਸਰ (ਐੱਨਐੱਚਐੱਮ/©8$) ਅਤੇ ਸਾਰੇ ਆਯੁਸ਼ਮਾਨ ਆਰੋਗਯ ਮੰਦਿਰਾਂ (ਏਏਐੱਮਜ਼/AAMs) ਅਤੇ ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰਾਂ (ਯੂਏਏਐੱਮਜ਼/UAAMs) ਦੇ ਸਾਰੇ ਮੈਡੀਕਲ ਅਫ਼ਸਰ ਇੰਚਾਰਜ ਉਪਸਥਿਤ ਰਹੇ। ਮੀਟਿੰਗ ਵਿੱਚ ਇਹ ਰੇਖਾਂਕਿਤ ਕੀਤਾ ਗਿਆ ਕਿ ਆਯੁਸ਼ਮਾਨ ਆਰੋਗਯ ਮੰਦਿਰ (ਏਏਐੱਮਜ਼/AAMs) ਅਤੇ ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰ (ਯੂਏਏਐੱਮਜ਼/UAAMs) ਪ੍ਰਾਇਮਰੀ ਸਿਹਤ ਸੰਭਾਲ਼ ਕੇਂਦਰਾਂ ਦੇ ਰੂਪ ਵਿੱਚ ਕਾਰਜ ਕਰਦੇ ਹਨ ਅਤੇ ਲਾਭਾਰਥੀਆਂ ਲਈ ਪਹਿਲੇ ਸੰਪਰਕ ਬਿੰਦੂ ਹੁੰਦੇ ਹਨ। ਇਸ ਲਈ, ਇਨ੍ਹਾਂ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਅਤਿਅੰਤ ਜ਼ਰੂਰੀ ਹੈ, ਜਿਸ ਨਾਲ ਸੈਕੰਡਰੀ ਅਤੇ ਤੀਜੇ ਦਰਜੇ ਦੀਆਂ ਸਿਹਤ ਸੰਭਾਲ਼ ਸੰਸਥਾਵਾਂ 'ਤੇ ਭਾਰ ਘੱਟ ਕੀਤਾ ਜਾ ਸਕੇ।

ਮੀਟਿੰਗ ਦੇ ਦੌਰਾਨ ਚੇਅਰਪਰਸਨ ਨੇ ਵਿਭਿੰਨ ਸਿਹਤ ਸੰਸਥਾਵਾਂ ਦੇ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਮੈਡੀਕਲ ਅਫ਼ਸਰ ਇੰਚਾਰਜਾਂ ਤੋਂ ਉਨ੍ਹਾਂ ਦੇ ਆਪਣੇ-ਆਪਣੇ ਕੇਂਦਰਾਂ ਵਿੱਚ ਸ਼ਨਾਖ਼ਤ ਕੀਤੀਆਂ ਗਈਆਂ ਕਮੀਆਂ, ਕਾਰਜਭਾਰ ਅਤੇ ਲਾਗੂ ਕੀਤੀਆਂ ਜਾ ਰਹੀਆਂ ਇਨੋਵੇਸ਼ਨਾਂ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕੀਤੀ। ਅਧਿਕਾਰੀਆਂ ਨੇ ਆਪਣੇ ਸਿਹਤ ਕੇਂਦਰਾਂ ਦੇ ਕਾਰਜ ਖੇਤਰ, ਮਰੀਜ਼ਾਂ ਦੇ ਭਾਰ, ਚੁਣੌਤੀਆਂ ਅਤੇ ਸੇਵਾ ਸੁਧਾਰ ਹਿਤ ਅਪਣਾਈਆਂ ਜਾ ਰਹੀਆਂ ਬਿਹਤਰੀਨ ਪ੍ਰਕਿਰਿਆਵਾਂ ਦੀ ਜਾਣਕਾਰੀ ਦਿੱਤੀ।

## ਪ੍ਰਨੀਤ ਕੌਰ ਦੇ ਯਤਨਾਂ ਸਦਕਾ ਹਾਂਸੀ-ਬੁਟਾਣਾ ਨਹਿਰ ਦੀ ਸਫ਼ਾਈ ਸ਼ੁਰੂ

# ਅਸੀ ਆਪਣੇ ਇਲਾਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਹਮੇਸ਼ਾ ਤਤਪਰ ਹਾਂ: ਪ੍ਰਨੀਤ ਕੌਰ

**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਾਣਾ ਦੇ ਕਿਸਾਨਾਂ ਅਤੇ ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਅੱਜ ਪੂਰੀ ਹੋ ਗਈ ਹੈ। ਹਾਂਸੀ-ਬੁਟਾਣਾ ਨਹਿਰ ਵਿੱਚ ਘੱਗਰ ਦਰਿਆ ਦੇ ਪਾਣੀ ਕਾਰਨ ਲੱਗਣ ਵਾਲੀ ਡਾਫ ਅਤੇ ਨਹਿਰ ਦੀ ਸਫ਼ਾਈ ਨਾ ਹੋਣ ਕਾਰਨ ਪੈਦਾ ਹੋਣ ਵਾਲੀ ਹੜ੍ਹ ਦੀ ਸਥਿਤੀ ਨੂੰ ਗੰਭੀਰਤਾ ਨਾਲ ਲੈਂਦਿਆਂ, ਹਰਿਆਣਾ ਸਰਕਾਰ ਵੱਲੋਂ ਨਹਿਰ ਦੀ ਸਫ਼ਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਦੱਸਿਆ ਕਿ ਹਾਂਸੀ-ਬੁਟਾਣਾ ਨਹਿਰ ਦੀ ਸਫ਼ਾਈ ਨਾ ਹੋਣ ਕਾਰਨ ਹਰ ਸਾਲ ਮਾਨਸੂਨ ਦੌਰਾਨ ਦਰਜਨਾਂ ਪਿੰਡਾਂ ਦੀ ਸੈਂਕੜੇ ਏਕੜ ਫ਼ਸਲ ਪਾਣੀ ਦੀ ਮਾਰ ਹੇਠ ਆ ਕੇ ਬਰਬਾਦ ਹੋ ਜਾਂਦੀ ਸੀ।

ਉਨ੍ਹਾਂ ਕਿਹਾ, ਪਿੰਡ ਵਾਸੀਆਂ ਨੇ ਇਸ ਸਬੰਧੀ ਲੰਬਾ ਸੰਘਰਸ਼ ਲੜਿਆ ਅਤੇ ਅਸੀਂ ਲਗਾਤਾਰ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲਿਆਂ ਅਤੇ ਹਰਿਆਣਾ ਸਰਕਾਰ ਤੱਕ ਪਹੁੰਚ ਕੀਤੀ ਸੀ।

ਪ੍ਰਨੀਤ ਕੌਰ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਸੰਘਰਸ਼ ਕਮੇਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਚੰਡੀਗੜ੍ਹ ਵਿਖੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਦੌਰਾਨ ਕਿਸਾਨਾਂ ਨੂੰ ਹੋਣ ਵਾਲੇ ਮਾਲੀ ਨੁਕਸਾਨ ਅਤੇ ਇਲਾਕੇ ਦੀ ਭੂਗੋਲਿਕ ਸਥਿਤੀ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਗਿਆ ਸੀ। ਇਨ੍ਹਾਂ ਅਣਥੱਕ ਯਤਨਾਂ ਦੇ ਸਿੱਟੇ ਵਜੋਂ ਹੁਣ ਸਫ਼ਾਈ ਪ੍ਰਕਿਰਿਆ ਆਰੰਭ ਹੋਈ ਹੈ।

ਹਰਿਆਣਾ ਦੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ, ਮੈਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਜੀ ਦੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਡੀ ਬੇਨਤੀ ਨੂੰ ਸਵੀਕਾਰ ਕਰਦਿਆਂ ਕਿਸਾਨਾਂ ਦੇ ਹਿੱਤ ਵਿੱਚ ਇਹ ਸ਼ਲਾਘਾਯੋਗ ਫੈਸਲਾ ਲਿਆ ਹੈ। ਇਸ ਕਾਰਜ ਨਾਲ ਨਾ ਸਿਰਫ਼ ਪਾਣੀ ਦਾ ਵਹਾਅ ਠੀਕ ਹੋਵੇਗਾ, ਸਗੋਂ ਆਸ-ਪਾਸ ਦੇ ਪਿੰਡਾਂ ਦੇ ਕਿਸਾਨਾਂ ਦੀ ਆਰਥਿਕਤਾ ਵੀ ਸੁਰੱਖਿਅਤ ਹੋਵੇਗੀ।

ਅੰਤ ਵਿੱਚ ਪ੍ਰਨੀਤ ਕੌਰ ਨੇ ਸਮੂਹ ਪਿੰਡ ਵਾਸੀਆਂ ਨੂੰ ਇਸ ਜਿੱਤ ਲਈ ਵਧਾਈ ਦਿੰਦਿਆਂ ਮੁੜ ਦੁਹਰਾਇਆ ਕਿ ਉਹ ਆਪਣੇ ਇਲਾਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਹਮੇਸ਼ਾ ਤਤਪਰ ਰਹਿਣਗੇ।

# ਨਵੀਂ ਉਦਯੋਗਿਕ ਨੀਤੀ 2026 ਨਾਲ ਉਦਯੋਗਾਂ ਨੂੰ ਵੱਡੀ ਰਾਹਤ ਮਿਲੇਗੀ : ਸੰਜੀਵ ਅਰੋੜਾ

## ➢ ਐਮਐਸਐਮਈ ਸੈਕਟਰ ਨੂੰ ਮਜ਼ਬੂਤ ਬਣਾਉਣ 'ਤੇ ਸਰਕਾਰ ਦਾ ਖਾਸ ਧਿਆਨ

## ➢ 1300 ਕਰੋੜ ਦੀ ਲਾਗਤ ਨਾਲ 2120 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ

**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਸਥਾਨਕ ਸਰਕਾਰਾਂ ਅਤੇ ਬਿਜਲੀ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਪਟਿਆਲਾ ਵਿੱਚ ਹੋਈ ਐਮਐਸਐਮਈ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਦੌਰਾਨ ਉਦਯੋਗਪਤੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਮਸਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਇਸ ਮੌਕੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੀ ਮੌਜੂਦ ਸਨ।

ਸਥਾਨਕ ਸਰਕਾਰਾਂ ਵਿਭਾਗ ਨੂੰ ਹਦਾਇਤਾਂ ਜਾਰੀ ਕਰਦਿਆਂ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਸ਼ਹਿਰਾਂ ਵਿੱਚ ਸਫਾਈ ਅਤੇ ਸੀਵਰੇਜ ਪ੍ਰਣਾਲੀ ਦੇ ਸੁਧਾਰ 'ਤੇ ਖਾਸ ਧਿਆਨ ਦਿੱਤਾ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਇਸ ਸੰਦਰਭ ਵਿੱਚ ਉਨ੍ਹਾਂ ਐਲਾਨ ਕੀਤਾ ਕਿ ਮਈ ਮਹੀਨੇ ਦੇ ਅਖੀਰ ਤੱਕ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ?1300 ਕਰੋੜ ਦੀ ਲਾਗਤ ਨਾਲ 2120 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਪੇਂਡੂ ਖੇਤਰਾਂ ਲਈ ਵੱਖਰੀ ਯੋਜਨਾ ਤਿਆਰ ਕੀਤੀ ਗਈ ਹੈ।

ਸੰਜੀਵ ਅਰੋੜਾ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਸਰਕਾਰ ਇੱਕ ਮਹੀਨੇ ਦੇ ਅੰਦਰ ਨਵੀਂ ਇੰਡਸਟ੍ਰੀਅਲ ਪਾਰਕ ਨੀਤੀ ਲਾਗੂ ਕਰਨ ਜਾ ਰਹੀ ਹੈ, ਜਿਸ ਤਹਿਤ ਘੱਟੋ-ਘੱਟ 25 ਏਕੜ ਵਿੱਚ ਫੈਲੇ ਵੱਡੇ ਉਦਯੋਗਿਕ ਪਾਰਕ ਸੂਬੇ ਵਿੱਚ ਵਿਕਸਿਤ ਕੀਤੇ ਜਾਣਗੇ। ਉਦਯੋਗਪਤੀ ਅਤੇ ਰੀਅਲ ਐਸਟੇਟ ਡਿਵੈਲਪਰ ਸਾਂਝੇ ਤੌਰ 'ਤੇ ਇਨ੍ਹਾਂ ਪਾਰਕਾਂ ਦੇ ਵਿਕਾਸ ਵਿੱਚ ਭਾਗ ਲੈਣਗੇ, ਜਦਕਿ ਨਿਵੇਸ਼ਕ ਇਨ੍ਹਾਂ ਪ੍ਰਾਜੈਕਟਾਂ ਵਿੱਚ ਨਿਵੇਸ਼ ਲਈ ਰਜਿਸਟਰ ਕਰਕੇ ਲੋੜੀਂਦੀਆਂ ਮਨਜ਼ੂਰੀਆਂ ਪ੍ਰਾਪਤ ਕਰ ਸਕਣਗੇ।

ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰਨ ਲਈ ਮੰਤਰੀ ਨੇ ਕਿਹਾ ਕਿ ਸਰਕਾਰ ਨਵੀਂ ਇੰਡਸਟ੍ਰੀਅਲ ਪਾਰਕ ਨੀਤੀ ਤਿਆਰ ਕਰ ਰਹੀ ਹੈ, ਜੋ ਪ੍ਰਾਈਵੇਟ ਸੈਕਟਰ ਨੂੰ ਉਦਯੋਗਿਕ ਪਾਰਕ ਵਿਕਸਿਤ ਕਰਨ ਲਈ ਉਤਸ਼ਾਹਿਤ ਕਰੇਗੀ। ਇਨ੍ਹਾਂ ਪਾਰਕਾਂ ਵਿੱਚ ਵੱਡੇ ਅਤੇ ਛੋਟੇ ਦੋਹਾਂ ਕਿਸਮ ਦੇ ਪਲਾਟ ਉਪਲਬਧ ਹੋਣਗੇ। ਮੀਟਿੰਗ ਦੌਰਾਨ ਉਦਯੋਗ ਵਿਭਾਗ ਦੇ ਅਧਿਕਾਰੀਆਂ ਨੇ ਸਰਕਾਰ ਦੀਆਂ ਨਵੀਆਂ ਨੀਤੀਆਂ ਦੀ ਸ਼ਲਾਘਾ ਕੀਤੀ ਅਤੇ ਉਦਯੋਗਪਤੀਆਂ ਨੇ ਵੀ ਸੰਤੁਸ਼ਟੀ ਜਤਾਈ।

ਸੰਜੀਵ ਅਰੋੜਾ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਚਾਹੇ ਫਸਲਾਂ ਨੂੰ ਨੁਕਸਾਨ ਹੋਵੇ ਜਾਂ ਕੁਦਰਤੀ ਆਫ਼ਤਾਂ ਕਾਰਨ ਕਿਸਾਨਾਂ ਨੂੰ ਹਾਨੀ ਪਹੁੰਚੇ, ਸਰਕਾਰ ਹਰ ਸੰਭਵ ਮਦਦ ਮੁਹੱਈਆ ਕਰਵਾਏਗੀ। ਉਨ੍ਹਾਂ ਨਕਲੀ ਬੀਜ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ।

ਬਿਜਲੀ ਖੇਤਰ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਪਹਿਲਾਂ ਸੋਲਰ ਪ੍ਰੋਜੈਕਟਾਂ ਲਈ 100 ਫੀਸਦੀ ਅਲਾਟਮੈਂਟ ਹੁੰਦੀ ਸੀ, ਪਰ ਹੁਣ ਬਿਜਲੀ ਬੋਰਡ ਖੁਦ ਟੈਂਡਰ ਜਾਰੀ ਕਰ ਰਿਹਾ ਹੈ ਅਤੇ ਇਸ ਨੂੰ ਵੱਡੀ ਸਫਲਤਾ ਮਿਲ ਰਹੀ ਹੈ।

ਮੰਤਰੀ ਨੇ ਅੱਗੇ ਕਿਹਾ ਕਿ ਨਵੀਂ ਉਦਯੋਗਿਕ ਨੀਤੀ 2026 ਤਹਿਤ ਫਿਲਮ ਸਟੂਡੀਓ, ਹਸਪਤਾਲ ਅਤੇ ਹੋਟਲ ਵਰਗੇ ਕਈ ਨਵੇਂ ਖੇਤਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਖ਼ਾਸ ਤੌਰ 'ਤੇ ਐਮਐਸਐਮਈ ਸੈਕਟਰ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਇਹ ਉਦਯੋਗਿਕ ਵਿਕਾਸ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਹੁਣ ਨਿਵੇਸ਼ਕਾਂ ਲਈ ਸਭ ਤੋਂ ਪਸੰਦੀਦਾ ਸੂਬਿਆਂ ਵਿੱਚੋਂ ਇੱਕ ਬਣਦਾ ਜਾ ਰਿਹਾ ਹੈ ਅਤੇ ਹੋਰ ਰਾਜ ਵੀ ਇਨ੍ਹਾਂ ਉਪਰਾਲਿਆਂ ਦੀ ਸ਼ਲਾਘਾ ਕਰ ਰਹੇ ਹਨ।

ਮੰਤਰੀ ਨੇ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕ-ਕੇਂਦਰਿਤ ਵਿਕਾਸ ਨੂੰ ਯਕੀਨੀ ਬਣਾਉਣਾ ਹੈ ਅਤੇ ਉਦਯੋਗ, ਬੁਨਿਆਦੀ ਢਾਂਚੇ ਅਤੇ ਜਨਤਕ ਸਹੂਲਤਾਂ ਵਿੱਚ ਸੁਧਾਰ ਰਾਹੀਂ ਪੰਜਾਬ ਨੂੰ ਤਰੱਕੀ ਦੇ ਨਵੇਂ ਮੀਲ ਪੱਥਰਾਂ ਵੱਲ ਲਿਆਂਦਾ ਜਾਵੇਗਾ।

ਇਸ ਮੌਕੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ, ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ, ਸੂਬਾ ਸਕੱਤਰ ਜਗਦੀਪ ਜੱਗਾ, ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ, ਏਡੀਸੀ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਡਾਇਰੈਕਟਰ ਇੰਡਸਟਰੀਜ਼ ਜਸਪ੍ਰੀਤ ਸਿੰਘ, ਪੰਜਾਬ ਸਟੇਟ ਇਨਫੋਰਮੇਸ਼ਨ ਕਮਿਸ਼ਨਰ ਵੀਰੇਂਦਰ ਜੀਤ ਸਿੰਘ, ਜੀਐਮ ਡੀਆਈਸੀ ਪਟਿਆਲਾ ਅਰਸ਼ਦੀਪ ਅਤੇ ਵੱਖ-ਵੱਖ ਉਦਯੋਗਾਂ ਦੇ ਨੁਮਾਇੰਦੇ ਮੌਜੂਦ ਸਨ।

## ਥਾਪਰ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਰੋਟਰੈਕਟ ਕਲੱਬ ਵੱਲੋ ਸਮਾਜ ਸੇਵਾ ਦੇ ਖੇਤਰ ਵਿੱਚ ਪਾਇਆ ਜਾ ਰਿਹੈ ਯੋਗਦਾਨ : ਡੀ .ਆਈ.ਜੀ



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਪਰ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਰੋਟਰੈਕਟ ਕਲੱਬ ਦੇ ਮੈਂਬਰਾਂ ਅਰਮਾਨ ਮਲਿਕ,ਸਨੇਹਾ ਬਰਨਾਵਲ, ਸ਼ੇਖਰ ਚੋਰਸੀਆ ਵੱਲੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਦੀ ਅਗਵਾਈ ਹੇਠ ਡੀ.ਆਈ.ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਜੀ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਰੋਟਰੈਕਟ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਸਮੇਂ ਸਮੇਂ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੌਰਾਨ ਸ਼ਮੂਲੀਅਤ ਕਰਦੀ ਹੈ, ਇਸ ਤੋਂ ਇਲਾਵਾ ਖੂਨਦਾਨ ਕੈਂਪ, ਮੈਡੀਕਲ ਕੈਂਪ, ਔਰਤਾਂ ਅਤੇ ਲੜਕੀਆਂ ਨੂੰ ਸੈਨਟਰੀ ਪੈਡ ਵੰਡਣੇ, ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾਉਣਾ ਅਤੇ ਹੋਰ ਕੰਮਾਂ ਬਾਰੇ ਦੱਸਿਆ। ਇਸ ਮੌਕੇ ਉਹਨਾਂ ਡੀ.ਆਈ.ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੂੰ ਰੋਟਰੈਕਟ ਕਲੱਬ ਵੱਲੋਂ ਲਗਾਏ ਜਾ ਰਹੇ ਵਿਸ਼ਾਲ ਖੂਨਦਾਨ ਕੈਂਪ ਦਾ ਸੱਦਾ ਪੱਤਰ ਰੀਦਮ ਘਈ ਸਮਰਿਧ ਚੋਪੜਾ,ਅਭੈ ਕੰਬੋਜ ਵੱਲੋਂ ਦਿੱਤਾ ਗਿਆ। ਇਸ ਮੌਕੇ ਡੀ .ਆਈ . ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਰੋਟਰੈਕਟ ਕਲੱਬ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਜਿਥੇ ਉੱਚ ਪੱਧਰੀ ਵਿੱਦਿਆ ਹਾਸਲ ਕੀਤੀ ਜਾ ਰਹੀ ਹੈ ਉਥੇ ਹੀ ਇਹਨਾਂ ਵੱਲੋਂ ਸਮਾਜ ਸੇਵੀ ਕਾਰਜਾਂ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਹਨਾਂ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਪੰਜਾਬ ਪੁਲਿਸ ਵੱਲੋਂ ਕਰਵਾਏ ਜਾਂਦੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਵਲੰਟੀਅਰ ਸਹਿਯੋਗ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ। ਉਹਨਾਂ ਕਿਹਾ ਕਿ ਇਹਨਾਂ ਵੱਲੋਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਘਾਟ ਨੂੰ ਵੇਖਦਿਆਂ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕਰਨਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਉਹੋ ਇਸ ਖੂਨਦਾਨ ਕੈਂਪ ਦੌਰਾਨ ਜ਼ਰੂਰ ਸ਼ਮੂਲੀਅਤ ਕਰਨਗੇ।

# ਹੱਡੀਂ ਹੰਢਾਇਆ ਹੈ ਗ਼ਜ਼ਲਾਂ ਵਿਚਲਾ ਦਰਦ



• ਰਜਿੰਦਰ ਸਿੰਘ ਰਾਜਨ
98761-84954

ਕਰਮ ਸਿੰਘ ਜ਼ਖ਼ਮੀ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦੇ ਮੁਹਤਾਜ਼ ਨਹੀਂ। ਉਹ ਵਿਗਿਆਨਕ ਨਜ਼ਰੀਏ ਤੋਂ ਲਿਖਣ ਵਾਲੇ ਮਾਰਕਸਵਾਦੀ ਸੋਚ ਨੂੰ ਪ੍ਰਣਾਏ ਦਲੇਰ ਹਸਤਾਖ਼ਰ ਹਨ, ਜੋ ਹੁਣ ਤਕ ਛੇ ਗ਼ਜ਼ਲ-ਸੰਗ੍ਰਹਿ 'ਯਾਦਾਂ ਦੇ ਪੁੱਠਕੰਡੇ', 'ਤੁਪਕੇ ਵਿਚ ਸਮੁੰਦਰ', 'ਚੁੱਲੇ ਵਿਚ ਬਸੰਤਰ', 'ਕਦ ਬੋਲਾਂਗੇ', 'ਚਾਨਣ ਦੀ ਲਲਕਾਰ' ਅਤੇ 'ਅੱਖ ਤਿਣ' ਤੋਂ ਇਲਾਵਾ ਦੋ ਕਾਵਿ-ਸੰਗ੍ਰਹਿ 'ਠੰਢੇ ਬੁਰਜ ਦੀ ਆਵਾਜ਼' ਅਤੇ 'ਪੈੜ 'ਚ ਪੈਰ' ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਪਾ ਚੁੱਕੇ ਹਨ। ਇਨ੍ਹਾਂ ਨੇ ਦੋ ਸਾਂਝੇ ਕਾਵਿ-ਸੰਗ੍ਰਹਿ 'ਲਗਰਾਂ ਬਣੀਆਂ ਰੁੱਖ' ਅਤੇ 'ਸੂਰਜਾਂ ਦਾ ਕਾਫ਼ਲਾ' ਦੀ ਸੰਪਾਦਨਾ ਵੀ ਕੀਤੀ ਹੈ ਅਤੇ ਇਨ੍ਹਾਂ ਦੀ ਗ਼ਜ਼ਲ ਸਿਰਜਣਾ ਬਾਰੇ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਸੁਲੱਖਣ ਸਰਹੱਦੀ ਵੱਲੋਂ 'ਕਰਮ ਸਿੰਘ ਜ਼ਖ਼ਮੀ ਦਾ ਗ਼ਜ਼ਲ ਸੰਸਾਰ' ਅਤੇ ਉੱਘੀ ਲੇਖਿਕਾ ਡਾ. ਮਨਦੀਪ ਕੌਰ ਢੀਂਡਸਾ ਵੱਲੋਂ 'ਕਰਮ ਸਿੰਘ ਜ਼ਖ਼ਮੀ ਦੀ ਗ਼ਜ਼ਲ ਸਿਰਜਣਾ' ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਅੱਜ ਮੈਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸੰਘਰਸ਼ਸ਼ੀਲ ਇਸ ਸਥਾਪਿਤ ਕਲਮਕਾਰ ਨਾਲ ਰਚਾਏ ਸੰਵਾਦ ਦੇ ਕੁੱਝ ਅੰਸ਼ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ :

**• ਆਪਣੇ ਮੁੱਢਲੇ ਜੀਵਨ ਬਾਰੇ ਦੱਸੋ?**

ਮੇਰੇ ਜਨਮ ਤੋਂ ਤਕਰੀਬਨ ਇਕ ਦਹਾਕਾ ਪਹਿਲਾਂ ਮੇਰੇ ਪਿਤਾ ਕਰਨੈਲ ਸਿੰਘ ਤੇ ਮੇਰੇ ਮਾਤਾ ਮੁਖ਼ਤਿਆਰ ਕੌਰ ਮੇਰੇ ਦਾਦਕੇ ਪਿੰਡ ਫਰਵਾਹੀ ਤੋਂ ਬਰਨਾਲੇ ਆ ਗਏ ਸਨ। ਬਰਨਾਲੇ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਇਸ ਪਿੰਡ ਨੂੰ ਤੇਲੀਆਂ ਵਾਲੀ ਫਰਵਾਹੀ ਵੀ ਕਿਹਾ ਜਾਂਦਾ ਹੈ। ਬਰਨਾਲਾ ਦੀ ਰਾਹੀ ਬਸਤੀ ਵਿਖੇ ਦੋ ਅਕਤੂਬਰ ਉੱਨੀ ਸੌ ਤਰੇਹਟ ਨੂੰ ਮੇਰਾ ਜਨਮ ਹੋਇਆ। ਜਿਸ ਦੀ ਛੱਤ ਸਿਰਕੀ-ਬਾਲਿਆਂ ਦੀ ਸੀ, ਜੋ ਥੋੜ੍ਹਾ ਜਿਹਾ ਮੀਂਹ ਪੈਣ 'ਤੇ ਹੀ ਚਿਉਣ ਲੱਗ ਜਾਂਦੀ ਸੀ। ਬਰਸਾਤਾਂ 'ਚ ਸਾਰੀ-ਸਾਰੀ ਰਾਤ ਮੰਜੇ ਇੱਧਰ ਉੱਧਰ ਖਿੱਚਦਿਆਂ ਹੀ ਲੰਘ ਜਾਂਦੀ ਸੀ। ਛੱਤ 'ਚ ਚੂਹਿਆਂ ਨੇ ਆਪਣੀਆਂ ਖੁੱਡਾਂ ਬਣਾ ਲਈਆਂ ਸਨ। ਜਦੋਂ ਕੋਈ ਚੂਹਾ ਕਿਸੇ ਉੱਤੇ ਡਿੱਗ ਪੈਂਦਾ ਸੀ ਤਾਂ ਫਿਰ ਕਿੰਨਾ ਹੀ ਚਿਰ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਇਕ ਬੇਹੱਦ ਗ਼ਰੀਬੀ ਕਰਕੇ ਮੇਰਾ ਬਚਪਨ ਤੰਗੀਆਂ-ਤੁਰਸ਼ੀਆਂ ਦੀ ਭੇਟ ਹੀ ਚੜ੍ਹਿਆ ਰਿਹਾ।

**• ਤੁਹਾਡੀ ਵਿੱਦਿਅਕ ਯੋਗਤਾ ਕੀ ਹੈ?**

ਬੇਸ਼ੱਕ ਸ਼ੁਰੂ-ਸ਼ੁਰੂ 'ਚ ਤਾਂ ਮੈਂ ਪੜ੍ਹਾਈ ਵਿਚ ਬੜਾ ਹੁਸ਼ਿਆਰ ਸੀ ਪਰ ਨੌਵੀਂ ਜਮਾਤ 'ਚ ਪੈਰ ਧਰਦਿਆਂ ਹੀ ਮੇਰੇ ਸਿਰ 'ਤੇ ਗੀਤਕਾਰੀ ਦਾ ਭੂਤ ਅਜਿਹਾ ਸਵਾਰ ਹੋਇਆ ਕਿ ਮੈਂ ਆਪਣੇ ਇਮਤਿਹਾਨ ਵੀ ਨਾ ਦੇ ਸਕਿਆ। ਫਿਰ ਨੈਸ਼ਨਲ ਇੰਸ਼ੋਰੈਂਸ ਕੰਪਨੀ ਵਿਚ ਭਰਤੀ ਹੋਣ ਤੋਂ ਬਾਅਦ ਮੈਂ ਪ੍ਰਾਈਵੇਟ ਤੌਰ 'ਤੇ ਦਸਵੀਂ ਜਮਾਤ ਦੇ ਪੇਪਰ ਦਿੱਤੇ। ਉਨ੍ਹਾਂ ਦਿਨਾਂ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗਿਆਨੀ ਪਾਸ ਕਰਨ ਉਪਰੰਤ ਸਿੱਧੀ ਬੀ. ਏ. ਕਰਵਾਈ ਜਾਂਦੀ ਸੀ ਪਰ ਜਦੋਂ ਮੈਂ ਗਿਆਨੀ ਪਾਸ ਕਰ ਲਈ ਤਾਂ ਉਨ੍ਹਾਂ ਨੇ ਬਾਰ੍ਹਵੀਂ ਜਮਾਤ ਵੀ ਪਾਸ ਕਰਨੀ ਜ਼ਰੂਰੀ ਕਰ ਦਿੱਤੀ। ਇਸ ਕਰਕੇ ਫਿਰ ਮੈਂ ਆਪਣੀ ਬੀ. ਏ. ਦੀ ਪੜ੍ਹਾਈ ਵਿੱਚੇ ਹੀ ਛੱਡ ਗਿਆ।

**• ਧਾਰਮਿਕ ਪ੍ਰਸੰਗ ਲਿਖਦੇ-ਲਿਖਦੇ ਤੁਸੀਂ ਤਰਕਸ਼ੀਲ ਲਹਿਰ ਵੱਲ ਕਿਵੇਂ ਮੁੜੇ?**

ਮੇਰੇ ਨਾਨਕੇ ਪਿੰਡ ਅਲਾਲ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਇਤਿਹਾਸਕ ਪਿੰਡ ਮੂਲੋਵਾਲ ਹੈ, ਜਿੱਥੇ ਚੌਦਾਂ ਪੋਹ ਤੋਂ ਤਿੰਨ ਦਿਨ ਭਾਰੀ ਜੋੜ ਮੇਲਾ ਭਰਦਾ ਹੈ। ਇਨ੍ਹਾਂ ਦਿਨਾਂ 'ਚ ਮੇਰੇ ਨਾਨਕੇ ਪਿੰਡ ਲਗਪਗ ਹਰੇਕ ਘਰ ਵਿਚ ਕਈ-ਕਈ ਰਿਸ਼ਤੇਦਾਰ ਪਹੁੰਚੇ ਹੁੰਦੇ ਸਨ। ਮੈਂ ਵੀ ਹਰ ਸਾਲ ਆਪਣੀ ਮਾਂ ਨਾਲ ਨਾਨਕੇ ਚਲਾ ਜਾਂਦਾ ਅਤੇ ਸਾਰੀ- ਸਾਰੀ ਰਾਤ ਦੀਵਾਨ ਹਾਲ ਵਿਚ ਬੈਠ ਕੇ ਢਾਡੀਆਂ ਅਤੇ ਕਵੀਸ਼ਰਾਂ ਦੇ ਪ੍ਰਸੰਗ ਸੁਣਦਾ ਰਹਿੰਦਾ। ਇਸ ਤਰ੍ਹਾਂ ਸਿੱਖ ਇਤਿਹਾਸ ਦੇ ਰੰਗ ਵਿਚ ਰੰਗਿਆਂ ਮੈਨੂੰ ਪਤਾ ਵੀ ਨਾ ਲੱਗਿਆ ਕਿ ਕਦੋਂ ਮੈਂ ਲਿਖਣਾ ਵੀ ਸ਼ੁਰੂ ਕਰ ਦਿੱਤਾ। ਪਰ ਘਰ ਦੇ ਅੰਧਵਿਸ਼ਵਾਸੀ ਮਾਹੌਲ ਕਾਰਨ ਮੈਨੂੰ ਆਤਮਾ, ਪਰਮਾਤਮਾ ਜਾਂ ਧਰਮ ਵਰਗੇ ਨਾਵਾਂ ਤੋਂ ਨਫ਼ਰਤ ਜਿਹੀ ਹੋਣ ਲੱਗ ਪਈ। ਇਸ ਵਰਤਾਰੇ ਤੋਂ ਛੁਟਕਾਰਾ ਪਾਉਣ ਲਈ ਮੈਂ ਤਰਕਸ਼ੀਲ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਫਿਰ ਮੈਂ ਲੰਬਾ ਸਮਾਂ ਤਰਕਸ਼ੀਲ ਸੋਸਾਇਟੀ ਪੰਜਾਬ ਦੀਆਂ ਮੂਹਰਲੀਆਂ ਸਫ਼ਾਂ ਵਿਚ ਵੀ ਕੰਮ ਕੀਤਾ।

**• ਤੁਸੀਂ ਗ਼ਜ਼ਲ ਵਿਧਾ ਨੂੰ ਹੀ ਸਮਰਪਿਤ ਹੋ, ਇਸ ਦਾ ਕੀ ਕਾਰਨ ਹੈ?**

ਗ਼ਜ਼ਲ ਦਾ ਹਰੇਕ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਅਤੇ ਆਜ਼ਾਦ ਹੁੰਦਾ ਹੈ। ਜਿਸ ਕਰਕੇ ਇਸ ਵਿਚ ਬਹੁਤ ਸਾਰੇ ਮਸਲਿਆਂ ਨੂੰ ਛੋਹ ਲੈਣ ਵਿਚ ਵੀ ਕੋਈ ਕਠਿਨਾਈ ਮਹਿਸੂਸ ਨਹੀਂ ਹੁੰਦੀ। ਇਕ ਸ਼ਿਅਰ 'ਚ ਇਕ ਮਸਲਾ ਲਿਆ ਜਾ ਸਕਦੈ। ਦੂਜੇ 'ਚ ਕੋਈ ਹੋਰ ਤੇ ਤੀਜੇ 'ਚ ਕੋਈ ਹੋਰ। ਇਸ ਕਰਕੇ ਹੋਰਨਾਂ ਵਿਧਾਵਾਂ ਨਾਲੋਂ ਮੈਨੂੰ ਗ਼ਜ਼ਲ ਬਹੁਤ ਪਿਆਰੀ ਲੱਗਦੀ ਹੈ।

**• ਕੀ ਗ਼ਜ਼ਲ ਲਿਖਣੀ ਸਿੱਖਣ ਲਈ ਉਸਤਾਦ ਧਾਰਨਾ ਜ਼ਰੂਰੀ ਹੈ?**

ਦੇਖੋ! ਮੈਂ ਪਿੰਗਲ ਤੇ ਅਰੂਜ਼ ਦੇ ਨਿਯਮਾਂ ਦਾ ਪੱਕਾ ਸਮਰਥਕ ਹਾਂ। ਹੋਰਨਾਂ ਨੂੰ ਵੀ ਇਨ੍ਹਾਂ ਨਿਯਮਾਂ ਦਾ ਪਾਬੰਦ ਰਹਿਣ ਦੀ ਸਲਾਹ ਦਿੰਦਾ ਹਾਂ ਪਰ ਇਹ ਸਭ ਕੁਝ ਸਿੱਖਣ ਲਈ ਮੈਂ ਕਿਸੇ ਨੂੰ ਉਸਤਾਦ ਨਹੀਂ ਧਾਰਿਆ। ਕਿਉਂਕਿ ਅੱਜ ਕੱਲ੍ਹ ਬਹੁਤ ਸਾਰੇ ਪਿੰਗਲ ਤੇ ਅਰੂਜ਼ ਉਪਲੱਬਧ ਹਨ, ਜਿਨ੍ਹਾਂ ਤੋਂ ਸਹਿਜੇ ਹੀ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈ। ਜੇ ਕਿਸੇ ਨੂੰ ਅਜਿਹਾ ਕਰਨ 'ਚ ਕਿਸੇ ਤਰ੍ਹਾਂ ਦੀ ਔਖ ਮਹਿਸੂਸ ਹੁੰਦੀ ਹੋਵੇ ਤਾਂ ਮੇਰਾ ਖ਼ਿਆਲ ਹੈ ਕਿ ਉਸਤਾਦ ਜ਼ਰੂਰ ਧਾਰਨਾ ਚਾਹੀਦਾ ਹੈ।

**• ਕਿਹਾ ਜਾਂਦਾ ਹੈ ਕਿ ਤੁਸੀਂ ਸੰਕੇਤਕ ਸ਼ਬਦਾਵਲੀ ਦੀ ਥਾਂ ਠਾਹ ਸੋਟਾ ਮਾਰ ਦਿੰਦੇ ਹੋ।**

ਬੇਸ਼ੱਕ ਗ਼ਜ਼ਲ ਦੀ ਵਿਆਖਿਆ ਕਰਦਿਆਂ, ਇਸ ਦੇ ਵਿਧਾਨ ਘਾੜਿਆਂ ਵੱਲੋਂ ਸਪੱਸ਼ਟ ਸ਼ਬਦਾਂ 'ਚ ਇਹ ਕਿਹਾ ਗਿਆ ਹੈ ਕਿ ਗ਼ਜ਼ਲ ਦੀ ਭਾਸ਼ਾ ਹਰ ਹਾਲਤ ਵਿਚ ਸੰਕੇਤਕ ਹੀ ਰਹਿਣੀ ਚਾਹੀਦੀ ਹੈ ਪਰ ਜਿਨ੍ਹਾਂ ਮਿਹਨਤਕਸ਼ ਕਿਰਤੀਆਂ ਅਤੇ ਕਿਸਾਨਾਂ ਵਾਸਤੇ ਮੈਂ ਲਿਖਦਾ ਹਾਂ, ਉਹ ਤਾਂ ਵਿਚਾਰੇ ਅਜਿਹੀ ਇਸ਼ਾਰਿਆਂ ਵਾਲੀ ਸ਼ਬਦਾਵਲੀ ਨੂੰ ਸਮਝਣ ਤੋਂ ਅਸਮਰੱਥ ਹਨ। ਇਸੇ ਕਰਕੇ ਮੈਂ ਜੋ ਵੀ ਕਹਿੰਦਾ ਹਾਂ, ਘਰਾਂ 'ਚ ਬੋਲੀ ਜਾਣ ਵਾਲੀ ਲੋਕ-ਬੋਲੀ ਵਿਚ ਸਾਫ਼ ਅਤੇ ਸਪੱਸ਼ਟ ਸ਼ਬਦਾਂ 'ਚ ਕਹਿੰਦਾ ਹਾਂ। ਮੇਰੀ ਗੱਲ ਨੂੰ ਸਮਝਣ ਲਈ ਕਿਸੇ ਕਿਸਮ ਦੀ ਵਿਚੋਲਗੀ ਦੀ ਲੋੜ ਨਹੀਂ ਪੈਂਦੀ।

**• ਤੁਹਾਡੀਆਂ ਗ਼ਜ਼ਲਾਂ ਮੈਨੂੰ ਹਾਲਾਤ ਦੀ ਦੇਣ ਮਹਿਸੂਸ ਹੁੰਦੀਆਂ ਹਨ। ਤੁਸੀਂ ਮੇਰੇ ਕਥਨ ਨਾਲ ਕਿੱਥੋਂ ਤਕ ਸਹਿਮਤ ਹੋ?**

ਮੈਂ ਤੁਹਾਡੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਹੀ ਸਹਿਮਤ ਹਾਂ। ਕਿਉਂਕਿ ਮੇਰੀਆਂ ਗ਼ਜ਼ਲਾਂ ਵਿਚਲਾ ਗ਼ਰੀਬਾਂ ਗੁਰਬਿਆਂ ਦਾ ਤੰਗੀਆਂ ਤੁਰਸ਼ੀਆਂ ਭਰੇ ਜੀਵਨ ਦਾ ਦਰਦ ਮੇਰੇ ਲਈ ਕੋਈ ਸੁਣੀ-ਸੁਣਾਈ ਗੱਲ ਨਹੀਂ ਬਲਕਿ ਮੈਂ ਤਾਂ ਇਹ ਸਭ ਕੁੱਝ ਆਪਣੇ ਪਿੰਡੇ 'ਤੇ ਹੰਢਾਇਆ ਹੋਇਆ ਹੈ। ਮੇਰੀਆਂ ਗ਼ਜ਼ਲਾਂ ਇਸੇ ਕਰਕੇ ਹੀ ਲੋਕ-ਮਨਾਂ ਨੂੰ ਟੁੰਬਦੀਆਂ ਹਨ ਕਿਉਂਕਿ ਇਹ ਸੁਲਘਦੀਆਂ ਆਂਦਰਾਂ ਦੇ ਸੇਕ 'ਚੋਂ ਨਿਕਲਦੀਆਂ ਹਨ, ਕਿਸੇ ਪੰਜ ਤਾਰਾ ਹੋਟਲ 'ਚ ਬਹਿ ਕੇ ਨਹੀਂ ਲਿਖੀਆਂ ਜਾਂਦੀਆਂ।

**• ਔਰਤਾਂ ਅਤੇ ਦਲਿਤਾਂ ਲਈ ਸਮਾਜਿਕ ਬਰਾਬਰੀ ਵਾਲੇ ਮਸਲੇ ਨੂੰ ਤੁਸੀਂ ਕਿਵੇਂ ਸਮਝਦੇ ਹੋ?**

ਆਰਥਿਕ ਤੌਰ 'ਤੇ ਤਰੱਕੀ ਕਰ ਲੈਣ ਦੇ ਬਾਵਜੂਦ ਔਰਤਾਂ ਅਤੇ ਦਲਿਤਾਂ ਨੂੰ ਸਮਾਜਿਕ ਬਰਾਬਰੀ ਵਾਲਾ ਮਾਹੌਲ ਨਹੀਂ ਮਿਲ ਸਕਿਆ। ਮੇਰਾ ਮੰਨਣਾ ਹੈ ਕਿ ਅਜੋਕੇ ਲੋਕ-ਵਿਰੋਧੀ ਅਖੌਤੀ ਲੋਕਤੰਤਰੀ ਰਾਜ-ਪ੍ਰਬੰਧ 'ਚ ਅਜਿਹਾ ਹੋਣਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਵੀ ਹੈ। ਇਸ ਲਈ ਗੁਰੂ ਰਵਿਦਾਸ, ਗੁਰੂ ਨਾਨਕ ਅਤੇ ਕਾਰਲ ਮਾਰਕਸ ਦੇ ਸੁਪਨਿਆਂ ਦਾ ਲੁੱਟ-ਰਹਿਤ ਅਤੇ ਜਾਤ-ਰਹਿਤ ਪ੍ਰਬੰਧ ਉਸਾਰਨਾ ਬੇਹੱਦ ਜ਼ਰੂਰੀ ਹੈ।

## ਕਰਮ ਸਿੰਘ ਜ਼ਖ਼ਮੀ

**• ਪੰਜਾਬ ਵਿਚਲੀ ਖੱਬੇ-ਪੱਖੀ ਲਹਿਰ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?**

ਮੇਰਾ ਵਿਚਾਰ ਹੈ ਕਿ ਸਾਡੇ ਕਮਿਊਨਿਸਟਾਂ ਨੇ ਕਦੇ ਵੀ ਲੋਕ-ਮਨਾਂ ਨੂੰ ਸਮਝਣ ਦੀ ਜ਼ਰੂਰਤ ਨਹੀਂ ਸਮਝੀ। ਇਨਾਂ ਵੱਲੋਂ ਧਾਰਮਿਕ ਸ਼ਖ਼ਸੀਅਤਾਂ ਦੀ ਕੀਤੀ ਗਈ ਅੰਨ੍ਹੀ ਵਿਰੋਧਤਾ ਨੇ ਵੀ ਇਨ੍ਹਾਂ ਨੂੰ ਲੋਕਾਂ ਨਾਲੋਂ ਅਲੱਗ-ਥਲੱਗ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਰੂਸ ਜਾਂ ਚੀਨ ਮਾਰਕਾ ਇਨਕਲਾਬ ਦੇ ਸੰਘਰਸ਼ ਨੂੰ ਹੂ-ਬ-ਹੂ ਲਾਗੂ ਕਰਨ ਦੇ ਚੱਕਰ ਵਿਚ ਇਨ੍ਹਾਂ ਵੱਲੋਂ ਇੱਥੋਂ ਦੇ ਅਸਲੀ ਲੋਕ-ਨਾਇਕਾਂ ਨੂੰ ਮਾਨਤਾ ਦੇਣ ਤੋਂ ਹੀ ਇਨਕਾਰ ਕੀਤਾ ਜਾਂਦਾ ਰਿਹਾ ਹੈ।



ਮੈਂ ਸੰਕੇਤਕ ਭਾਸ਼ਾ 'ਚ ਨਹੀਂ, ਜੋ ਵੀ ਕਹਿੰਦਾ ਹਾਂ, ਘਰਾਂ 'ਚ ਬੋਲੀ ਜਾਣ ਵਾਲੀ ਲੋਕ-ਬੋਲੀ ਵਿਚ ਸਾਫ਼ ਅਤੇ ਸਪੱਸ਼ਟ ਸ਼ਬਦਾਂ 'ਚ ਕਹਿੰਦਾ ਹਾਂ...

ਰੂਬਰੂ

**• ਕੀ ਲੇਖਕਾਂ ਨੂੰ ਲਿਖਣ ਦੇ ਨਾਲ- ਨਾਲ ਸਰੀਰਕ ਰੂਪ 'ਚ ਵੀ ਲੋਕ ਸੰਘਰਸ਼ਾਂ 'ਚ ਹਿੱਸਾ ਲੈਣਾ ਚਾਹੀਦਾ ਹੈ?**

ਬਿਲਕੁਲ ਜ਼ਰੂਰੀ ਹੈ। ਲੋਕ-ਸੰਘਰਸ਼ਾਂ ਦਾ ਹੋਕਾ ਦੇਣ ਵਾਲਾ ਲੇਖਕ ਖ਼ੁਦ ਵੀ ਲੋਕਾਂ ਨਾਲ ਇਕਸੁਰ ਹੋਣਾ ਚਾਹੀਦਾ ਹੈ ਪਰ ਦੁਖਾਂਤ ਇਹ ਹੈ ਕਿ ਸਾਡੀਆਂ ਸੰਘਰਸ਼ੀ ਧਿਰਾਂ ਬੁਰੀ ਤਰ੍ਹਾਂ ਫੁੱਟ ਤੇ ਹਉਮੈ ਦਾ ਸ਼ਿਕਾਰ ਹੋ ਚੁੱਕੀਆਂ ਹਨ। ਇਸ ਹਾਲਤ 'ਚ ਲੇਖਕ ਚਾਹੁੰਦਾ ਹੋਇਆ ਵੀ ਕੁੱਝ ਨਾ ਕਰ ਸਕਣ ਲਈ ਮਜਬੂਰ ਹੋ ਜਾਂਦਾ ਹੈ।

**• ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਨੂੰ ਤੁਸੀਂ ਕਿਵੇਂ ਦੇਖਦੇ ਹੋ?**

ਮੇਰੇ ਖ਼ਿਆਲ 'ਚ ਸਾਹਿਤਕ ਖੇਤਰ 'ਚ ਵੀ ਡੇਰੇਦਾਰੀਆਂ ਸਥਾਪਿਤ ਹੋ ਚੁੱਕੀਆਂ ਹਨ। ਅਖ਼ਬਾਰਾਂ ਵਿਚ ਫੋਟੋਆਂ ਛਪਵਾਉਣ ਲਈ ਮੰਗ-ਪੱਤਰ ਦੇਣ ਦੀ ਡਰਾਮੇਬਾਜ਼ੀ ਤਾਂ ਬਹੁਤ ਜ਼ਿਆਦਾ ਹੋ ਰਹੀ ਹੈ ਪਰ ਬਹੁਤ ਹੀ ਥੋੜ੍ਹੇ ਲੋਕ ਹਨ ਜੋ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਸਹੀ ਅਰਥਾਂ 'ਚ ਸੁਹਿਰਦ ਹਨ।

**• ਪੰਜਾਬੀ ਗੀਤਕਾਰੀ ਵਿਚ ਆਏ ਨਿਘਾਰ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਸਮਝਦੇ ਹੋ?**

ਇਹ ਸਭ ਕੁਝ ਸਾਡੇ ਭ੍ਰਿਸ਼ਟ ਰਾਜ-ਪ੍ਰਬੰਧ ਦੀ ਹੀ ਦੇਣ ਹੈ ਕਿਉਂਕਿ ਹਕੂਮਤਾਂ ਇਹੋ ਹੀ ਚਾਹੁੰਦੀਆਂ ਹਨ ਕਿ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਅਸ਼ਲੀਲਤਾ ਦੀ ਦਲਦਲ ਵਿਚ ਫਸੀ ਰਹੇ ਤਾਂ ਕਿ ਉਹ ਆਪਣੇ ਹੱਕਾਂ ਖ਼ਾਤਰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਦੀ ਹਾਲਤ 'ਚ ਹੀ ਨਾ ਰਹੇ।

**• ਕੀ ਤੁਸੀਂ ਆਪਣੀਆਂ ਸਾਹਿਤਕ ਸਰਗਰਮੀਆਂ ਅਤੇ ਮਿਲੇ ਮਾਣ-ਸਨਮਾਨ ਸਬੰਧੀ ਸੰਤੁਸ਼ਟ ਹੋ?**

ਮੈਨੂੰ ਲੱਗਦਾ ਹੈ ਕਿ ਜੋ ਮੈਂ ਕਹਿਣਾ ਚਾਹੁੰਦਾ ਸੀ, ਉਹ ਮੈਥੋਂ ਅਜੇ ਕਿਹਾ ਹੀ ਨਹੀਂ ਗਿਆ। ਸ਼ਾਇਦ ਇਸੇ ਕਰਕੇ ਹੀ ਮੈਂ ਆਪਣੀ ਸਰਕਾਰੀ ਨੌਕਰੀ ਤੋਂ ਪੰਜ ਸਾਲ ਪਹਿਲਾਂ ਹੀ ਸਵੈ-ਇੱਛਤ ਸੇਵਾ-ਮੁਕਤ ਹੋ ਕੇ ਪੂਰੀ ਤਰ੍ਹਾਂ ਸਾਹਿਤਕ ਸਿਰਜਣਾ ਨੂੰ ਸਮਰਪਿਤ ਹੋ ਚੁੱਕਿਆ ਹਾਂ। ਮੇਰਾ ਨਿਰੰਤਰ ਲਿਖਣਾ ਜਾਰੀ ਹੈ। ਕੋਈ ਵੀ ਗ਼ਜ਼ਲ ਲਿਖਣ ਤੋਂ ਬਾਅਦ ਮੈਂ ਇੰਨਾ ਕੁ ਤਾਂ ਜ਼ਰੂਰ ਮਹਿਸੂਸ ਕਰਦਾ ਹਾਂ ਕਿ ਮੈਂ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਮੇਰੇ ਅੰਦਰਲਾ ਬਹੁਤ ਕੁੱਝ ਮੈਨੂੰ ਹੋਰ ਲਿਖਣ ਲਈ ਬੇਚੈਨ ਕਰਦਾ ਰਹਿੰਦਾ ਹੈ। ਮੇਰੇ ਲਈ ਸੰਤੁਸ਼ਟੀ ਵਾਲੀ ਗੱਲ ਹੈ ਕਿ ਬਹੁਤ ਸਾਰੀਆਂ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਮੇਰੀ ਯੋਗਤਾ ਤੋਂ ਵੱਧ ਮਾਣ-ਸਨਮਾਨ ਵੀ ਮਿਲਿਆ ਹੈ। ਸਰਕਾਰੀ ਤਮਗਿਆਂ ਦੀ ਮੈਂ ਕਦੇ ਲਾਲਸਾ ਨਹੀਂ। ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰੀ ਸਨਮਾਨਾਂ ਦੀ ਚਕਾਚੌਂਧ ਨੇ ਸਾਹਿਤਕਾਰਾਂ ਨੂੰ ਤੋਤੇ ਬਣਾ ਕੇ ਰੱਖ ਦਿੱਤਾ ਹੈ। ਮੇਰਾ ਮਤਲਬ ਇਹ ਨਹੀਂ ਕਿ ਸਨਮਾਨ ਲੈਣੇ ਹੀ ਨਹੀਂ ਚਾਹੀਦੇ ਪਰ ਸਨਮਾਨਾਂ ਖ਼ਾਤਰ ਕੀਤੇ ਜਾਣ ਵਾਲੇ ਜੁਗਾੜਾਂ ਦੇ ਮੈਂ ਸਖ਼ਤ ਖ਼ਿਲਾਫ਼ ਹਾਂ ਕਿਉਂਕਿ ਜੁਗਾੜੀ ਬੰਦੇ ਅਸਲੀ ਹੱਕਦਾਰਾਂ ਦਾ ਹੱਕ ਮਾਰਦੇ ਹਨ।

**• ਸਾਹਿਤਕਾਰਾਂ ਦੀ ਅਜੋਕੀ ਸਥਿਤੀ ਬਾਰੇ ਕਿਵੇਂ ਮਹਿਸੂਸ ਕਰਦੇ ਹੋ?**

ਅੱਜ ਦਾ ਸਾਹਿਤਕਾਰ ਬੜੇ ਭਿਆਨਕ ਹਾਲਾਤ 'ਚੋਂ ਗੁਜ਼ਰ ਰਿਹਾ ਹੈ। ਸਰਕਾਰੀ ਸਰਪ੍ਰਸਤੀ ਹੇਠ ਫਾਸ਼ੀਵਾਦੀ ਤਾਕਤਾਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਅਤੇ ਕਮਿਊਨਿਸਟਾਂ ਲਈ ਖ਼ਤਰਾ ਬਣੀਆਂ ਹੋਈਆਂ ਹਨ। ਲੋਕਾਂ ਤੋਂ ਖਾਣ-ਪੀਣ ਅਤੇ ਪਹਿਨਣ ਦਾ ਬੁਨਿਆਦੀ ਹੱਕ ਵੀ ਖੋਹਿਆ ਜਾ ਰਿਹਾ ਹੈ। ਗੁੰਡਾਗਰਦੀ ਦੇ ਖ਼ਿਲਾਫ਼ ਕਲਮ ਚੁੱਕਣ ਵਾਲੇ ਬਹੁਤ ਸਾਰੇ ਲੇਖਕਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਪਰ ਤਸੱਲੀ ਵਾਲੀ ਗੱਲ ਹੈ ਕਿ ਹੱਕ, ਸੱਚ ਅਤੇ ਇਨਸਾਫ਼ ਲਈ ਜੂਝਣ ਵਾਲੇ ਕਲਮਕਾਰ ਅਜੇ ਵੀ ਵੱਡੀ ਗਿਣਤੀ ਵਿਚ ਮੌਜੂਦ ਹਨ।

**• ਨਵੇਂ ਗ਼ਜ਼ਲਕਾਰਾਂ ਲਈ ਤੁਹਾਡਾ ਕੀ ਸੁਨੇਹਾ ਹੈ?**

ਨਵੇਂ ਗ਼ਜ਼ਲਕਾਰਾਂ ਨੂੰ ਮੇਰੀ ਬੇਨਤੀ ਹੈ ਕਿ ਜੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਨੂੰ ਜਿਊਂਦਾ ਰੱਖਣਾ ਹੈ ਤਾਂ ਇਹ ਬੇਹੱਦ ਜ਼ਰੂਰੀ ਹੈ ਕਿ ਲਿਖਤਾਂ ਨੂੰ ਕੇਵਲ ਮਨਪ੍ਰਚਾਵੇ ਦਾ ਸਾਧਨ ਬਣਾ ਕੇ ਹੀ ਨਹੀਂ ਸਰਨਾ, ਬਲਕਿ ਲੋਕਾਂ ਦੀ ਬੋਲੀ ਵਿਚ ਲੋਕਾਂ ਦੇ ਦੁੱਖਾਂ-ਦਰਦਾਂ ਦੀ ਗੱਲ ਵੀ ਕਰਨੀ ਹੀ ਪੈਣੀ ਹੈ। •

---

# ਰੰਗਾਂ ਦੇ ਖੇਡ ਤਮਾਸ਼ੇ

**ਕੁਦਰਤ ਚਾਰੇ ਪਾਸੇ ਰੰਗ ਬਿਖੇਰ ਕੇ ਆਪ ਖੇਡਦੀ ਹੈ। ਕਿਸੇ ਫੁੱਲ 'ਤੇ ਤ੍ਰੇਲ ਪੈਣੀ ਵੀ ਤਾਂ ਉਸਦੀ ਰਚਨਾ ਹੈ ਤੇ ਫੇਰ ਉਸ ਤ੍ਰੇਲ ਨੂੰ ਸ਼ਬਨਮ ਕਹਿਣਾ ਕਿਸੇ ਸ਼ਾਇਰ ਦੇ ਹਿੱਸੇ ਆ ਜਾਂਦਾ ਹੈ। ਸਮੁੰਦਰ ਦੇ ਵਹਿਣ 'ਤੇ ਮਨੁੱਖੀ ਮਨ ਦੇ ਵਲਵਲੇ ਬਹੁਤ ਸ਼ਕਤੀਸਾਲੀ ਹੁੰਦੇ ਹਨ...**

• ਹਰਪ੍ਰੀਤ ਮੀਤ ਜੰਡਾਲੀ ਕਲਾਂ
97810-44921



ਗੁਰਬਾਣੀ ਵਿਚ ਲਿਖਿਆ ਹੈ ਕਿ ਕੁਦਰਤ ਬਹੁਰੰਗੀ ਹੈ। ਕੁਦਰਤ ਨੇ ਬ੍ਰਹਿਮੰਡ ਦੀ ਰਚਨਾ ਬਹੁਤ ਹੀ ਕਮਾਲ ਦੀ ਕੀਤੀ ਹੈ। ਧਰਤੀ 'ਤੇ ਵਸਣ ਵਾਲਾ ਮਨੁੱਖ ਜਿਸ ਕੋਲ ਸੰਵੇਦਨਸ਼ੀਲ ਮਨ ਹੈ, ਉਹ ਕੁਦਰਤ ਦੇ ਫੈਲ਼ੇ ਰੰਗਾਂ ਨੂੰ ਬਹੁਤ ਨੀਝ ਲਗਾ ਕੇ ਵੇਖਦਾ ਹੈ। ਗੁਰੂ ਸਾਹਿਬ ਵੀ ਆਖਦੇ ਹਨ 'ਬਲਿਹਾਰੀ ਕੁਦਰਤ ਵੱਸਿਆ।' ਇਸ ਕੁਦਰਤ ਦੀ ਸਭ ਤੋਂ ਹੈਰਾਨ ਕਰਨ ਵਾਲੀ ਕਲਾ ਦਾ ਨਾਂ ਹੈ ਰੰਗ। ਇਹ ਜ਼ਿੰਦਗੀ ਦੇ ਆਲੇ ਦੁਆਲੇ ਘੁੰਮਦੇ ਹਨ। ਜੇ ਕਾਲੇ ਰੰਗ ਦੀ ਗੱਲ ਕਰੀਏ ਤਾਂ ਇਹ ਹਨੇਰ ਦਾ ਸੂਚਕ ਹੈ ਤੇ ਪਰ ਸਫ਼ੈਦ ਰੰਗ ਜ਼ਿੰਦਗੀ ਦਾ ਸੂਚਕ ਹੈ ਤੇ ਪਤਾ ਚੱਲਦਾ ਹੈ ਕਿ ਜ਼ਿੰਦਗੀ ਧੜਕ ਰਹੀ ਹੈ।

ਕੁਦਰਤ ਚਾਰੇ ਪਾਸੇ ਰੰਗ ਬਿਖੇਰ ਕੇ ਆਪ ਖੇਡਦੀ ਹੈ। ਕਿਸੇ ਫੁੱਲ 'ਤੇ ਤ੍ਰੇਲ ਪੈਣੀ ਵੀ ਤਾਂ ਉਸਦੀ ਰਚਨਾ ਹੈ ਤੇ ਫੇਰ ਉਸ ਤ੍ਰੇਲ ਨੂੰ ਸ਼ਬਨਮ ਕਹਿਣਾ ਕਿਸੇ ਸ਼ਾਇਰ ਦੇ ਹਿੱਸੇ ਆ ਜਾਂਦਾ ਹੈ। ਸਮੁੰਦਰ ਦੇ ਵਹਿਣ 'ਤੇ ਮਨੁੱਖੀ ਮਨ ਦੇ ਵਲਵਲੇ ਬਹੁਤ ਸ਼ਕਤੀਸਾਲੀ ਹੁੰਦੇ ਹਨ। ਕੁਦਰਤ ਨੇ ਪਾਣੀ ਨੂੰ ਨੀਲਾ ਰੰਗ ਵੀ ਦਿੱਤਾ ਹੈ, ਇਹੀ ਨੀਲਾ ਰੰਗ ਅਸਮਾਨ ਦਾ ਵੀ ਹੈ। ਪਰ ਕੁਦਰਤ ਇਸ ਪਾਣੀ ਦੇ ਰੰਗ ਨੂੰ ਰੰਗਹੀਣ ਵੀ ਕਰ ਦਿੰਦੀ ਹੈ। ਵਿਗਿਆਨ ਦੇ ਨਿਯਮ ਆਪਣੇ ਹਨ। ਕੁਦਰਤ ਨਾ ਮੁੱਕਣ ਵਾਲੀ ਕਿਤਾਬ ਹੈ। ਇਸ ਦੇ ਹਰ ਪੰਨੇ 'ਤੇ ਹਰ ਤਰ੍ਹਾਂ ਦੇ ਰੰਗ ਹਨ। ਇਨ੍ਹਾਂ ਰੰਗਾਂ ਨੂੰ ਨਾਂ ਦੇਣਾ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ।

ਦੂਸਰੇ ਪਾਸੇ ਬੰਦੇ ਨੂੰ ਵੀ ਥਾਪੜਾ ਦੇਣਾ ਬਣਦਾ ਹੈ ਜਿਹੜਾ ਹਰ ਰੰਗ ਦੀ ਜਾਣਕਾਰੀ ਮਨੁੱਖਾਂ ਨੂੰ ਦਿੰਦਾ ਹੈ। ਵੈਸੇ ਜੇ ਅਸੀਂ ਸੋਚੀਏ ਤਾਂ ਸਵਾਲ ਬਹੁਤ ਪੈਦਾ ਹੁੰਦੇ ਹਨ ਜਿਵੇਂ ਕੁਦਰਤ ਨੇ ਹਰਾ ਰੰਗ ਪੌਦਿਆਂ ਨੂੰ ਕਿਉਂ ਦਿੱਤਾ? ਸਾਵਣ ਦੇ ਮਹੀਨੇ ਵਿਚ ਇਹ ਹਰਿਆਲੀ ਬੱਦਲਾਂ ਦੇ ਖੜਾਕ ਨਾਲ ਨੱਚਣ ਲੱਗਦੀ ਹੈ। ਇਹ ਨਜ਼ਾਰਾ ਦੇਖਣਾ ਹਰ ਬੰਦੇ ਦੇ ਹਿੱਸੇ ਨਹੀਂ ਆਉਂਦਾ। ਜਦੋਂ ਕਿ ਕੁਦਰਤ ਪੱਤਝੜ ਤੋਂ ਬਾਅਦ ਪੱਤਿਆਂ ਦੇ ਰੂਪ 'ਚ ਆਪਣਾ ਹਰਾ ਰੰਗ ਸਾਕਾਰ ਕਰਦੀ ਹੈ। ਇਸ ਹਰੇ ਰੰਗ ਵਿੱਚੋਂ ਪਤਾ ਨਹੀਂ ਕਿੰਨੇ ਰੰਗ ਉਤਪੰਨ ਹੋ ਜਾਂਦੇ ਹਨ। ਇਹ ਵੀ ਤਾਂ ਇਕ ਤਮਾਸ਼ਾ ਹੀ ਹੈ। ਹੁਣ ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਕੁਦਰਤ ਸਭ ਪੇੜ ਪੌਦਿਆਂ ਨੂੰ ਕੋਈ ਪੀਲਾ ਰੰਗ ਦੇ ਦੇਵੇ ਜਾਂ ਫਿਰ ਨੀਲਾ ਰੰਗ ਦੇ ਦੇਵੇ ਤਾਂ ਕੀ ਹੋਵੇਗਾ? ਉਸ ਬਾਰੇ ਕਲਪਨਾ ਕਰਕੇ ਦੇਖੋ। ਪਰ ਕੁਦਰਤ ਨੇ ਇਸ ਨੂੰ ਹਰਾ ਰੰਗ ਹੀ ਦਿੱਤਾ ਹੈ। ਆਪ ਹੀ ਉਸ ਨੇ ਰੰਗ ਬਰੰਗੇ ਪੰਛੀ ਪੈਦਾ ਕੀਤੇ ਹਨ। ਜੇ ਕਾਂ ਕਾਲਾ ਹੈ ਤਾਂ ਮੋਰ ਨੂੰ ਕਈ ਰੰਗਾਂ ਦਾ ਮਾਲਕ ਬਣਾਇਆ ਹੈ। ਬੱਤਖ ਦੁੱਧ ਵਰਗੀ ਸਫ਼ੈਦ ਤੇ ਕਈ ਪੰਛੀਆਂ ਨੂੰ ਪੀਲੇ ਰੰਗ ਪ੍ਰਦਾਨ ਕੀਤੇ ਹਨ। ਇਹ ਸਭ ਕੁਦਰਤ ਤੇ ਖੇਡ ਤਮਾਸ਼ੇ ਦਾ ਇਕ ਹਿੱਸਾ ਹਨ।

ਹਰ ਬੰਦੇ ਨੂੰ ਅਲੱਗ-ਅਲੱਗ ਰੰਗ ਪਸੰਦ ਹਨ। ਮੀਂਹ ਪੈਣ ਤੋਂ ਬਾਅਦ ਵੀ ਸਤਰੰਗੀ ਪੀਂਘ ਅਸਮਾਨ ਨੂੰ ਕ੍ਰਿਸ਼ਮਈ ਬਣਾ ਦਿੰਦੀ ਹੈ। ਬਸੰਤ ਰੁੱਤ ਵਿਚ ਪੀਲਾ ਰੰਗ ਸਰਬੋਤਮ ਹੁੰਦਾ ਹੈ। ਖੇਤਾਂ ਵਿਚ ਸਰੋਂ ਦੇ ਪੀਲੇ-ਪੀਲੇ ਫੁੱਲਾਂ ਵੱਲ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਕੁਦਰਤ ਪੀਲੇ ਰੰਗ ਵਿਚ ਸੋਨਾ ਮਿਲਾ ਕੇ ਧਰਤੀ 'ਤੇ ਵਿਛਾ ਰਹੀ ਹੋਵੇ। ਕੁਦਰਤ ਨੇ ਲੋਹੇ ਨੂੰ ਧੂੜ ਵਰਗੀ ਰੰਗਤ ਦਿੱਤੀ ਹੈ ਤੇ ਫਿਰ ਸੋਨੇ ਨੂੰ ਪੀਲਕ ਬਖਸ਼ੀ ਹੈ। ਉੱਥੇ ਚਾਂਦੀ ਨੂੰ ਚਮਕ ਦੇ ਕੇ ਆਪਣੀ ਹਾਜ਼ਰੀ ਲਗਵਾਈ ਹੈ।

ਕਣਕ ਨੂੰ ਪੱਕਣ 'ਤੇ ਸੋਨੇ ਵਰਗਾ ਰੰਗ ਵੀ ਕੁਦਰਤ ਦੀ ਅੰਗੜਾਈ ਹੈ। ਨਦੀਆਂ, ਨਹਿਰਾਂ, ਸਮੁੰਦਰ ਸਭ ਨੂੰ ਰੰਗ ਦਿੱਤੇ ਹਨ। ਧਰਤੀ ਦੀਆਂ ਵੱਖ-ਵੱਖ ਰੰਗਾਂ ਦੀਆਂ ਪਰਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਕੁਦਰਤ ਹਰ ਪਾਸੇ ਵਿਰਾਜਮਾਨ ਹੈ।

ਕਿਸੇ ਨੂੰ ਨੀਲਾ ਰੰਗ ਪਸੰਦ ਹੈ ਤੇ ਕਿਸੇ ਨੂੰ ਇਸ ਰੰਗ ਤੋਂ ਨਫ਼ਰਤ ਹੈ। ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਬਣ ਕੇ ਉਭਰਿਆ ਹੈ ਤਾਂ ਸਫ਼ੈਦ ਰੰਗ ਸ਼ਾਂਤੀ ਨੂੰ ਹਲੂਣਾ ਦਿੰਦਾ ਹੈ। ਇਹ ਗੱਲ ਸਾਨੂੰ ਕੋਈ ਦੱਸ ਕੇ ਨਹੀਂ ਗਿਆ। ਸਗੋਂ ਮਨੁੱਖ ਦੇ ਮਨ ਨੇ ਆਪ ਬੁੱਝਿਆ ਹੈ। ਹਰ ਰੰਗ ਸਾਨੂੰ ਦੱਸਦਾ ਹੈ ਕਿ ਜ਼ਿੰਦਗੀ ਚੱਲ ਰਹੀ ਹੈ ਤੇ ਤਰੱਕੀਆਂ ਕਰੋ। ਉਥੇ ਸਫ਼ੈਦ ਅਤੇ ਹਰਾ ਰੰਗ ਪੀਰਾਂ ਫ਼ਕੀਰਾਂ ਦੀ ਪਹਿਲੀ ਪਸੰਦ ਹੁੰਦੇ ਹਨ। ਧਰਤੀ 'ਤੇ ਉੱਗਣ ਵਾਲੀ ਸਾਰੀ ਬਨਾਸਪਤੀ ਵੀ ਰੰਗ ਬਰੰਗੀ ਹੈ। ਜੇ ਲਾਲ ਰੰਗ ਸੁਹਾਗਣ ਦੀ ਨਿਸ਼ਾਨੀ ਹੈ ਤਾਂ ਸਫ਼ੈਦ ਰੰਗ ਵਿਧਵਾ ਦਾ ਪ੍ਰਤੀਕ ਹੋ ਨਿਬੜਦਾ ਹੈ। ਰੰਗਾਂ ਨੇ ਮਨੁੱਖ ਦੁਆਲੇ ਝੁਰਮਟ ਪਾ ਰੱਖਿਆ ਹੈ। ਵੱਖ-ਵੱਖ ਦੇਸ਼ਾਂ ਦੇ ਝੰਡਿਆਂ ਦੇ ਰੰਗ ਉੱਥੋਂ ਦੇ ਰਾਜਨੀਤਕ ਲੋਕਾਂ ਦੀ ਮਨੋਦਸ਼ਾ ਭਲੀਭਾਂਤ ਬਿਆਨ ਕਰਦੇ ਹਨ।

ਮਨੋਵਿਗਿਆਨੀ ਕਹਿੰਦੇ ਹਨ ਕਿ ਜੇ ਕਿਸੇ ਬੰਦੇ ਨੂੰ ਲਾਲ ਰੰਗ ਵਿਚ ਪੰਦਰਾਂ ਦਿਨ ਲਗਾਤਾਰ ਰੱਖਿਆ ਜਾਵੇ ਤਾਂ ਬੰਦੇ ਦਾ ਪਾਗ਼ਲ ਹੋਣਾ ਨਿਸ਼ਚਤ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਨੇ ਆਵਾਜਾਈ ਨੂੰ ਕੰਟਰੋਲ ਕਰਨ ਲਈ ਵੀ ਮਨੁੱਖ ਮਾਨਸਿਕਤਾ ਦੇ ਅਨੁਸਾਰ ਲਾਲ ਰੰਗ ਰੁਕੇ ਰਹਿਣਾ ਪੀਲਾ ਰੰਗ ਸਾਵਧਾਨ ਹੋ ਕੇ ਰੁਕੋ ਤੇ ਹਰਾ ਰੰਗ ਚੱਲਣ ਲਈ ਪੈਦਾ ਕੀਤਾ ਹੈ। ਗੱਡੀ 'ਤੇ ਲੱਗੀ ਲਾਲ ਬੱਤੀ ਅਮੀਰੀ ਤੇ ਟੌਹਰ ਲਈ ਸਿਰਜੀ ਗਈ ਘੰਟੀ ਹੈ। ਅੱਗ ਦਾ ਰੰਗ ਤੂਫ਼ਾਨ ਪੈਦਾ ਕਰਦਾ ਹੈ। ਉਵੇਂ ਹੀ ਬਰਫ਼ ਦਾ ਰੰਗ ਬੰਦੇ ਨੂੰ ਠੰਢਕ ਮਹਿਸੂਸ ਕਰਵਾਉਂਦਾ ਹੈ। ਸਾਡੀਆਂ ਨਾੜਾਂ ਵਿਚ ਚੱਲਣ ਵਾਲਾ ਖ਼ੂਨ ਵੀ ਲਾਲ ਰੰਗ ਦਾ ਹੈ। ਧਰਤੀ 'ਤੇ ਬਹੁਗਿਣਤੀ ਪਸ਼ੂ ਤੇ ਪੰਛੀਆਂ ਵਿਚ ਵੀ ਲਾਲ ਰੰਗ ਹੀ ਘਰ ਕਰੀ ਬੈਠਾ ਹੈ।

ਕੱਪੜਿਆਂ ਨੂੰ ਅਨੇਕਾਂ ਤਰ੍ਹਾਂ ਦੇ ਰੰਗ ਦਿੱਤੇ ਜਾਂਦੇ ਹਨ। ਹਰ ਬੰਦਾ ਆਪਣੀ ਮਰਜ਼ੀ ਅਨੁਸਾਰ ਰੰਗ ਪਾਉਂਦਾ ਹੈ। ਇਹ ਰੰਗ ਸਾਡੇ ਖੁਸ਼ੀਆਂ ਖੇੜੇ ਹਨ। ਇਕ ਬਿਮਾਰ ਬੰਦੇ ਨੂੰ ਰੰਗਾਂ ਨਾਲ ਕੋਈ ਮੋਹ ਨਹੀਂ ਹੁੰਦਾ। ਇਕ ਤੰਦਰੁਸ਼ਤ ਇਨਸਾਨ ਹਰ ਰੰਗ ਨਾਲ ਯਾਰੀ ਪਾਉਣਾ ਲੋਚਦਾ ਹੈ। ਇਸ ਕਰਕੇ ਹੀ ਤਾਂ ਹੁਸਨ ਜਵਾਨੀ ਤੇ ਮਾਪਿਆਂ ਨੂੰ ਰੰਗਾਂ ਵਿਚ ਤੋਲਿਆ ਜਾਂਦਾ ਹੈ। ਕਿਤੇ ਹਰਿਆਲੀ ਨੱਚਦੀ ਹੈ ਤੇ ਕਿਤੇ ਰੇਤੇ ਦਾ ਰੰਗ ਧੂੜ ਬਣਿਆ ਵਿਖਾਈ ਦਿੰਦਾ ਹੈ। ਰੰਗਾਂ ਦੇ ਇਹ ਭੇਦ ਮਨੁੱਖ ਕਦੇ ਵੀ ਨਹੀਂ ਸਮਝ ਸਕਦਾ। ਇਹ ਕੁਦਰਤ ਰੰਗਾਂ ਦੀ ਖੇਡ ਖੇਡਦੀ ਹੈ। ਕਿਹੜਾ ਰੰਗ ਕਿਹੜੇ ਸਮੇਂ ਘਟਾਅ ਪੈਦਾ ਕਰਦੇ ਇਹ ਕਿਸੇ ਨੂੰ ਨਹੀਂ ਪਤਾ। ਕੁਦਰਤ ਦੇ ਇਹ ਰੰਗ ਕਦੇ ਵੀ ਨਹੀਂ ਮਰ ਸਕਦੇ। •

---

# ਔਕਾਤ ਦੇ ਮਾਅਨੇ ਤੇ ਪੈਮਾਨੇ

**ਸਮਾਜ 'ਚ ਹਰ ਵਿਅਕਤੀ ਦੀਆਂ ਮਾਨਸਿਕ, ਆਰਥਿਕ ਤੇ ਹੋਰ ਕਈ ਯੋਗਤਾਵਾਂ ਮਿੱਥ ਲਈਆਂ ਜਾਂਦੀਆਂ ਹਨ, ਜਿਸ ਨੂੰ ਉਸਦੀ ਔਕਾਤ ਦੱਸਿਆ ਜਾਣ ਲੱਗ ਜਾਂਦਾ ਹੈ। ਈਰਖਾ ਅਤੇ ਸਾੜਾ ਇਸੇ ਦਰਜਾਬੰਦੀ ਦੀ ਮਿੱਟੀ 'ਚ ਉੱਗੇ ਹੋਏ ਬੂਟੇ ਹੁੰਦੇ ਹਨ...**

• ਕਮਲਪ੍ਰੀਤ ਸਿੰਘ
88376-74052

ਮਨੁੱਖ ਵਿਚਲੇ ਕੁਝ ਗੁਣ ਅਤੇ ਔਗੁਣ ਉਸ ਨੂੰ ਕੁਦਰਤੀ ਤੌਰ 'ਤੇ ਮਿਲਦੇ ਹਨ ਅਤੇ ਬਾਕੀ ਉਸ ਅੰਦਰ ਸਮਾਜਿਕ ਕਦਰਾਂ ਕੀਮਤਾਂ, ਪਰਿਵਾਰਕ ਮਾਹੌਲ ਆਦਿ ਤੋਂ ਉੱਭਰਦੇ ਹਨ। ਪਰ ਕੁਝ ਕੁ ਮਨੁੱਖੀ ਵਿਸ਼ੇਸ਼ਤਾਵਾਂ ਕਦੇ ਗੁਣ ਕਦੇ ਔਗੁਣ ਦੋਵਾਂ ਦਾ ਰੂਪ ਧਾਰ ਸਕਦੀਆਂ ਹਨ। ਅਜਿਹੀ ਹੀ ਇਕ ਮਨੁੱਖੀ ਵਿਸ਼ੇਸ਼ਤਾ ਹੈ - ਤੁਲਨਾਤਮਕ ਪ੍ਰਵਿਰਤੀ। ਸਾਡੇ ਸਮਾਜਿਕ ਢਾਂਚੇ ਵਿਚਲੇ ਅਨੇਕਾਂ ਕਿਸਮ ਦੇ ਵਰਗੀਕਰਣ ਇਸ ਪ੍ਰਵਿਰਤੀ ਦਾ ਹੀ ਪ੍ਰਮਾਣ ਹਨ। ਤੁਲਨਾ ਜਦੋਂ ਆਪਣੇ ਤੋਂ ਉੱਚ ਪੱਧਰੀ ਸ਼ਖ਼ਸੀਅਤ ਨਾਲ ਆਪਣਾ ਮਿਆਰ ਉੱਚਾ ਚੁੱਕਣ ਲਈ ਕੀਤੀ ਜਾਵੇ ਤਾਂ ਇਹ ਗੁਣ ਅਖਵਾਉਂਦੀ ਹੈ। ਪਰ ਜਦੋਂ ਆਪਣੇ ਤੋਂ ਕਮਜ਼ੋਰ ਅਤੇ ਲਾਚਾਰ ਨਾਲ ਆਪਣੀ ਹਉਮੈ ਪ੍ਰਫੁੱਲਤ ਕਰਨ ਲਈ ਕੀਤੀ ਜਾਵੇ ਤਾਂ ਇਹ ਔਗੁਣ ਹੋ ਨਿੱਬੜਦੀ ਹੈ।

ਸਮਾਜ ਵਿਚ ਹਰੇਕ ਵਿਅਕਤੀ ਦੀਆਂ ਮਾਨਸਿਕ, ਆਰਥਿਕ ਅਤੇ ਹੋਰ ਕਈ ਤਰ੍ਹਾਂ ਦੀਆਂ ਯੋਗਤਾਵਾਂ ਮਿੱਥ ਲਈਆਂ ਜਾਂਦੀਆਂ ਹਨ, ਜਿਸ ਨੂੰ ਉਸਦੀ ਔਕਾਤ ਦੱਸਿਆ ਜਾਣ ਲੱਗ ਜਾਂਦਾ ਹੈ। ਈਰਖਾ ਅਤੇ ਸਾੜਾ ਇਸੇ ਦਰਜਾਬੰਦੀ ਦੀ ਮਿੱਟੀ ਵਿਚ ਉੱਗੇ ਹੋਏ ਬੂਟੇ ਹੁੰਦੇ ਹਨ। 'ਉਹਦੀ ਕੀ ਔਕਾਤ ਐ' ਇਹ ਵਾਕ ਕਿਸੇ ਦੇ ਹੰਕਾਰ ਨੂੰ ਚਾਰ ਚੰਨ ਲਾਉਣ ਲਈ ਕਾਫ਼ੀ ਹੁੰਦਾ ਹੈ। ਕਿਸੇ ਸੋਚ ਦੀ ਚੌੜਾਈ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਦੂਜਿਆਂ ਦੀ ਔਕਾਤ ਮਾਪਣ ਲੱਗਿਆਂ ਉਹ ਪੈਮਾਨਾ ਕੀ ਰੱਖਦੀ ਹੈ। ਸੌੜੀਆਂ ਸੋਚਾਂ ਹਮੇਸ਼ਾ ਲਿਬਾਸ ਨੂੰ ਲਹਿਜ਼ੇ ਨਾਲੋਂ ਜ਼ਿਆਦਾ ਤਰਜ਼ੀਹ ਦਿੰਦੀਆਂ ਹਨ।

ਔਕਾਤ ਮਾਪਣ ਦੇ ਅਨੇਕਾਂ ਪੱਖ ਹੋ ਸਕਦੇ ਹਨ। ਮਿਸਾਲ ਵਜੋਂ ਇਕ ਕਵਿਤਾ ਮੁਕਾਬਲੇ ਵਿਚ ਜੇਤੂ ਚੁਣੇ ਜਾਣ ਵਾਲੇ ਕਵੀ ਨੇ ਤੈਸ਼ ਵਿਚ ਆ ਕੇ ਮੰਚ ਉੱਤੇ ਆਪਣੇ ਜੇਤੂ ਭਾਸ਼ਣ ਦੌਰਾਨ ਹੀ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਦੂਜੇ ਕਵੀਆਂ 'ਚੋਂ ਦੋ-ਚਾਰ ਦੀਆਂ ਰਚਨਾਵਾਂ ਵਿਚ ਨਘੋਚਾਂ ਕੱਢ ਦਿੱਤੀਆਂ। ਸਮਾਗਮ ਸਮਾਪਤ ਹੋਣ ਤੇ ਉਨ੍ਹਾਂ ਵਿੱਚੋਂ ਇਕ ਕਵੀ ਉਸ ਕੋਲ ਆਇਆ ਤੇ ਬੜੀ ਨਿਮਰਤਾ ਨਾਲ ਇਕ ਚਿੱਠੀ ਦੇ ਕੇ 'ਘਰ ਜਾ ਕੇ ਪੜ੍ਹ ਲੈਣਾ' ਕਹਿ ਕੇ ਚਲਾ ਗਿਆ। ਜੇਤੂ ਕਵੀ ਨੇ ਜਦ ਘਰ ਜਾ ਕੇ ਉਹ ਚਿੱਠੀ ਪੜ੍ਹੀ ਤਾਂ ਉਸ ਵਿਚ ਉਸਦੀ ਕਾਵਿ ਪ੍ਰਤਿਭਾ ਦੀ ਰੱਜ ਕੇ ਪ੍ਰਸ਼ੰਸਾ ਲਿਖਣ ਉਪਰੰਤ ਲਿਖਿਆ ਸੀ,'ਤੁਸੀਂ ਅੱਜ ਮੰਚ ਉੱਤੇ ਆਪਣੇ ਜੇਤੂ ਭਾਸ਼ਣ ਦੌਰਾਨ ਇਕ ਵਾਕ ਜਿਸ ਵਿਲਾਇਤੀ ਭਾਸ਼ਾ ਦਾ ਬੋਲਿਆ ਸੀ, ਇਤਫਾਕਨ ਉਸੇ ਭਾਸ਼ਾ ਵਿਚ ਖ਼ਾਸ ਦਿਲਚਸਪੀ ਹੋਣ ਕਾਰਨ ਮੈਂ ਇਹ ਵਾਚ ਗਿਆ ਸਾਂ ਕਿ ਤੁਸੀਂ ਜਾਣੇ-ਅਣਜਾਣੇ ਉਸ ਵਿਚਲੇ ਦੋ ਸ਼ਬਦ ਗ਼ਲਤ ਬੋਲ ਗਏ ਸਨ, ਜੋ ਮੈਂ ਅਰਥਾਂ ਸਮੇਤ ਹੇਠ ਲਿਖ ਰਿਹਾ ਹਾਂ। ਚਾਹੁੰਦਾ ਤਾਂ ਤੁਹਾਨੂੰ ਉਦੋਂ ਹੀ ਟੋਕ ਦਿੰਦਾ, ਪਰ ਮੈਂ ਇਹ ਠੀਕ ਨਹੀਂ ਸਮਝਿਆ ਕਿਉਂਕਿ ਉਸ ਸਮੇਂ ਤੁਸੀਂ ਸਾਡੇ ਸਾਰੇ ਕਵੀਆਂ ਦੀ ਨੁਮਾਇੰਦਗੀ ਕਰ ਰਹੇ ਸੀ।' ਪੜ੍ਹ ਕੇ ਜੇਤੂ ਕਵੀ ਦੇ ਹੋਸ਼ ਉੱਡ ਗਏ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਅੱਜ ਮੁਕਾਬਲੇ ਵਿਚ ਆਪਣੇ ਤੋਂ ਹਾਰੇ ਇਸ ਕਵੀ ਦੀ ਔਕਾਤ ਮਾਪਣ ਲਈ ਉਹ ਹੁਣ ਕਿਹੜੇ ਪੈਮਾਨੇ ਦੀ ਵਰਤੋਂ ਕਰੇ। ਕੀ ਔਕਾਤ ਕਿਆਸਣ ਲਈ ਵਿਵਹਾਰਿਕ ਪੱਖ ਕੋਈ ਵਿਕਲਪ ਨਹੀਂ ਹੋ ਸਕਦਾ?



ਦਰਅਸਲ, ਦੂਜਿਆਂ ਬਾਰੇ ਆਪਣੀ ਰਾਇ ਘੜ੍ਹ ਲੈਣ ਵਿਚ ਮਨੁੱਖ ਦਾ ਕੋਈ ਸਾਨੀ ਨਹੀਂ। ਆਪਣੀ ਵਸਾਤ ਭੁੱਲ ਕੇ ਕਿਸੇ ਦੀ ਔਕਾਤ ਚੇਤੇ ਕਰਨ ਲੱਗਿਆਂ ਉਹ ਰਤਾ ਦੇਰ ਨਹੀਂ ਲਾਉਂਦਾ। ਇਸ ਤੋਂ ਵੀ ਮੰਦਭਾਗਾ ਵਰਤਾਰਾ ਤਾਂ ਇਹ ਹੁੰਦਾ ਹੈ ਕਿ ਅਗਲੇ ਬਾਰੇ ਬਣੀ ਆਪਣੀ ਰਾਇ ਨੂੰ ਮੱਲੋ-ਜ਼ੋਰੀ ਉਸ 'ਤੇ ਥੋਪਣ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ। ਅਜਿਹੇ ਵਿਚ ਜੇ ਕੋਈ ਆਜ਼ਾਦ ਖਿਆਲ ਕਿਸੇ ਦੇ ਜ਼ਿਹਨ ਦਾ ਬੂਹਾ ਖੜਕਾ ਵੀ ਦੇਵੇ ਤਾਂ ਉਸ ਨੂੰ ਬੰਦ ਰੱਖਣ ਲਈ ਜਲਾਲਤ ਅਤੇ ਨਸੀਹਤ ਦਿਆਂ ਜਿੰਦਰਿਆਂ ਦਾ ਸਹਾਰਾ ਲਿਆ ਜਾਂਦਾ ਹੈ। ਉਸ ਵੱਲੋਂ ਆਪਣੀ ਔਕਾਤ ਭੁੱਲ ਜਾਣ ਦੀ ਦੁਹਾਈ ਦਿੱਤੀ ਜਾਂਦੀ ਹੈ। ਜ਼ਮੀਨ 'ਤੇ ਰਹਿੰਦਿਆਂ ਅਸਮਾਨ ਵਿਚ ਉੱਡਣ ਦੇ ਖ਼ੁਆਬ ਦੇਖਣਾ ਔਕਾਤ ਭੁੱਲਣਾ ਨਹੀਂ ਅਖਵਾਉਂਦਾ। ਖ਼ਾਸ ਕਰ ਜਦੋਂ ਹੁਨਰ ਦਿਆਂ ਖੰਭਾਂ ਨੂੰ ਸ਼ਿੱਦਤ ਨਾਲ ਖੋਲ੍ਹਣ ਦੀਆਂ ਕੋਸ਼ਿਸ਼ਾਂ ਜਾਰੀ ਹੋਣ। ਜਹਾਜ਼ ਦੀ ਕਾਢ ਇਸੇ ਤਰ੍ਹਾਂ ਦੀ ਸ਼ਿੱਦਤ ਦੀ ਮਿਸਾਲ ਹੈ। ਪਰ ਬਿਨਾਂ ਖੰਭ ਖੋਲ੍ਹਿਆਂ ਉੱਡਣ ਦਾ ਯਤਨ ਔਕਾਤ ਭੁੱਲਣ ਦੀ ਨਿਸ਼ਾਨੀ ਹੁੰਦਾ ਹੈ।

ਹੱਦਬੰਦੀ ਦਾ ਵੀ ਆਪਣਾ ਮਹੱਤਵ ਹੁੰਦਾ ਹੈ। ਪਾਣੀ ਨੂੰ ਸਮੁੰਦਰ ਕਿਨਾਰੇ ਬਣਾਕੇ ਰੱਖਦੇ ਹਨ, ਨਹੀਂ ਉਹ ਖ਼ੁਦ ਨੂੰ ਹੜ੍ਹ ਸਾਬਤ ਕਰ ਦਿੰਦਾ ਹੈ। ਇਕ ਹੱਦ ਤੋਂ ਵੱਧ ਕੇ ਸਵੈ-ਵਿਸ਼ਵਾਸ ਵੀ ਹੰਕਾਰ ਬਣ ਜਾਂਦਾ ਹੈ। ਜੋ ਆਪਾਂ ਇਕੱਲਿਆਂ ਬੈਠ ਕੇ ਆਪਣੇ ਆਪ ਨੂੰ ਦੱਸਦੇ ਹਾਂ ਉਹ ਆਪਣੀ ਸਹੀ ਔਕਾਤ ਹੁੰਦੀ ਹੈ। ਇਹ ਖ਼ੁਦ ਨੂੰ ਦੱਸਣੀ ਬਹੁਤ ਜ਼ਰੂਰੀ ਹੁੰਦੀ ਹੈ। ਕਿਉਂਕਿ ਬਿਹਤਰੀਨ ਨੂੰ ਹੋਰ ਬਿਹਤਰ ਨਹੀਂ ਬਣਾਇਆ ਜਾ ਸਕਦਾ, ਸਿਰਫ਼ ਬਿਹਤਰ ਤੋਂ ਬਿਹਤਰੀਨਤਾ ਵੱਲ ਵਧਿਆ ਜਾ ਸਕਦਾ ਹੈ।

ਜ਼ਿੰਦਗੀ ਇਕ ਬਹੁਰੰਗੀ ਸ਼ੈਅ ਹੈ, ਜਿਸ ਵਿਚਲੇ ਹਰੇਕ ਹਾਲਾਤ ਦਾ ਆਪਣਾ ਰੰਗ ਹੁੰਦਾ ਹੈ। ਸਾਡੇ ਅਜੋਕੇ ਫ਼ੈਸਲੇ ਹੀ ਸਾਡੇ ਅਗੇਤੇ ਹਾਲਾਤ ਸਿਰਜਦੇ ਹਨ। ਹੋਣੀ ਨੂੰ ਕਿਸਮਤ ਉਦੋਂ ਤਕ ਲਿਖਦੀ ਹੈ ਜਦੋਂ ਤਕ ਉਸ ਨੂੰ ਲਿਖਣ ਦਿੱਤਾ ਜਾਂਦਾ ਹੈ। ਕਾਮਯਾਬੀ ਦੀ ਕਹਾਣੀ ਲਿਖਣ ਲਈ ਮਿਹਨਤ ਦੀ ਕਲਮ ਚੁੱਕਣੀ ਹੀ ਪੈਂਦੀ ਹੈ। ਤਰਾਸ਼ਿਆ ਹੋਇਆ ਹੋਣ ਕਰਕੇ ਹੀ ਹੀਰਾ ਕੀਮਤੀ ਹੁੰਦਾ ਹੈ। ਜ਼ਿੰਦਗੀ ਦੇ ਥੋੜ੍ਹੇ ਰੰਗ ਦੇਖਣ ਵਾਲੇ ਵਿਅਕਤੀ ਕਮਜ਼ੋਰ ਅਤੇ ਊਣੇ ਹੁੰਦੇ ਹਨ। ਸ਼ਖ਼ਸੀਅਤਾਂ ਸਦਾ ਜ਼ਿੰਦਗੀ ਦਿਆਂ ਤਜਰਬਿਆਂ ਤੋਂ ਉੱਭਰਦੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਲਈ ਔਕਾਤ ਦੇ ਮਾਅਨੇ ਅਤੇ ਪੈਮਾਨੇ ਵੱਖਰੇ ਹੀ ਹੁੰਦੇ ਹਨ। •

---

## ਪੁਸਤਕ ਚਰਚਾ

ਸ਼ਾਇਰਾ ਦੀ ਇਸ ਪੁਸਤਕ ਵਿਚ ਛੋਟੀਆਂ ਵਡੀਆਂ 101 ਕਾਵਿ ਰਚਨਾਵਾਂ ਹਨ। ਕਵਿਤਾਵਾਂ ਦੇ ਵੰਨ ਸੁਵੰਨੇ ਵਿਸ਼ੇ ਜ਼ਿੰਦਗੀ ਦੇ ਯਥਾਰਥ ਨਾਲ ਜੁੜੇ ਹੋਏ ਹਨ। ਬਘੇਲ ਸਿੰਘ ਧਾਲੀਵਾਲ (ਝਲੂਰ) ਬਰਨਾਲਾ ਨੇ ਸ਼ਾਇਰਾ ਨੂੰ ਘਟ ਬੋਲਣ ਤੇ ਵੱਧ ਲਿਖਣ ਵਾਲੀ ਮੰਨਿਆ ਹੈ। ਇਹ ਕਵਿਤਾਵਾਂ ਰੂਹ ਦੇ ਤਰਾਨੇ ਛੇੜਦੀਆਂ ਹਨ। ਕਵਿਤਾ 'ਚੰਨ ਮਾਤਾ ਗੁਜਰੀ ਦਾ' ਵਿਚ ਦਸਵੇਂ ਗੁਰੂ ਜੀ ਦੇ ਮਹਾਨ ਕੌਤਕ ਖ਼ਾਲਸੇ ਦੀ ਸਿਰਜਣਾ ਦਾ ਇਤਿਹਾਸ ਹੈ। ਸ਼ਾਨ ਖ਼ਾਲਸੇ ਦੀ ਕਵਿਤਾ ਦੇ ਬੋਲ ਹਨ---

ਪਿਆ ਕੇ ਅੰਮ੍ਰਿਤ ਖੰਡੇ ਦਾ
ਗੁਰ ਨੇ ਸਾਜੀ ਕੌਮ ਨਿਰਾਲੀ

'ਬਾਬਾ ਨਾਨਕ' ਵਿਚ ਸੱਜਣ ਠਗ ਤੇ ਭਾਈ ਲਾਲੋ ਦਾ ਜ਼ਿਕਰ ਹੈ । 'ਮਾਂ ਬੋਲੀ' ਕਵਿਤਾ ਵਿਚ ਪਰਦੇਸੀਂ ਜਾਣ ਵਾਲਿਆਂ ਨੂੰ ਉਲਾਂਭਾ ਹੈ ਕਿ ਉਹ ਮਾਂ ਬੋਲੀ ਭੁੱਲ ਗਏ ਹਨ। -ਮਾਂ ਬੋਲੀ ਦਾ ਮਜ਼ਾਕ ਉਡਾਉਂਦੇ/ ਆਪਣੀ ਮਾਂ ਨੂੰ ਦਾਅ 'ਤੇ ਲਾ ਕੇ। ਮਾਂ ਬੋਲੀ ਦੀ ਚਿੰਤਾ ਵੇਖੋ -ਮਾਂ ਬੋਲੀ ਜੇ ਭੁੱਲ ਜਾਉਗੇ / ਮਿੱਟੀ ਦੇ ਵਿਚ ਰੁਲ ਜਾਉਗੇ । ਨਾਲ ਹੀ ਸ਼ਾਇਰਾ ਨੇ ਬਾਬਾ ਨਾਨਕ ਦੀ ਬਾਣੀ ਤੇ ਸੂਫੀ ਸ਼ਇਰਾਂ ਨਾਲ ਜੁੜਨ ਦੀ ਤਾਗੀਦ ਕੀਤੀ ਹੈ । ਕਵਿਤਾਵਾਂ ਚੌਗਿਰਦਾ, ਰੁੱਤ ਬਸੰਤੀ, ਸਾਉਣ ਮਹੀਨਾ, ਥੋਹਰ, ਸਾਉਣ, ਨਿਰੋਲ ਕੁਦਰਤ ਨਾਲ ਜੁੜੀਆਂ ਰਚਨਾਵਾਂ ਹਨ। ਔਰਤ ਦੀ ਜ਼ਿੰਦਗੀ ਦੇ ਕੁਝ ਪੱਖ ਕਵਿਤਾਵਾਂ-ਕਠਪੁਤਲੀ, ਜੱਗ ਜਨਣੀ, ਮਾਂ, ਧੀ ਦੀ ਪੁਕਾਰ, ਅਬਲਾ ਨਾਰੀ, ਮਾਂ ਸ਼ਬਦ, ਬੇਗਾਨੀ ਜਾਈ ਵਿਚ ਪੇਸ਼ ਕੀਤੇ ਹਨ। ਮਾਂ ਧੀ ਦੇ ਰਿਸ਼ਤੇ ਦੀ ਪਾਕੀਜ਼ਗੀ ਦੀ ਗੱਲ ਹੈ। ਕਵਿਤਾ ਸ਼ਿਵ 'ਚ ਕਵਿਤਰੀ ਨੇ ਬਿਰਹਾ ਦੇ ਸੁਲਤਾਨ ਕਵੀ ਸ਼ਿਵ ਕੁਮਾਰ ਬਟਾਲਵੀ ਨੂੰ ਸ਼ਿੱਦਤ ਨਾਲ ਯਾਦ ਕੀਤਾ ਹੈ । ਪੁਸਤਕ ਵਿਚ 75-101 ਤਕ ਦੀਆਂ ਕਵਿਤਾਵਾਂ ਲਘੂ ਰਚਨਾਵਾਂ ਹਨ। ਪਰ ਇਨ੍ਹਾਂ ਵਿਚ ਖਿਆਲਾਂ ਦੀ ਸੁਰ ਉੱਚੀ ਹੈ। ਮਨੁੱਖੀ ਮਾਨਸਿਕਤਾ ਦੀ ਤਰਜਮਾਨੀ ਕਰਦੀਆਂ ਹਨ । ਹਿਜਰ ਦੇ ਮਾਰੇ ਲੋਕਾਂ ਨਾਲ ਸ਼ਾਇਰਾ ਦੀ ਮੁਹੱਬਤ ਹੈ। ਘੁੰਗਰੂ ਵਿਚ ਹੀਰ ਰਾਂਝੇ ਦੇ ਪ੍ਰਸੰਗ ਵਿਚ ਇਸ਼ਕ ਹਕੀਕੀ ਦਾ ਖਿਆਲ ਹੈ। ਲਘੂ ਕਵਿਤਾਵਾਂ ਦੇ ਵਿਸ਼ੇ ਰਹੱਸਵਾਦੀ ਤੇ ਗਹਿਰਾਈ ਵਾਲੇ ਹਨ। ਲਘੂ ਕਵਿਤਾਵਾਂ ਸ਼ਾਇਰਾ ਦੀ ਕਾਵਿਕ ਅਮੀਰੀ ਦਾ ਪ੍ਰਮਾਣ ਹਨ। ਟਾਈਟਲ ਪੰਨੇ ਤੇ ਨਿਰਮਲ ਕੌਰ ਕੋਟਲਾ ਦੇ ਭਾਵਪੂਰਤ ਸ਼ਬਦ ਹਨ ।




ਕਹਾਣੀਕਾਰਾ ਪ੍ਰੀਤਮਾ ਦੋਮੇਲ ਦੀ ਇਸ ਪੁਸਤਕ 'ਚ ਇਕ ਦਰਜਨ ਕਹਾਣੀਆਂ ਹਨ। ਕਹਾਣੀਆਂ ਦੇ ਵਿਸ਼ੇ ਸਮਾਜਿਕ ਹਨ। ਇਨ੍ਹਾਂ ਵਿਚ ਔਰਤ ਦੇ ਵੱਖ-ਵੱਖ ਚਿੱਤਰ ਹਨ। 'ਰੂਹ ਦੀ ਮੁਸਕਾਨ' ਦੀ ਔਰਤ ਪ੍ਰਾਈਵੇਟ ਸਕੂਲ ਮੁਖੀ ਹੈ। ਉਸ ਦੀ ਥਾਂ ਮੈਨੇਜਮੈਂਟ ਕਮੇਟੀ ਕਿਸੇ ਹੋਰ ਨੂੰ ਰੱਖਣ ਲਈ ਮੁੱਖ ਅਧਿਆਪਕਾ 'ਤੇ ਗ਼ਲਤ ਕਿਸਮ ਦੇ ਦੋਸ਼ ਲਾਉਂਦੀ ਹੈ। ਉਹ ਉਦਾਸ ਹੈ। 'ਮੈਂ' ਪਾਤਰ ਵੀ ਉਸੇ ਸਕੂਲ ਵਿਚ ਹੈ। ਉਹ ਉਸ ਨੂੰ ਹੌਸਲਾ ਦਿੰਦੀ ਹੈ ਤੇ ਮੈਨੇਜਮੈਂਟ ਨਾਲ ਲੜਨ ਲਈ ਤਿਆਰ ਕਰਦੀ ਹੈ। ਪ੍ਰੈਸ ਵਿਚ ਆਪਣੀ ਆਵਾਜ਼ ਉਠਾਉਂਦੀ ਹੈ। ਇਸ ਕਦਮ ਨਾਲ ਸਸਪੈਂਡ ਹੋਈ ਔਰਤ ਨੂੰ ਮਾਨਸਿਕ ਤਸੱਲੀ ਮਿਲਦੀ ਹੈ ਤੇ ਉਸ ਦੇ ਚਿਹਰੇ 'ਤੇ ਮੁਸਕਾਨ ਆ ਜਾਂਦੀ ਹੈ।

ਕਹਾਣੀ 'ਅੱਧੋ ਅੱਧ' ਦੀ ਗ਼ਰੀਬ ਔਰਤ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਪੈਸੇ ਕਮਾਉਂਦੀ ਹੈ। ਉਸ ਦਾ ਪਤੀ ਕਿਸੇ ਹੋਰ ਔਰਤ ਨਾਲ ਨਜਾਇਜ਼ ਸਬੰਧ ਬਣਾਉਂਦਾ ਹੈ। ਜਿਸ ਦਾ ਪਤਾ ਫਿਲਮੀ ਅੰਦਾਜ਼ ਵਿਚ ਪਤਨੀ ਨੂੰ ਲਗ ਜਾਂਦਾ ਹੈ। ਪਤੀ ਦੀ ਨਜ਼ਰ ਖਰਾਬ ਹੋ ਜਾਂਦੀ ਹੈ। ਜਿਸ ਔਰਤ ਨਾਲ ਪਤੀ ਦੇ ਸਬੰਧ ਹਨ । ਉਸ ਨੂੰ ਆਪਣੀ ਅੱਧੀ ਕਮਾਈ (30 ਰੁਪਏ) ਇਹ ਕਹਿ ਕੇ ਦਿੰਦੀ ਹੈ ਕਿ ਇਹ ਰੁਪਏ ਉਸ ਦੇ ਪਤੀ ਨੇ ਭੇਜੇ ਹਨ। ਬਿਲਕੁਲ ਨਾਨਕ ਸਿੰਘ ਦੇ ਨਾਵਲ ਪਵਿੱਤਰ ਪਾਪੀ ਵਾਲਾ ਦ੍ਰਿਸ਼ ਹੈ। ਕਹਾਣੀ 'ਹੈਡਮਿਸਟਰੈਸ' ਵਿਚ ਸਾਰੀ ਸਥਿਤੀ ਹਾਸ ਰਸ ਵਾਲੀ ਹੈ। ਇਸ ਵਿਚ ਔਰਤ ਪਾਤਰ ਸਕੂਲ ਦੀ ਕੁਰਸੀ ਲੈਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਦੀ ਹੈ। ਸਿਰਲੇਖ ਵਾਲੀ ਕਹਾਣੀ ਵਿਚ ਮਰਦ ਆਪਣੀ ਪਤਨੀ 'ਤੇ ਸ਼ੱਕ ਕਰਦਾ ਹੈ। ਨੌਬਤ ਕਤਲ ਕਰਾਉਣ ਤਕ ਆ ਜਾਂਦੀ ਹੈ। ਪਰ ਉਸ ਦਾ ਕਤਲ ਹੁੰਦਾ ਨਹੀਂ। 'ਦੁਬਿਧਾ' ਕਹਾਣੀ ਵੀ ਦੋ ਭੈਣਾਂ ਦੀ ਹੈ। ਇਕ ਸ਼ਾਦੀ ਸ਼ੁਦਾ ਤੇ ਦੂਸਰੀ ਕੁਆਰੀ ਹੈ। ਭੈਣਾਂ ਵਿਚ ਪਰਿਵਾਰਕ ਸੰਕਟ ਹੈ। 'ਭੁਲੇਖਾ' ਵਿਚ ਮਤਰੇਈ ਮਾਂ ਦਾ ਗ਼ਲਤ ਵਤੀਰਾ ਹੈ। 'ਹੁਣ ਵੀ' ਫਿਲਮੀ ਤਰਜ਼ ਦੀ ਵਧੀਆ ਕਹਾਣੀ ਹੈ। ਸੰਗ੍ਰਹਿ ਦੀਆਂ ਕਥਾ ਰਸ ਭਰਪੂਰ ਕਹਾਣੀਆਂ ਵਿਚ ਰੋਚਿਕਤਾ ਹੈ।




• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

ਦੇਵਿੰਦਰ ਦੀਦਾਰ ਕਹਾਣੀਆਂ ਅਤੇ ਨਿਬੰਧ ਲਿਖਣ ਵਿਚ ਰੁਚਿਤ ਹੈ। ਆਪਣੀਆਂ ਪਹਿਲੀਆਂ ਚਾਰ ਨਿਬੰਧ ਪੁਸਤਕਾਂ ਰਾਹੀਂ ਉਸ ਨੇ ਆਪਣੇ ਆਲੋਚਕਾਂ ਅਤੇ ਪਾਠਕਾਂ ਵਿਚ ਚੰਗੀ ਭੱਲ ਬਣਾ ਲਈ ਹੈ। ਲੇਖਕ ਨੇ ਨਿਬੰਧਾਂ ਦੀ ਨਵੀਂ ਪੁਸਤਕ 'ਪੋਹ ਦੀ ਚਾਨਣੀ' ਹੁਣੇ ਹੁਣੇ ਛਪ ਕੇ ਆਈ ਹੈ। ਉਸ ਨੇ ਇਸ ਨੂੰ ਇਕ ਪ੍ਰਤੀਕ ਵਜੋਂ ਵਰਤਿਆ ਹੈ। 'ਪੋਹ ਦੀ ਚਾਨਣੀ' ਭਾਵੇਂ ਆਪਣੇ ਪੂਰੇ ਜਲੌਅ ਵਿਚ ਚਮਕ ਰਹੀ ਹੋਵੇ ਪਰ ਪੋਹ ਦੀ ਠੰਢ, ਧੁੰਦ ਅਤੇ ਕੋਰਹੇ ਕਾਰਨ ਉਸ ਦਾ ਆਨੰਦ ਨਹੀਂ ਮਾਣਿਆ ਜਾ ਸਕਦਾ। ਇਸ ਤਰ੍ਹਾਂ ਹੁਣ ਦਾ ਜ਼ਮਾਨਾ ਵਿਕਾਸ ਦਾ ਜ਼ਮਾਨਾ ਹੈ।

ਮਨੁੱਖ ਨੇ ਵਿਗਿਆਨ ਅਤੇ ਤਕਨਾਲੋਜੀ ਰਾਹੀਂ ਅਨੇਕਾਂ ਵਸਤੂਆਂ ਅਤੇ ਸੁੱਖ ਸਮ੍ਰਿੱਧੀ ਦਾ ਪਸਾਰਾ ਤਾਂ ਭਾਵੇਂ ਕਰ ਲਿਆ ਹੈ ਪਰ ਕੀ ਅੱਜ ਦਾ ਮਨੁੱਖ ਸੌਖਾ ਹੋ ਰਿਹਾ ਹੈ? ਅੱਜ ਦੇ ਮਨੁੱਖ ਕੋਲ ਨਾ ਆਚਰਣ ਰਿਹਾ ਹੈ, ਨਾ ਚਰਿੱਤਰ ਤੇ ਨਾ ਹੀ ਮਨ ਦੀ ਸ਼ਾਂਤੀ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਈਮਾਨੀ ਤੇ ਪੈਸੇ ਦੀ ਅੰਨ੍ਹੀ ਦੌੜ ਉਸ ਦੀ ਹੋਣੀ ਬਣਦੀ ਜਾ ਰਹੀ ਹੈ। ਕਦੀ ਸੋਨੇ ਦੀ ਚਿੜੀ ਕਹਾਉਣ ਵਾਲਾ ਇਹ ਦੇਸ਼ ਵਿਹਲੜਾਂ, ਨਸ਼ਈਆਂ ਤੇ ਮਤਲਬੀ ਲੋਕਾਂ ਦਾ ਦੇਸ਼ ਬਣਦਾ ਜਾ ਰਿਹਾ ਹੈ। ਅਸੀਂ ਆਪਣਾ ਕਿਰਦਾਰ ਭੁੱਲਦੇ ਜਾ ਰਹੇ ਹਾਂ। ਭੀੜ 'ਚ ਰਹਿ ਕੇ ਵੀ ਇਕੱਲੇ ਹੁੰਦੇ ਜਾ ਰਹੇ ਹਾਂ। ਲੇਖਕ ਦੀਆਂ ਇਹ ਲਿਖਤਾਂ ਫ਼ਿਕਰਮੰਦੀ ਵਾਲੀਆਂ ਹਨ। ਉਹ ਆਪਣੇ ਇਨ੍ਹਾਂ ਨਿਬੰਧਾਂ ਵਿਚ ਮਨੁੱਖ ਦੀਆਂ ਅਸਤ ਹੋ ਰਹੀਆਂ ਸ਼ਕਤੀਆਂ ਵੱਲ ਸੰਕੇਤ ਕਰਦਾ ਹੋਇਆ, ਸਿਹਤਮੰਦ ਤੇ ਤਾਕਤਵਰ ਕਦਰਾਂ ਕੀਮਤਾਂ ਵਾਲੇ ਸਮਾਜ ਅਤੇ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ। ਉਹ ਸਮਾਜ ਵਿਚ ਪਨਪ ਰਹੀਆਂ ਵਿਸੰਗਤੀਆਂ ਨੂੰ ਰੇਖਾਂਕਤ ਕਰ ਕੇ ਉਨ੍ਹਾਂ 'ਤੇ ਵਿਅੰਗਮਈ ਵਾਰ ਕਰਦਾ ਹੈ। ਜੇ ਮਨੁੱਖ ਮਨੁੱਖ ਨਾ ਰਹਿ ਕੇ ਪਸ਼ੂ ਜਾਂ ਜਾਨਵਰ ਬਣਦਾ ਜਾ ਰਿਹਾ ਹੋਵੇ ਤਾਂ ਸੁਹਿਰਦ ਲੇਖਕ ਦੀ ਚਿੰਤਾ ਵਾਜਬ ਭਾਸਦੀ ਹੈ। ਆਪਣੀ ਸਰਲ ਤੇ ਸੌਖੀ ਭਾਸ਼ਾ ਰਾਹੀਂ ਉਹ ਨਿਬੰਧਾਂ ਦੀ ਅਜਿਹੀ ਤਾਸੀਰ ਸਿਰਜਦਾ ਹੈ ਜੋ ਮਨੁੱਖ ਦੀ ਬਿਹਤਰੀ ਅਤੇ ਭਲਾਈ ਲਈ ਰਾਮ ਬਾਣ ਸਿੱਧ ਹੋ ਸਕਦੀ ਹੈ।




'ਪਿਟੀ ਵੈਜਨ' ਡਾ. ਹਰਪ੍ਰੀਤ ਸਿੰਘ ਉਰਫ਼ ਫ਼ਰੀਦ ਅਟਵਾਲ ਦੁਆਰਾ ਰਚਿਤ ਉਸ ਦੀ ਪਲੇਠੀ ਰਚਨਾ ਹੈ। ਇਹ ਨਾਵਲ ਯਥਾਰਥ ਅਤੇ ਕਲਪਨਾ ਦਾ ਸੁਮੇਲ ਹੈ। ਅੱਜ ਦੇ ਨੈੱਟ ਅਤੇ ਗੂਗਲ ਦੀ ਸੂਚਨਾ ਤਰਤੀਬ ਰਾਹੀਂ ਕੋਈ ਸਾਹਿਤਕ ਸਿਰਜਣਾ ਕਿਵੇਂ ਕੀਤੀ ਜਾ ਸਕਦੀ ਹੈ, ਉਹ ਇਸ ਨਾਵਲ ਦੀ ਬਣਤਰ ਤੋਂ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਲੇਖਕ ਨੇ ਨੈੱਟ ਅਤੇ ਗੂਗਲ ਤੋਂ ਚੀਨ ਦੇ ਯੂਲਿਨ ਖੇਤਰ ਦੀਆਂ ਨੈਨਕਿਉਂ ਅਤੇ ਡੌਂਕਾਉ ਕੁੱਤਾ ਮਾਰਕੀਟਾਂ ਬਾਰੇ ਪੜ੍ਹਿਆ, ਗੂਗਲ ਤੋਂ ਹੀ ਉਸ ਬਾਰੇ ਭਰਪੂਰ ਜਾਣਕਾਰੀ ਹਾਸਿਲ ਕੀਤੀ ਤੇ ਉਸ ਯਥਾਰਥ ਨੂੰ ਆਪਣੀ ਚਮਤਕਾਰੀ ਕਲਪਨਾ ਵਿਚ ਢਾਲ ਕੇ ਨਾਵਲ 'ਪਿਟੀ ਵੈਜਨ' ਦੀ ਉਸਾਰੀ ਕਰ ਲਈ।

ਕੁੱਤਿਆਂ ਨੂੰ ਜਿਨ੍ਹਾਂ ਦੀ ਗਿਣਤੀ ਦਸ ਤੋਂ ਪੰਦਰਾਂ ਹਜ਼ਾਰ ਤੀਕ ਹੁੰਦੀ ਹੈ, ਬਹੁਤ ਨਿਰਦਈ ਢੰਗ ਨਾਲ ਜਿਬ੍ਹਾ ਕਰ ਕੇ, ਉਨ੍ਹਾਂ ਦੇ ਮਾਸ ਦੀ ਵਿਕਰੀ ਕੀਤੀ ਜਾਂਦੀ ਹੈ। ਕਈ ਕੁੱਤਾ-ਪ੍ਰੇਮੀ ਸੰਗਠਨ ਇਸ ਦਾ ਵਿਰੋਧ ਕਰਦੇ ਹਨ। ਪੁਲਿਸ ਵਿੰਗੇ ਟੇਢੇ ਢੰਗ ਨਾਲ ਕਸਾਈਆਂ ਦੀ ਸਹਾਇਤਾ ਕਰਦੀ ਹੈ। ਨਿਊਜ਼ ਚੈਨਲਾਂ ਦੇ ਪੱਤਰਕਾਰ ਇਸ ਸੰਘਰਸ਼ ਬਾਰੇ ਸੂਚਨਾ ਇਕੱਠੀ ਕਰ ਕੇ ਦੁਨੀਆ ਦੀ ਸੰਚਾਰ ਸੰਸਥਾ ਤੀਕ ਪਹੁੰਚਾਉਂਦੇ ਹਨ। ਇਸੇ ਸੰਘਰਸ਼ ਨੂੰ ਗਲਪੀ ਰੂਪ ਪ੍ਰਦਾਨ ਕਰਨ ਲਈ ਲੇਖਕ ਕੁਝ ਪਾਤਰਾਂ ਦੀ ਘਾੜਤ ਘੜਦਾ ਹੈ ਤੇ ਕਸਾਈਆਂ ਅਤੇ ਕੁੱਤਾ ਪ੍ਰੇਮੀਆਂ ਦੇ ਆਖਰੀ ਸੰਘਰਸ਼ ਨੂੰ ਕਹਾਣੀ ਵਿਚ ਢਾਲਦਾ ਹੈ। ਕਹਾਣੀ 'ਲੀਚੀ ਅਤੇ ਡਾਗ ਮੀਟ ਫੈਸਟੀਵਲ' ਦੁਆਲੇ ਘੁੰਮਦੀ ਹੈ।




ਛੋਟੀ ਉਮਰ ਦੀ ਕੁੜੀ ਪਿਟੀ ਵੈਜਨ ਇਸ ਨਾਵਲ ਦੀ ਨਾਇਕਾ ਹੈ ਜੋ ਕੁੱਤਿਆਂ ਨੂੰ ਮਾਰ ਕੇ ਵੇਚਣ ਵਾਲਿਆਂ ਦਾ ਵਿਰੋਧ ਕਰਦੀ ਹੈ ਤੇ ਇਸੇ ਲੜਾਈ ਵਿਚ ਮੌਤ ਦੇ ਮੂੰਹ ਜਾ ਪੈਂਦੀ ਹੈ। ਲੇਖਕ ਮਿ. ਜਿਆਨ, ਡਾਕਟਰ ਲੈਂਗ, ਮਿਲਵੇਈ, ਜੀ ਰਉ, ਮਿ, ਪਾਲਮਰ, ਸੀਟੋ, ਮਿਸ ਐਡਲੀ, ਮਿਸ ਯੈਂਸ ਜਿਹੇ ਪਾਤਰਾਂ ਦੀ ਕਲਪਨਾ ਕਰਦਾ ਹੈ ਜੋ ਨਾਵਲ ਦੀ ਕਥਾ ਨੂੰ ਗਤੀ ਦਿੰਦੇ ਹਨ। ਭਾਵੇਂ ਕੁੱਤਾ ਪ੍ਰੇਮੀ ਦੇ ਪਿਟੀ ਵੈਜਨ ਦਾ ਅੰਦੋਲਨ ਸਫ਼ਲ ਨਹੀਂ ਹੋਇਆ ਪਰ ਉਨ੍ਹਾਂ ਵੱਲੋਂ ਵਿੱਢਿਆ ਸੰਘਰਸ਼ ਜਾਰੀ ਰਹਿੰਦਾ ਹੈ ਤੇ ਮਨੁੱਖਤਾ ਤੇ ਹਮਦਰਦੀ ਦੀ ਜਿੱਤ ਦੀ ਆਸ ਵੀ ਬੱਝਦੀ ਹੈ।

• ਕੇ. ਐੱਲ. ਗਰਗ

## ਸੰਪਾਦਕੀ

# ਪੰਜਾਬ ਨੂੰ ਇੱਕ ਵਾਰ ਫਿਰ ਮੌਸਮ ਅਤੇ ਨੀਤੀਆਂ ਦੀ ਮਾਰ ਪਈ

ਕਣਕ ਦੇ ਉਤਪਾਦਨ ਵਿੱਚ ਮੋਹਰੀ ਸੂਬੇ ਪੰਜਾਬ ਨੂੰ ਇੱਕ ਵਾਰ ਫਿਰ ਮੌਸਮ ਅਤੇ ਨੀਤੀਆਂ ਦੀ ਮਾਰ ਪਈ ਹੈ। ਬੇਮੌਸਮੇ ਮੀਂਹ ਅਤੇ ਤੇਜ਼ ਹਵਾਵਾਂ ਨੇ 1.3 ਲੱਖ ਏਕੜ ਫ਼ਸਲ ਨੂੰ ਨੁਕਸਾਨ ਪਹੁੰਚਾਇਆ ਹੈ, ਜਦੋਂਕਿ ਵਧੇਰੇ ਨਮੀ ਅਤੇ ਦਾਣੇ ਬਦਰੰਗ ਹੋਣ ਕਾਰਨ ਫ਼ਸਲ ਦੇ ਵੱਡੇ ਹਿੱਸੇ ਦਾ ਉੱਚਿਤ ਔਸਤ ਗੁਣਵੱਤਾ ਮਾਪਦੰਡਾਂ ਤੋਂ ਬਾਹਰ ਹੋਣ ਦਾ ਖ਼ਤਰਾ ਵੀ ਹੈ। ਅਜਿਹੇ ਹਾਲਾਤ ਵਿੱਚ ਸੂਬਾ ਸਰਕਾਰ ਵੱਲੋਂ ਖਰੀਦ ਸਬੰਧੀ ਮਾਪਦੰਡਾਂ ਵਿੱਚ ਢਿੱਲ ਦੇਣ ਦੀ ਮੰਗ ਸਹੀ ਵੀ ਹੈ ਤੇ ਜ਼ਰੂਰੀ ਵੀ। ਇਸ ਮਾਮਲੇ ਵਿੱਚ ਕੇਂਦਰ ਦੀ ਕਾਰਵਾਈ ਸਾਰੇ ਸੂਬਿਆਂ ਨੂੰ ਇੱਕ ਅੱਖ ਨਾਲ ਦੇਖਣ ਵਾਲੀ ਨਹੀਂ ਹੈ। ਰਾਜਸਥਾਨ, ਜਿਸ ਨੂੰ ਤੇਜ਼ੀ ਨਾਲ ਕਟਾਈ ਕਰਨ ਕਰਕੇ ਅਜਿਹੀ ਹੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ, ਨੂੰ ਪਹਿਲਾਂ ਹੀ ਢਿੱਲ ਦਿੱਤੀ ਜਾ ਚੁੱਕੀ ਹੈ। ਪੰਜਾਬ ਵਿੱਚ ਲਗਾਤਾਰ ਪੱਛਮੀ ਗੜਬੜੀਆਂ ਕਾਰਨ ਵਾਢੀ ਵਿੱਚ ਦੇਰੀ ਹੋ ਰਹੀ ਹੈ ਅਤੇ ਇਹ ਹਾਲੇ ਵੀ ਕੇਂਦਰੀ ਨਿਰੀਖਣ ਟੀਮਾਂ ਦੀ ਉਡੀਕ ਕਰ ਰਿਹਾ ਹੈ। ਬੇਸ਼ੱਕ ਸਾਰੇ ਸੂਬਿਆਂ ਦੇ ਖੇਤੀ ਸੰਕਟ ਇੱਕੋ ਜਿਹੇ ਹੀ ਹੋਣ, ਪਰ ਕੇਂਦਰ ਵੱਲੋਂ ਅਪਣਾਈ ਗਈ ਇਹ ਵੱਖੋ-ਵੱਖਰੀ ਪਹੁੰਚ ਪੱਖਪਾਤੀ ਵਿਹਾਰ ਵੱਲ ਇਸ਼ਾਰਾ ਕਰਦੀ ਹੈ।

ਦੇਰੀ ਦੇ ਨਤੀਜੇ ਨਾਲ ਦੀ ਨਾਲ ਹੀ ਸਾਹਮਣੇ ਆਉਣ ਲੱਗੇ ਹਨ। 15 ਫ਼ੀਸਦੀ ਤੱਕ ਨਮੀ ਵਾਲੀ ਅਤੇ ਬਦਰੰਗ ਹੋਏ ਦਾਣਿਆਂ ਵਾਲੀ ਫ਼ਸਲ ਮੰਡੀ ਵਿੱਚ ਲਿਆਉਣ ਵਾਲੇ ਕਿਸਾਨਾਂ ਨੂੰ ਫ਼ਸਲ ਦਾ ਮੁੱਲ ਪੂਰਾ ਨਾ ਮਿਲਣ ਦਾ ਖਦਸ਼ਾ ਹੈ। ਪਹਿਲਾਂ ਹੀ ਉਪਜ ਵਿੱਚ ਪ੍ਰਤੀ ਏਕੜ 4 ਤੋਂ 5 ਕੁਇੰਟਲ ਦੀ ਕਮੀ ਆਉਣ ਦੀ ਸੰਭਾਵਨਾ ਹੈ। ਅਜਿਹੇ ਵਿੱਚ ਖਰੀਦ ਸਬੰਧੀ ਮਾਪਦੰਡਾਂ ਵਿੱਚ ਸਖ਼ਤੀ ਦਾ ਸਿੱਧਾ ਅਸਰ ਕਿਸਾਨਾਂ ਦੀ ਆਮਦਨ 'ਤੇ ਪਵੇਗਾ। ਵੱਡੇ ਪੱਧਰ 'ਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਫ਼ਸਲ ਦੀ ਖਰੀਦ ਕਰਨ ਵਾਲੇ ਸੂਬੇ ਲਈ ਅਜਿਹੀ ਅਨਿਸ਼ਚਿਤਤਾ ਛੇਤੀ ਹੀ ਖਰੀਦ ਸੰਕਟ ਵਿੱਚ ਤਬਦੀਲ ਹੋ ਸਕਦੀ ਹੈ। ਆੜ੍ਹਤੀਆਂ ਵੱਲੋਂ ਦਿੱਤੇ ਗਏ ਵਿਰੋਧ ਦੇ ਸੱਦੇ ਵਿੱਚ ਇਹ ਬੇਚੈਨੀ ਸਪੱਸ਼ਟ ਸੀ। ਸੂਬਾ ਸਰਕਾਰ ਦੇ ਭਰੋਸੇ ਮਗਰੋਂ ਹੜਤਾਲ ਖ਼ਤਮ ਕਰਨ ਦੇ ਉਨ੍ਹਾਂ ਦੇ ਫ਼ੈਸਲੇ ਨੇ ਆਰਜ਼ੀ ਰਾਹਤ ਦਿੱਤੀ ਹੈ, ਪਰ ਇਹ ਰਾਹਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਰਕਾਰ ਕਿੰਨੀ ਤੇਜ਼ੀ ਨਾਲ ਨੀਤੀਗਤ ਕਾਰਵਾਈ ਕਰਦੀ ਹੈ। ਥੋੜ੍ਹੀ ਜਿਹੀ ਦੇਰੀ ਨਾਲ ਵੀ ਸਥਿਤੀ ਮੁੜ ਤਣਾਅਪੂਰਨ ਹੋ ਸਕਦੀ ਹੈ, ਜਿਸ ਦਾ ਅਸਰ ਖਰੀਦ ਪ੍ਰਕਿਰਿਆ 'ਤੇ ਵੀ ਪੈ ਸਕਦਾ ਹੈ।

ਵਾਰ-ਵਾਰ ਪੈਦਾ ਹੋਣ ਵਾਲਾ ਇਹ ਸੰਕਟ ਇਸ ਗੰਭੀਰ ਖ਼ਾਮੀ ਨੂੰ ਉਜਾਗਰ ਕਰਦਾ ਹੈ ਕਿ ਮੌਸਮ ਵਿੱਚ ਆਏ ਤੇਜ਼ ਬਦਲਾਅ ਦੇ ਬਾਵਜੂਦ ਦੇਸ਼ ਦੀ ਖਰੀਦ ਪ੍ਰਣਾਲੀ ਹਾਲੇ ਵੀ ਸਭ ਨੂੰ ਇੱਕੋ ਰੱਸੇ ਬੰਨ੍ਹਣ ਵਾਲੀ ਹੈ। ਥੋੜ੍ਹਚਿਰੀ ਢਿੱਲ ਮਹਿਜ਼ ਆਰਜ਼ੀ ਹੱਲ ਹੈ। ਲੋੜ ਫੌਰੀ ਕਾਰਵਾਈ ਕਰਨ ਦੇ ਸਮਰੱਥ ਢਾਂਚੇ ਦੀ ਹੈ, ਜਿਸ ਤਹਿਤ ਖਰੀਦ ਸਬੰਧੀ ਮਾਪਦੰਡਾਂ ਨੂੰ ਫ਼ਸਲਾਂ ਦੀ ਮੌਜੂਦਾ ਸਥਿਤੀ ਦੇ ਹਿਸਾਬ ਨਾਲ ਬਣਾ ਕੇ ਉਨ੍ਹਾਂ ਦਾ ਮੁੱਲ ਨਿਰਧਾਰਤ ਕੀਤਾ ਜਾਵੇ। ਪੰਜਾਬ ਸਿਰਫ਼ ਰਾਹਤ ਨਹੀਂ, ਸਗੋਂ ਸੁਧਾਰ ਮੰਗਦਾ ਹੈ।

# ਡਿਪਟੀ ਕਮਿਸ਼ਨਰ ਵਲੋਂ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂਹੰਦ ਦੇ ਸੁਚੱਜੇ ਪ੍ਰਬੰਧਨ ਦੀ ਅਪੀਲ



**ਹੁਸ਼ਿਆਰਪੁਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਇਥੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦੌਰਾਨ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਵਾਤਾਵਰਣ ਅਤੇ ਮਨੁੱਖੀ ਸਿਹਤ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਮਜ਼ਬੂਤ ਰੱਖਣ ਲਈ ਫ਼ਸਲੀ ਰਹਿੰਦ-ਖੂਹੰਦ ਦਾ ਸੁਚੱਜਾ ਪ੍ਰਬੰਧਨ ਯਕੀਨੀ ਬਣਾਇਆ ਜਾਵੇ ਅਤੇ ਇਸ ਮੰਤਵ ਲਈ ਖੇਤੀਬਾੜੀ ਵਿਭਾਗ ਵਲੋਂ ਦਿੱਤੀਆਂ ਜਾਂਦੀਆਂ ਫ਼ਸਲੀ ਪ੍ਰਬੰਧਨ ਦੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇ।

ਸਥਾਨਕ ਸਿਟੀ ਸੈਂਟਰ ਵਿਖੇ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਸਾਉਣੀ ਦੀਆਂ ਫਸਲਾਂ ਸਬੰਧੀ ਲਾਏ ਗਏ ਕਿਸਾਨ ਸਿਖਲਾਈ ਕੈਂਪ ਮੌਕੇ ਵੱਡੀ ਗਿਣਤੀ ਵਿਚ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਕਣਕ ਅਤੇ ਝੋਨੇ ਦੀ ਰਹਿੰਦ-ਖੂਹੰਦ ਨੂੰ ਖੇਤਾਂ ਵਿਚ ਅੱਗ ਨਾ ਲਾ ਕੇ ਹੁਸ਼ਿਆਰਪੁਰ ਨੂੰ ਇਸ ਪ੍ਰਬੰਧਨ ਲਈ ਮੋਹਰੀ ਜ਼ਿਲ੍ਹਾ ਬਣਾਉਣ ਲਈ ਸਾਰਿਆਂ ਨੂੰ ਸਾਂਝੇ ਹੰਭਲੇ ਮਾਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸਾਂਭ-ਸੰਭਾਲ, ਮਨੁੱਖੀ ਸਿਹਤ ਨੂੰ ਨੁਕਸਾਨ ਤੋਂ ਬਚਾਉਣ ਲਈ ਫ਼ਸਲੀ ਰਹਿੰਦ-ਖੂਹੰਦ ਦਾ ਢੁਕਵਾਂ ਪ੍ਰਬੰਧਨ ਸਮੇਂ ਦੀ ਮੁੱਖ ਲੋੜ ਹੈ ਜਿਸ ਬਾਰੇ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਦੇ ਮੱਦੇਨਜ਼ਰ ਕਿਸਾਨਾਂ ਨੂੰ ਸੂਬਾ ਸਰਕਾਰ ਵਲੋਂ ਮੱਕੀ ਦੀ ਕਾਸ਼ਤ ਲਈ 17500 ਰੁਪਏ ਪ੍ਰਤੀ ਹੈਕਟੇਅਰ ਉਪਦਾਨ ਦੀ ਰਾਸ਼ੀ ਮੁਹੱਈਆ ਕਰਵਾਈ ਜਾਵੇਗੀ ਅਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੱਧ ਆਮਦਨ ਵਾਲੀਆਂ ਫ਼ਸਲਾਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਅਤੇ ਸੈਲਫ ਹੈਲਪ ਗਰੁੱਪਾਂ ਦੀ ਮਦਦ ਨਾਲ ਆਪਣੀ ਪੈਦਾਵਾਰ ਦਾ ਸਾਮਾਨ ਤਿਆਰ ਕਰਕੇ ਆਪਣੀ ਆਮਦਨ ਵਧਾਉਣੀ ਚਾਹੀਦੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਪ੍ਰਸ਼ਾਸਨ ਵਲੋਂ ਸਫ਼ਲਾਂ ਦੀ ਰਹਿੰਦ-ਖੂਹੰਦ ਦੇ ਪ੍ਰਬੰਧਨ ਦੇ ਨਾਲ-ਨਾਲ ਹਰ ਸੰਭਵ ਮਦਦ ਯਕੀਨੀ ਬਣਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਪੀ.ਐਮ.ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਲੈ ਰਹੇ ਕਿਸਾਨਾਂ ਨੂੰ ਐਗਰੀ ਸਟੈਕ ਫਾਰਮ ਰਜਿਸਟਰੀ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਉਹ ਅੱਗੇ ਤੋਂ ਵੀ ਇਸ ਸਕੀਮ ਦਾ ਲਾਭ ਨਿਰਵਿਘਨ ਲੈ ਸਕਣ। ਉਨ੍ਹਾਂ ਕਿਸਾਨਾਂ ਨੂੰ ਦੱਸਿਆ ਕਿ ਜ਼ਿਲ੍ਹੇ ਵਿੱਚ ਸਹੀ ਢੰਗ ਨਾਲ ਗਿਰਦਾਵਰੀ ਕਰਨ ਲਈ ਹਰ ਖੇਤ ਦੀ ਡਿਜੀਟਲ ਕਰਾਪ ਸਰਵੇ ਤਹਿਤ ਫਸਲਾਂ ਦੀ ਗਿਰਦਾਵਰੀ ਆਨਲਾਈਨ ਤਰੀਕੇ ਨਾਲ ਕੀਤੀ ਜਾ ਰਹੀ ਹੈ, ਜਿਸ ਨਾਲ ਪ੍ਰਸ਼ਾਸਨ ਨੂੰ ਫਸਲਾਂ ਦਾ ਸਹੀ ਰਿਕਾਰਡ ਰੱਖਣ ਵਿੱਚ ਸਹਿਯੋਗ ਮਿਲੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਆਫਤ ਆਉਣ 'ਤੇ ਮੁਆਵਜ਼ਾ ਸਹੀ ਤਰੀਕੇ ਨਾਲ ਕਿਸਾਨਾਂ ਨੂੰ ਦਿੱਤਾ ਜਾ ਸਕੇਗਾ। ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਕਣਕ ਦੀ ਫਸਲ ਖਰੀਦਣ ਦੇ ਸਾਰੇ ਪ੍ਰਬੰਧ ਮੁਕੰਮਲ ਹਨ ਅਤੇ ਕਿਸਾਨਾਂ ਨੂੰ ਇਸ ਸਬੰਧੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਆਪਣੀ ਉਪਜ ਸੁੱਕਾ ਕੇ ਹੀ ਮੰਡੀ ਵਿੱਚ ਵੇਚਣ ਦੀ ਅਪੀਲ ਕੀਤੀ ਤਾਂ ਜੋ ਕਿਸੇ ਕਿਸਮ ਦੀ ਖੱਜਲ ਖੁਆਰੀ ਨਾ ਹੋਵੇ।

ਕੈਂਪ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਖੇਤੀ ਮਾਹਿਰਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਟੀਮ ਨੇ ਕਿਸਾਨਾਂ ਨੂੰ ਨਵੀਨਤਮ ਖੇਤੀਬਾੜੀ ਤਕਨੀਕਾਂ ਸਬੰਧੀ ਜਾਣੂ ਕਰਵਾਇਆ। ਮੁੱਖ ਖੇਤੀਬਾੜੀ ਅਫ਼ਸਰ ਡਾ. ਦਪਿੰਦਰ ਸਿੰਘ ਸੰਧੂ ਨੇ ਕਿਸਾਨਾਂ ਨੂੰ ਭੌਂ ਪਰਖ ਕਰਵਾਉਣ ਅਤੇ ਭੂਮੀ ਪਰਖ ਦੇ ਆਧਾਰ 'ਤੇ ਪ੍ਰਾਪਤ ਕੀਤੇ ਭੌਂ-ਸਿਹਤ ਕਾਰਡ ਅਨੁਸਾਰ ਹੀ ਖਾਦਾਂ ਦੀ ਵਰਤੋ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਭਾਗ ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਖੇਤੀ ਰਸਾਇਣ ਉਪਲਬਧ ਕਰਵਾਉਣ ਲਈ ਵਚਨਬੱਧ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਸਹਿਯੋਗੀ ਨਿਰਦੇਸ਼ਕ ਡਾ. ਮਨਿੰਦਰ ਸਿੰਘ ਬੌਂਸ ਅਤੇ ਉਨ੍ਹਾਂ ਦੀ ਟੀਮ ਦੇ ਮਾਹਰਾਂ ਵਲੋਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂਹੰਦ ਦੀ ਸਾਂਭ ਸੰਭਾਲ, ਸਬਜ਼ੀਆਂ ਦੀ ਕਾਸ਼ਤ, ਉਨੱਤ ਬੀਜ ਅਤੇ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਅਤੇ ਐਗਰੋਫੋਰੈਸਟਰੀ ਅਧੀਨ ਖੇਤੀ ਆਦਿ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਜ਼ਿਲ੍ਹਾ ਸਿਖਲਾਈ ਅਫ਼ਸਰ ਹੁਸ਼ਿਆਰਪੁਰ ਦੀਪਕ ਪੁਰੀ ਨੇ ਕਿਸਾਨ ਸਿਖਲਾਈ ਕੈਂਪ ਵਿੱਚ ਹਾਜ਼ਰ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ-ਨਾਲ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਭਾਰੀ ਗਿਣਤੀ ਵਿੱਚ ਕਿਸਾਨਾਂ ਦੇ ਨਾਲ ਅਮਿਤ ਨੇਗੀ, ਜਨਰਲ ਸਕੱਤਰ ਟਰੇਡ ਵਿੰਗ ਪੰਜਾਬ, ਮੈਂਬਰ ਐਕਸਾਈਜ਼ ਐਂਡ ਟੈਕਸੇਸ਼ਨ ਅਤੇ ਕੁਲਜੀਤ ਸਿੰਘ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜਹਾਨ ਖੇਲਾਂ ਨੇ ਵੀ ਸ਼ਮੂਲੀਅਤ ਕੀਤੀ।

ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਖੇਤੀ ਮਾਹਰਾਂ ਅਤੇ ਸੈਲਫ ਹੈਲਪ ਗਰੁੱਪਾਂ ਵਲੋਂ ਲਾਏ ਗਏ ਪ੍ਰਦਰਸ਼ਨੀ ਸਟਾਲਾਂ ਦਾ ਦੌਰਾ ਕਰਕੇ ਕਿਸਾਨਾਂ ਅਤੇ ਮਾਹਰਾਂ ਨਾਲ ਗੱਲਬਾਤ ਵੀ ਕੀਤੀ।

# ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ ਦਾ ਲਿਆ ਜਾਇਜ਼ਾ



**ਅੰਮ੍ਰਿਤਸਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ ਦਾ ਜਾਇਜ਼ਾ ਲੈਣ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਵੱਧ ਦਾ ਵੱਧ ਲਾਭ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਵਿਸ਼ੇਸ ਮੀਟਿੰਗ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਦਲਵਿੰਦਰਜੀਤ ਸਿੰਘ, ਵਧੀਕ ਕਮਿਸ਼ਨਰ ਸ਼੍ਰੀ ਰੋਹਿਤ ਗੁਪਤਾ ਵੀ ਵਿਸ਼ੇਸ਼ ਤੌਰ ▼ਤੇ ਹਾਜ਼ਰ ਸਨ।

ਮੀਟਿੰਗ ਦੌਰਾਨ ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਪੱਛੜੇ ਵਰਗ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਦੀ ਹਰੇਕ ਯੋਜਨਾ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਉਣ ਦੀ ਹਦਾਇਤ ਕੀਤੀ, ਤਾਂ ਜੋ ਕੋਈ ਜਰੂਰਤਮੰਦ ਸਰਕਾਰ ਦੀ ਭਲਾਈ ਸਕੀਮ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਹਰੇਕ ਗ੍ਰਾਂਟ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ ਦਾ ਲਾਭ ਲੈਣ ਲਈ ਕਿਸੇ ਨੂੰ ਮੁਸ਼ਕਿਲ ਪੇਸ਼ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਹਰੇਕ ਵਰਗ ਨੇ ਨਾਲ ਪੱਛੜੇ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਹਰੇਕ ਪਿੰਡ, ਵਾਰਡ ਪੱਧਰ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਸਰਕਾਰ ਤੋਂ ਮਿਲਣ ਵਾਲੀਆਂ ਯੋਜਨਾਵਾਂ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਸ਼ਗਨ ਸਕੀਮ, ਸਕਾਲਰਸ਼ਿਪ ਸਕੀਮ, ਪਛੜੀ ਸ਼੍ਰੇਣੀ ਸਰਟੀਫਿਕੇਟ ਬਣਾਉਣ ਲਈ ਆਮਦਨ ਦੀ ਜਾਣਕਾਰੀ ਤੋਂ ਵਾਂਝੇ ਪੱਛੜੇ ਵਰਗ ਦੇ ਲੋਕਾਂ ਅੰਦਰ ਪ੍ਰਚਾਰ ਦੀ ਲੋੜ ਹੈ।

ਚੇਅਰਮੈਨ ਮਲਕੀਤ ਥਿੰਦ ਨੇ ਵੱਖ-ਵੱਖ ਅਧਿਕਾਰੀਆਂ ਤੋਂ ਜਾਣਕਾਰੀ ਲੈਂਦੇ ਹੋਏ ਕਿਹਾ ਕਿ ਜ਼ਿਲ੍ਹਾ ਤੇ ਸਬ ਡਵੀਜ਼ਨ ਪੱਧਰ 'ਤੇ ਸਕੂਲਾਂ ਤੇ ਕਾਲਜਾਂ ਦੇ ਵਿਚ ਵੀ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਜਾਣਕਾਰੀ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕਈ ਵਾਰ ਮਾਪਿਆਂ ਨੂੰ ਵੀ ਚਲਾਈਆਂ ਜਾ ਰਹੀਆਂ ਯੋਜਨਾਵਾਂ ਸਬੰਧੀ ਜਾਣਕਾਰੀ ਨਹੀਂ ਹੁੰਦੀ ਜਿਸ ਕਾਰਨ ਉਹ ਅਜਿਹੀਆਂ ਲਾਭਕਾਰੀ ਯੋਜਨਾਵਾਂ ਦਾ ਲਾਭ ਨਹੀਂ ਉਠਾ ਸਕਦੇ। ਉਨ੍ਹਾਂ ਨੇ ਕਿਹਾ ਕਿ ਬੀ.ਸੀ. ਦੇ ਸਰਟੀਫਿਕੇਟ ਬਣਾਉਣ ਦੇ ਲਈ ਜਿਹੜੇ ਸਰਟੀਫਿਕੇਟਾਂ ਦੀ ਜ਼ਰੂਰਤ ਹੋਵੇ ਉਸ ਸਬੰਧੀ ਵਿਸਥਾਰ ਦੇ ਨਾਲ ਲਾਭਪਾਤਰੀ ਨੂੰ ਜਾਣਕਾਰੀ ਮੁਹੱਈਆ ਕਰਵਾਈਆ ਜਾਵੇ ਤਾਂ ਜੋ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਦੇ ਉਹ ਆਪਣਾ ਸਰਟੀਫਿਕੇਟ ਜਲਦ ਬਣਾ ਕੇ ਯੋਜਨਾ ਦਾ ਲਾਭ ਲੈ ਸਕਣ। ਸਰਟੀਫਿਕੇਟ ਬਣਵਾਉਣ ਦੇ ਲਈ ਆਉਣ ਵਾਲਿਆਂ ਨੂੰ ਸਰਟੀਫਿਕੇਟ ਬਣਾਉਣ ਦੀ ਪ੍ਰਕਿਰਿਆ ਸਬੰਧੀ ਸਹੀ ਢੰਗ ਦੇ ਨਾਲ ਜਾਣਕਾਰੀ ਮੁਹੱਈਆ ਕਰਵਾਈ ਜਾਵੇ।

ਇਸ ਦੌਰਾਨ ਉਨ੍ਹਾਂ ਨੇ ਸਿੱਖਿਆ ਵਿਭਾਗ ਵਲੋਂ ਓ.ਬੀ.ਸੀ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਿਹਤ ਵਿਭਾਗ, ਪੀਐਸਪੀਸੀਐਲ, ਮੱਛੀ ਪਾਲਣ ਵਿਭਾਗ, ਖੇਤੀਬਾੜੀ, ਫੂਡ ਸਪਲਾਈ, ਰੋਜ਼ਗਾਰ ਬਿਊਰੋ, ਸਹਾਇਕ ਡਾਇਰੈਕਟਰ ਯੂਥ ਸੇਵਾਵਾਂ ਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਤੋਂ ਵੀ ਆਪਣੇ-ਆਪਣੇ ਵਿਭਾਗਾਂ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਪੱਛੜੀਆਂ ਸ਼੍ਰੇਣੀਆ ਨਾਲ ਸਬੰਧਤ ਲੋਕਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਹਰ ਲੋੜਵੰਦ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਪੱਛੜੇ ਵਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਵੱਲੋਂ ਜੋ ਵੀ ਨਿਰਦੇਸ਼ ਪ੍ਰਾਪਤ ਹੋਏ ਹਨ ਉਨ੍ਹਾਂ ਨੂੰ ਜ਼ਮੀਨੀ ਪੱਧਰ ▼ਤੇ ਲਾਗੂ ਕੀਤਾ ਜਾਵੇ।

ਇਸ ਮੌਕੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਸ਼੍ਰੀ ਅਸੀਸ ਇੰਦਰ ਸਿੰਘ, ਚੇਅਰਮੈਨ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਸ਼੍ਰੀ ਸਤਪਾਲ ਸੋਖੀ, ਏ ਸੀ ਪੀ ਸ: ਕਮਲਪ੍ਰੀਤ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪੀ ਐਸ ਸਹੋਤਾ, ਇੰਜ: ਪੀ.ਐਸ.ਪੀ.ਸੀ ਐਲ ਸ: ਮਨਦੀਪ ਸਿੰਘ, ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀ ਰਾਜੇਸ਼ ਕੁਮਾਰ, ਬੈਕਫਿਕੋ ਤੋ ਸ਼੍ਰੀ ਰਾਜ ਕੁਮਾਰ, ਸਿਹਤ ਵਿਭਾਗ ਤੋ ਡਾ: ਨੀਲਮ, ਜਿਲ੍ਹਾ ਭਲਾਈ ਅਫਸਰ ਸ਼੍ਰੀ ਸੁਰਿੰਦਰ ਸਿੰਘ ਢਿਲੋ, ਡਾ: ਕੁਮਾਰ ਸਿੰਘ, ਸ਼੍ਰੀ ਰਣਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ ਕਰਮਚਾਰੀਆਂ ਸਮੇਤ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਵਿਅਕਤੀ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਪਿੰਡ ਤੁੰਗਾਂ ਤੇ ਉਭਾਵਾਲ ਵਿੱਚ 75.06 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟ ਲੋਕ ਅਰਪਿਤ; ਵੱਖ-ਵੱਖ ਸੰਸਥਾਵਾਂ ਨੂੰ ਗ੍ਰਾਂਟਾਂ ਦੇ ਚੈੱਕ ਵੰਡ



**ਸੰਗਰੂਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਹਲਕੇ ਦੇ ਪਿੰਡ ਤੁੰਗਾਂ ਅਤੇ ਉਭਾਵਾਲ ਵਿਖੇ ਕੁੱਲ 75.06 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਵੱਖ-ਵੱਖ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤਾ ਅਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਗ੍ਰਾਂਟਾਂ ਦੇ ਚੈੱਕ ਵੀ ਵੰਡੇ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੀ ਬੁਨਿਆਦੀ ਢਾਂਚਾਗਤ ਸੁਵਿਧਾਵਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਹਰ ਪਿੰਡ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ, ਖੇਡਾਂ ਅਤੇ ਸਮਾਜਿਕ ਢਾਂਚੇ ਦੇ ਵਿਕਾਸ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਵਧੀਆ ਮੌਕੇ ਪ੍ਰਦਾਨ ਕੀਤੇ ਜਾ ਸਕਣ।

ਪਿੰਡ ਤੁੰਗਾਂ ਵਿਖੇ ਕੈਬਨਿਟ ਮੰਤਰੀ ਨੇ 32.56 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਕੂਲ ਦੇ ਨਵੇਂ ਕਮਰੇ ਲੋਕ ਅਰਪਿਤ ਕੀਤੇ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਵੀ ਗ੍ਰਾਂਟਾਂ ਦੇ ਚੈੱਕ ਵੰਡੇ ਗਏ, ਜਿਸ ਅਧੀਨ ਭਗਤ ਰਵਿਦਾਸ ਵੈਲਫੇਅਰ ਕਮੇਟੀ ਨੂੰ ਧਰਮਸ਼ਾਲਾ ਲਈ 4 ਲੱਖ ਰੁਪਏ, ਸ਼ਿਵ ਭੋਲੇ ਵੈਲਫੇਅਰ ਕਲੱਬ ਨੂੰ ਸ਼ਿਵ ਧਰਮਸ਼ਾਲਾ ਲਈ 2 ਲੱਖ ਰੁਪਏ ਅਤੇ ਗੁੱਗਾ ਮਾੜੀ ਵੈਲਫੇਅਰ ਸੁਸਾਇਟੀ ਨੂੰ ਚਾਰਦੀਵਾਰੀ ਲਈ 2 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਇਹ ਗ੍ਰਾਂਟਾਂ ਪਿੰਡਾਂ ਵਿੱਚ ਭਾਈਚਾਰਕ ਅਤੇ ਸਮਾਜਿਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ।

ਇਸੇ ਤਰ੍ਹਾਂ ਪਿੰਡ ਉਭਾਵਾਲ ਵਿਖੇ ਸੀਨੀਅਰ ਸੈਕੰਡਰੀ ਸਕੂਲ ਵਿੱਚ 32 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਕਮਰੇ ਲੋਕ ਅਰਪਣ ਕੀਤੇ ਗਏ। ਇਸ ਮੌਕੇ ਉਨ੍ਹਾਂ ਨੇ ਸਟੇਡੀਅਮ ਨੇੜੇ ਸ਼ੈੱਡ ਤਿਆਰ ਕਰਨ ਲਈ 2.50 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਪਿੰਡ ਦੀ ਪੰਚਾਇਤ ਨੂੰ ਸੌਂਪਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਖੇਡਾਂ ਨੂੰ ਪ੍ਰੋਤਸਾਹਿਤ ਕਰਨ ਲਈ ਪਿੰਡ ਪੱਧਰ 'ਤੇ ਢਾਂਚਾਗਤ ਸੁਵਿਧਾਵਾਂ ਮੁਹੱਈਆ ਕਰਵਾਉਣਾ ਸਮੇਂ ਦੀ ਲੋੜ ਹੈ।

ਉਨ੍ਹਾਂ ਵੱਲੋਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਸਹਿਯੋਗ ਦੇਣ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਹਲਕੇ ਦੇ ਹਰ ਪਿੰਡ ਵਿੱਚ ਵਿਕਾਸ ਕਾਰਜਾਂ ਦੀ ਗਤੀ ਇਸੇ ਤਰ੍ਹਾਂ ਜਾਰੀ ਰਹੇਗੀ।

ਇਸ ਮੌਕੇ ਪਤਵੰਤੇ ਵਿਅਕਤੀ, ਪੰਚਾਇਤ ਮੈਂਬਰ ਅਤੇ ਇਲਾਕਾ ਵਾਸੀ ਹਾਜ਼ਰ ਸਨ।

# ਪਿੰਡ ਬੀਂਬੜ ਵਿਖੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ 90 ਪ੍ਰਾਪਰਟੀ ਕਾਰਡ ਸੌਂਪ



**ਭਵਾਨੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਬੀਂਬੜ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ ਮਾਲਕੀ ਦੇ 90 ਪ੍ਰਾਪਰਟੀ ਕਾਰਡ ਲਾਭਪਾਤਰੀਆਂ ਨੂੰ ਸੌਂਪੇ ਗਏ। ਇਸ ਮੌਕੇ ਪਿੰਡ ਵਾਸੀਆਂ ਵਿੱਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ ਅਤੇ ਲੋਕਾਂ ਨੇ ਸਰਕਾਰ ਦੇ ਇਸ ਉਪਰਾਲੇ ਦੀ ਖੁੱਲ੍ਹ ਕੇ ਸਾਰਾਹਨਾ ਕੀਤੀ।

ਵਿਧਾਇਕ ਭਰਾਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਇੱਕ ਨੂੰ ਮਾਲਕੀ ਹੱਕ ਦੇ ਸਿਧਾਂਤ 'ਤੇ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਪਰਿਵਾਰ ਆਪਣੇ ਘਰ ਜਾਂ ਪਲਾਟ ਉੱਤੇ ਕਾਨੂੰਨੀ ਹੱਕ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਦੱਸਿਆ ਕਿ ਕਈ ਪਰਿਵਾਰ ਸਾਲਾਂ ਤੋਂ ਇਨ੍ਹਾਂ ਪਲਾਟਾਂ 'ਤੇ ਰਹਿ ਰਹੇ ਸਨ ਪਰ ਮਾਲਕੀ ਦੇ ਦਸਤਾਵੇਜ਼ ਨਾ ਹੋਣ ਕਾਰਨ ਉਨ੍ਹਾਂ ਨੂੰ ਵੱਖ ਵੱਖ ਸਹੂਲਤਾਂ ਤੋਂ ਵਾਂਝਾ ਰਹਿਣਾ ਪੈਂਦਾ ਸੀ। ਹੁਣ ਇਹ ਕਾਰਡ ਮਿਲਣ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਹੋਣਗੀਆਂ।

ਉਨ੍ਹਾਂ ਹੋਰ ਕਿਹਾ ਕਿ ਇਹ ਪਹਿਲ ਸਿਰਫ਼ ਕਾਗਜ਼ੀ ਕਾਰਵਾਈ ਨਹੀਂ, ਸਗੋਂ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਮਾਲਕੀ ਹੱਕ ਮਿਲਣ ਨਾਲ ਲੋਕ ਆਪਣੇ ਘਰਾਂ ਦੀ ਮੁਰੰਮਤ, ਨਵੀਂ ਉਸਾਰੀ ਅਤੇ ਹੋਰ ਵਿਕਾਸੀ ਕੰਮ ਆਤਮਵਿਸ਼ਵਾਸ ਨਾਲ ਕਰ ਸਕਣਗੇ।

ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵੱਖ-ਵੱਖ ਯੋਜਨਾਵਾਂ ਲਾਗੂ ਕਰ ਰਹੀ ਹੈ, ਜਿਨ੍ਹਾਂ ਵਿੱਚ ਸੜਕਾਂ, ਪੀਣਯੋਗ ਪਾਣੀ, ਸਿੱਖਿਆ, ਸਿਹਤ ਅਤੇ ਸਫਾਈ ਸਹੂਲਤਾਂ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਕਦਮ ਚੁੱਕੇ ਜਾਣਗੇ ਤਾਂ ਜੋ ਹਰ ਵਰਗ ਤੱਕ ਸਰਕਾਰੀ ਲਾਭ ਪਹੁੰਚ ਸਕੇ।

ਇਸ ਮੌਕੇ ਕਾਰਡ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਨੇ ਆਪਣੀ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਇਤਿਹਾਸਕ ਪਲ ਹੈ ਅਤੇ ਹੁਣ ਉਹ ਆਪਣੇ ਘਰਾਂ ਨੂੰ ਕਾਨੂੰਨੀ ਤੌਰ 'ਤੇ ਆਪਣਾ ਮੰਨ ਸਕਦੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਭਰਾਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਉਨ੍ਹਾਂ ਦੇ ਜੀਵਨ ਵਿੱਚ ਸਥਿਰਤਾ ਅਤੇ ਸੁਰੱਖਿਆ ਆਈ ਹੈ।

ਸਮਾਗਮ ਦੌਰਾਨ ਪੰਚਾਇਤ ਮੈਂਬਰਾਂ, ਸਥਾਨਕ ਪ੍ਰਤੀਨਿਧੀਆਂ, ਵਿਭਾਗੀ ਅਧਿਕਾਰੀਆਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਰਹੇ।

# ਢਿੱਲੋਂ ਵੱਲੋਂ ਮਾਨ ਸਰਕਾਰ ਦੀਆਂ ਕਿਸਾਨ-ਹਿਤੈਸ਼ੀ ਨੀਤੀਆਂ ਤਹਿਤ ਦਾਣਾ ਮੰਡੀ ਸਨੌਰ ਦਾ ਲਿਆ ਜਾਇਜ਼ਾ



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਦੇ ਤਹਿਤ ਅੱਜ ਹਲਕਾ ਸਨੌਰ ਦੀਆਂ ਦਾਣਾ ਮੰਡੀ ਵਿਖੇ ਲੋਕ ਸਭਾ ਪਟਿਆਲਾ ਦੇ ਇੰਚਾਰਜ ਤੇ ਪੰਜਾਬ ਐਗਰੋ ਫੂਡ ਕਾਰਪੋਰੇਸਨ ਦੇ ਚੇਅਰਮੈਨ ਸ੍ਰੀ ਬਲਜਿੰਦਰ ਸਿੰਘ ਢਿੱਲੋਂ ਜੀ ਵੱਲੋਂ ਮੰਡੀ ਦੇ ਪ੍ਰਬੰਧਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ।

ਇਸ ਮੌਕੇ ਬਲਜਿੰਦਰ ਢਿੱਲੋਂ ਨੇ ਮੰਡੀ ਵਿੱਚ ਹੋ ਰਹੀ ਅਨਾਜ ਖਰੀਦ ਪ੍ਰਕਿਰਿਆ, ਸਫ਼ਾਈ ਪ੍ਰਬੰਧ, ਭੰਡਾਰਨ ਅਤੇ ਕਿਸਾਨਾਂ ਲਈ ਉਪਲਬਧ ਸੁਵਿਧਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਹੱਲ ਲਈ ਦਿਸ਼ਾ-ਨਿਰਦੇਸ਼ ਦਿੱਤੇ।

ਢਿੱਲੋਂ ਨੇ ਦਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਮੰਡੀਆਂ ਵਿੱਚ ਸੁਚਾਰੂ ਪ੍ਰਬੰਧ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ, ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਦੌਰਾਨ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਆਉਣ ਵਾਲੇ ਹਰ ਕਿਸਾਨ ਨੂੰ ਸਮੇਂ ਸਿਰ ਸਹੂਲਤਾਂ ਮੁਹੱਈਆ ਕਰਵਾਇਆ ਜਾਵੇ।

ਕਿਸਨਾ ਨੇ ਆਪਣੀ ਮੰਗ ਰਖੀ ਕਿ ਦਾਣਾ ਮੰਡੀ ਵਿੱਚ ਆਉਣ ਵਾਲੇ ਅਨਾਜ ਦੀ ਨਮੀ (Moisture) 12% ਤੱਕ ਯਕੀਨੀ ਬਣਾਈ ਜਾਵੇ, ਤਾਂ ਜੋ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਸਕੇ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਬੂਟਾ ਸਿੰਘ ਸ਼ਾਦੀਪੁਰ ਭਾਰਤੀ ਕਿਸਾਨ ਯੂਨੀਅਨ , ਲਖਵਿੰਦਰ ਸਿੰਘ ਢਿੱਲੋਂ, ਰਾਜ ਕੁਮਾਰ ਮਿਠਾਰੀਆ, ਜਸਵੰਤ ਰਾਏ, ਹਰਜੀਤ ਸਿੰਘ, ਰਜਿੰਦਰ ਸਿੰਘ ਕੋਹਲੀ ਮੀਡੀਆ ਸਲਾਹਕਾਰ ਤੋਂ ਇਲਾਵਾਂ ਹੋਰ ਸਾਥੀ ਮੌਜੂਦ ਸਨ।

# ਖ਼ਾਲਸਾ ਸਾਜਣਾ ਦਿਵਸ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਲਈ ਰਵਾਨਾ



**ਸ੍ਰੀ ਹਰਗੋਬਿੰਦਪੁਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1763 ਸਿੱਖ ਸ਼ਰਧਾਲੂਆਂ ਦਾ ਜਥਾ ਖ਼ਾਲਸਾਈ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫਤਰ ਤੋਂ ਰਵਾਨਗੀ ਕਰਨ ਸਮੇਂ ਜਥੇ ਦੀ ਅਗਵਾਈ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਜਨਰਲ ਪ੍ਰਬੰਧਕ ਸ. ਹਰਭਜਨ ਸਿੰਘ ਸੁਪਰਵਾਈਜ਼ਰ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਤੇ ਹੋਰ ਅਧਿਕਾਰੀਆਂ ਨੇ ਸਿਰੋਪਾਓ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨ ਦਿੱਤਾ।

ਜਥਾ ਰਵਾਨਾ ਕਰਨ ਸਮੇਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਇਹ ਜਥਾ ਪਾਕਿਸਤਾਨ ਵਿਖੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨਅਬਦਾਲ ਵਿਖੇ ਖਾਲਸਾ ਸਾਜਣਾ ਦਿਵਸ ਵਿਸਾਖੀ ਸਬੰਧੀ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ। ਇਸੇ ਤਰ੍ਹਾਂ ਜਥਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਸਮੇਤ ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤੇਗਾ।

ਸ. ਮੰਨਣ ਨੇ ਮੰਗ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ੁਰੂ ਹੋਇਆ ਲਾਂਘਾ, ਜੋ ਪਿਛਲੇ ਸਮੇਂ ਤੋਂ ਬੰਦ ਹੈ ਨੂੰ ਸੰਗਤਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਤੁਰੰਤ ਖੋਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਆਸਥਾ ਨਾਲ ਜੁੜਿਆ ਮਾਮਲਾ ਹੈ ਜਿਸ ਵੱਲ ਭਾਰਤ ਤੇ ਪਾਕਿਸਤਾਨ ਸਰਕਾਰਾਂ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਇਸ ਮੌਕੇ ਜਥੇ ਦੇ ਆਗੂ ਅੰਤ੍ਰਿੰਗ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਕਿਸਤਾਨ ਅੰਦਰ ਸਥਿਤ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਹਰ ਸਿੱਖ ਦੇ ਮਨ ਅੰਦਰ ਤਾਂਘ ਹੁੰਦੀ ਹੈ ਅਤੇ ਦਰਸ਼ਨ ਲਈ ਸਮਾਂ ਮਿਲਣ ਤੇ ਸਿੱਖ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੇਰੇ ਲਈ ਮਾਣ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਥੇ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਇਸ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਧੰਨਵਾਦ ਵੀ ਕੀਤਾ।

ਜਥੇ ਦੀ ਰਵਾਨਗੀ ਸਮੇਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ ਤਲਵੰਡੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਸ. ਜਗਜੀਤ ਸਿੰਘ ਇੰਚਾਰਜ ਯਾਤਰਾ, ਸ. ਮੇਜਰ ਸਿੰਘ, ਸ. ਗੁਰਮੀਤ ਸਿੰਘ, ਬੀਬੀ ਰਣਜੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਅਤੇ ਜਥੇ ਵਿਚ ਜਾਣ ਵਾਲੇ ਯਾਤਰੂ ਮੌਜੂਦ ਸਨ।

# ਜਨਗਣਨਾ-2027 ਲਈ ਤਿੰਨ-ਰੋਜ਼ਾ ਫੀਲਡ ਟ੍ਰੇਨਰਾਂ ਦੀ ਸਿਖਲਾਈ ਵਰਕਸ਼ਾਪ ਸਮਾਪਤ



**ਲੁਧਿਆਣਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ-2027 ਤਹਿਤ ਤਿੰਨ-ਰੋਜ਼ਾ ਫੀਲਡ ਟ੍ਰੇਨਰਾਂ ਦੀ ਸਿਖਲਾਈ ਵਰਕਸ਼ਾਪ 6 ਅਤੇ 9 ਅਪ੍ਰੈਲ ਨੂੰ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਜਨਗਣਨਾ ਅਫ਼ਸਰ, ਹਿਮਾਂਸ਼ੂ ਜੈਨ ਅਤੇ ਜ਼ਿਲ੍ਹਾ ਜਨਗਣਨਾ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਵਿੱਚ ਕਰਵਾਈ ਗਈ।

ਇਹ ਸਿਖਲਾਈ ਜ਼ਿਲ੍ਹਾ ਜਨਗਣਨਾ ਕੋਆਰਡੀਨੇਟਰ ਅਤੇ ਅੰਕੜਾ ਜਾਂਚਕਰਤਾ ਗ੍ਰੇਡ-99 ਅਲੋਕ ਕੁਮਾਰ, ਵਿਸ਼ਵ ਸੋਮ ਅਤੇ ਨਿਯੁਕਤ ਮਾਸਟਰ ਟ੍ਰੇਨਰਾਂ ਜਸਬੀਰ ਸਿੰਘ ਸੰਧੂ ਅਤੇ ਉਪਮਾ ਕੌਲ ਦੁਆਰਾ ਦਿੱਤੀ ਗਈ। ਦੋ ਬੈਚਾਂ (ਕ੍ਰਮਵਾਰ 35 ਅਤੇ 33 ਭਾਗੀਦਾਰ) ਵਿੱਚ ਕੁੱਲ 68 ਫੀਲਡ ਟ੍ਰੇਨਰਾਂ ਨੂੰ ਸਿਖਲਾਈ ਦਿੱਤੀ ਗਈ।

ਜਨਗਣਨਾ-2027 ਤਹਿਤ, ਜ਼ਿਲ੍ਹੇ ਵਿੱਚ ਕੁੱਲ 105 ਫੀਲਡ ਟ੍ਰੇਨਰਾਂ ਦੀ ਨਿਯੁਕਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 37 ਫੀਲਡ ਟ੍ਰੇਨਰਾਂ ਨੂੰ ਪਹਿਲਾਂ ਹੀ ਨਗਰ ਨਿਗਮ ਲੁਧਿਆਣਾ ਵਿਖੇ 3 ਤੋਂ 5 ਅਪ੍ਰੈਲ ਤੱਕ ਸਿਖਲਾਈ ਦਿੱਤੀ ਜਾ ਚੁੱਕੀ ਹੈ।

ਇਹ ਫੀਲਡ ਟ੍ਰੇਨਰ ਤਹਿਸੀਲ ਪੱਧਰ 'ਤੇ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ ਨੂੰ ਹੋਰ ਸਿਖਲਾਈ ਦੇਣਗੇ। ਦੋਵਾਂ ਬੈਚਾਂ ਲਈ ਸਿਖਲਾਈ ਸਰਕਾਰੀ ਕਾਲਜ ਫਾਰ ਗਰਲਜ਼, ਭਾਰਤ ਨਗਰ ਚੌਕ, ਲੁਧਿਆਣਾ ਵਿਖੇ ਸਫਲਤਾਪੂਰਵਕ ਸੰਚਾਲਿਤ ਕੀਤੀ ਗਈ।

ਸੈਸ਼ਨਾਂ ਦੌਰਾਨ ਮਾਸਟਰ ਟ੍ਰੇਨਰਾਂ ਨੇ ਦੱਸਿਆ ਕਿ ਇਹ ਪਹਿਲੀ ਡਿਜੀਟਲ ਜਨਗਣਨਾ ਹੋਵੇਗੀ ਅਤੇ ਸਵੈ-ਗਣਨਾ ਦੀ ਧਾਰਨਾ ਪੇਸ਼ ਕੀਤੀ, ਜਿਸ ਦੇ ਤਹਿਤ ਨਾਗਰਿਕ 30 ਅਪ੍ਰੈਲ ਤੋਂ 14 ਮਈ, 2026 ਤੱਕ ਆਪਣੇ ਘਰੇਲੂ ਵੇਰਵੇ ਭਰ ਸਕਦੇ ਹਨ।

ਜਨਗਣਨਾ (ਘਰ ਸੂਚੀ) ਦਾ ਪਹਿਲਾ ਪੜਾਅ 15 ਮਈ ਤੋਂ 13 ਜੂਨ, 2026 ਤੱਕ ਕੀਤਾ ਜਾਵੇਗਾ, ਜਿਸ ਦੌਰਾਨ ਗਣਨਾਕਾਰ ਘਰਾਂ ਦਾ ਦੌਰਾ ਕਰਨਗੇ ਅਤੇ 33 ਪ੍ਰਸ਼ਨਾਂ ਰਾਹੀਂ ਜਾਣਕਾਰੀ ਇਕੱਠੀ ਕਰਨਗੇ।

# ਠੱਗੀ ਕਰਨ ਵਾਲੇ ਸ਼ਾਤਰ ਠੱਗ ਨੂੰ ਥਾਣਾ ਸਾਹਨੇਵਾਲ ਦੀ ਪੁਲਿਸ ਨੇ ਕੀਤਾ ਕਾਬੂ

**ਲੁਧਿਆਣਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਦੇ ਪ੍ਰਾਪਰਟੀ ਦੇ ਨਾਂ 'ਤੇ ਠੱਗੀ ਤਾਂ ਕਦੇ ਐੱਨਆਰਆਈ ਨਾਲ ਠੱਗੀ ਕਰਨ ਵਾਲੇ ਸ਼ਾਤਰ ਠੱਗ ਨੂੰ ਥਾਣਾ ਸਾਹਨੇਵਾਲ ਦੀ ਪੁਲਿਸ ਨੇ ਕਾਬੂ ਕਰ ਲਿਆ ਹੈ। ਪੰਜਾਬ ਦੇ ਇਸ 'ਨਟਵਰਲਾਲ' ਦੀ ਪਤਨੀ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਉਸ ਦੇ ਨਾਲ ਇਸ ਠੱਗੀ ਦੇ ਨੈੱਟਵਰਕ ਨੂੰ ਆਪਰੇਟ ਕਰਦੀ ਸੀ।ਮੁਲਜ਼ਮ 12 ਥਾਣਿਆਂ ਦੀ ਪੁਲਿਸ ਲਈ ਵਾਂਟੇਡ ਸੀ ਅਤੇ ਪੰਜ ਮਾਮਲਿਆਂ ਵਿੱਚ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਮੁਲਜ਼ਮਾਂ ਦੀ ਪਛਾਣ ਜੈ ਇੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਮਨਮੀਤ ਕੌਰ ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦੇ ਰਿਮਾਂਡ 'ਤੇ ਲਿਆ ਹੈ।

ਐੱਸਐੱਚਓ (SHO) ਵਰਿੰਦਰਪਾਲ ਉੱਪਲ ਨੇ ਦੱਸਿਆ ਕਿ ਮੁਲਜ਼ਮ ਪ੍ਰਾਪਰਟੀ ਦੇ ਜਾਲੀ ਦਸਤਾਵੇਜ਼, ਜ਼ਮੀਨਾਂ ਦੀ ਖ਼ਰੀਦ-ਫ਼ਰੋਖਤ ਅਤੇ ਇਸੇ ਤਰ੍ਹਾਂ ਐੱਨਆਰਆਈਜ਼ ਨੂੰ ਠੱਗਦਾ ਸੀ। ਮੁਲਜ਼ਮ ਖ਼ਿਲਾਫ਼ ਕਈ ਮਾਮਲੇ ਦਰਜ ਸਨ ਅਤੇ 12 ਥਾਣੇ ਮੁਲਜ਼ਮ ਦੀ ਭਾਲ ਕਰ ਰਹੇ ਸਨ। ਮੁਲਜ਼ਮ 2022, 23, 24 ਵਿੱਚ ਦਰਜ ਪੰਜ ਮਾਮਲਿਆਂ ਵਿੱਚ ਅਦਾਲਤ ਵੱਲੋਂ ਭਗੌੜਾ ਸੀ।

# ਹਰਿਆਣਾ ਵਿੱਚ ਘੱਟੋ-ਘੱਟ ਮਜਦੂਰੀ ਵਿੱਚ ਇਤਿਹਾਸਕ ਵਾਧੇ 'ਤੇ ਮਜ਼ਦੂਰ ਸੰਗਠਨਾਂ ਨੇ ਮੁੱਖ ਮੰਤਰੀ ਦਾ ਜਤਾਇਆ ਧੰਨਵਾਦ



**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਭਾਰਤੀ ਮਜ਼ਦੂਰ ਸੰਘ ਸਮੇਤ ਵੱਖ-ਵੱਖ ਮਜ਼ਦੂਰ ਸੰਗਠਨਾਂ ਦੇ ਵਫ਼ਦ ਨੇ ਮੁਲਾਕਾਤ ਕਰਕੇ ਘੱਟੋ-ਘੱਟ ਮਜਦੂਰੀ ਵਿੱਚ ਕੀਤੇ ਗਏ ਇਤਿਹਾਸਕ ਵਾਧੇ ਲਈ ਉਨ੍ਹਾਂ ਦਾ ਧੰਨਵਾਦ ਪ੍ਰਗਟਾਇਆ।

ਮੁੱਖ ਮੰਤਰੀ ਨਾਲ ਇਹ ਮੁਲਾਕਾਤ ਸੰਤ ਕਬੀਰ ਕੁਟੀਰ ਆਵਾਸ ਵਿਖੇ ਹੋਈ, ਇਸ ਦੌਰਾਨ ਵਫ਼ਦ ਦੀ ਅਗਵਾਈ ਭਾਰਤੀ ਮਜ਼ਦੂਰ ਸੰਘ ਦੇ ਆਲ ਇੰਡੀਆ ਵਾਈਸ ਪ੍ਰੈਜ਼ੀਡੈਂਟ ਪਵਨ ਕੁਮਾਰ ਨੇ ਕੀਤੀ। ਵਫ਼ਦ ਵਿੱਚ ਸ਼ਾਮਲ ਮੈਂਬਰਾਂ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਪੱਗੜੀ ਪਹਿਨਾ ਕੇ ਸਨਮਾਨ ਵੀ ਕੀਤਾ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਦਾ ਮੂੰਹ ਵੀ ਮਿੱਠਾ ਕਰਵਾਇਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਹਮੇਸ਼ਾ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਦੀ ਭਲਾਈ ਲਈ ਵਚਨਬੱਧ ਹੈ। ਸਰਕਾਰ ਦਾ ਉਦੇਸ਼ ਪ੍ਰਦੇਸ਼ ਦੇ ਮਜ਼ਦੂਰ ਵਰਗ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਕਰਨਾ ਹੈ।

ਭਾਰਤੀ ਮਜ਼ਦੂਰ ਸੰਘ ਦੇ ਆਲ ਇੰਡੀਆ ਵਾਈਸ ਪ੍ਰੈਜ਼ੀਡੈਂਟ ਸ੍ਰੀ ਪਵਨ ਕੁਮਾਰ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਮਜ਼ਦੂਰਾਂ ਦੇ ਹਿੱਤ ਵਿੱਚ ਵੱਡਾ ਕਦਮ ਚੁੱਕਿਆ ਹੈ। ਘੱਟੋ-ਘੱਟ ਮਜਦੂਰੀ ਸਲਾਹਕਾਰ ਬੋਰਡ (Minimum Wage Advisory Board) ਦੀ ਐਕਸਪਰਟ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਹਰਿਆਣਾ ਸਰਕਾਰ ਨੇ ਬਜਟ ਵਿੱਚ ਘੱਟੋ-ਘੱਟ ਮਜਦੂਰੀ ਵਧਾਉਣ ਦਾ ਐਲਾਨ ਕੀਤਾ। ਹਾਲ ਹੀ ਵਿੱਚ ਸਰਕਾਰ ਨੇ ਅਕੁਸ਼ਲ ਮਜ਼ਦੂਰਾਂ ਦੀ ਘੱਟੋ-ਘੱਟ ਮਜਦੂਰੀ ਵਧਾ ਕੇ ਲਗਭਗ 15,220 ਪ੍ਰਤੀ ਮਹੀਨਾ ਕੀਤੀ ਹੈ, ਜੋ ਕਿ ਲਗਭਗ 35% ਦਾ ਵਾਧਾ ਹੈ। ਇਹ ਵਾਧਾ ਰਾਸ਼ੀ ਦੇ ਰੂਪ ਵਿੱਚ 4 ਹਜ਼ਾਰ ਤੋਂ ਵੱਧ ਬਣਦਾ ਹੈ।

ਇਸ ਫੈਸਲੇ ਨਾਲ ਪ੍ਰਦੇਸ਼ ਦੇ ਮਜ਼ਦੂਰ ਵਰਗ ਵਿੱਚ ਖ਼ੁਸ਼ੀ ਦੀ ਲਹਿਰ ਹੈ। ਮਜ਼ਦੂਰ ਸੰਗਠਨਾਂ ਦੇ ਪ੍ਰਤੀਨਿਧਾਂ ਨੇ ਕਿਹਾ ਕਿ ਇਹ ਹਰਿਆਣਾ ਵਿੱਚ ਪਹਿਲੀ ਵਾਰ ਇੰਨਾ ਵੱਡਾ ਤਨਖ਼ਾਹ ਵਾਧਾ ਹੈ, ਜਿਸ ਨਾਲ ਲੱਖਾਂ ਮਜ਼ਦੂਰਾਂ ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇੱਕ ਜਨਤਕ ਅਭਿਨੰਦਨ ਸਮਾਰੋਹ ਆਯੋਜਿਤ ਕਰਨ ਦੀ ਵੀ ਬੇਨਤੀ ਕੀਤੀ, ਜਿਸ ਨੂੰ ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰਦੇ ਹੋਏ ਸਮਾਂ ਦੇਣ ਦਾ ਭਰੋਸਾ ਦਿੱਤਾ।ਮੀਟਿੰਗ ਵਿੱਚ ਮੌਜੂਦ ਰਹੇ ਹਰਿਆਣਾ ਦੇ ਕਿਰਤ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਰਾਜੀਵ ਰੰਜਨ ਨੇ ਇਸ ਨੂੰ ਮਜ਼ਦੂਰ ਹਿੱਤ ਵਿੱਚ ਚੁੱਕਿਆ ਗਿਆ ਇਤਿਹਾਸਕ ਕਦਮ ਦੱਸਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਨੇ ਦੇਸ਼ ਵਿੱਚ ਸਭ ਤੋਂ ਪਹਿਲਾਂ ਨਵੇਂ ਕਿਰਤ ਕਾਨੂੰਨ ਤਹਿਤ ਘੱਟੋ-ਘੱਟ ਮਜਦੂਰੀ ਵਿੱਚ ਵਾਧਾ ਕੀਤਾ ਹੈ। ਇਸ ਦਾ ਸਾਰੇ ਵਰਗਾਂ ਦੇ ਮਜ਼ਦੂਰਾਂ ਨੂੰ ਫਾਇਦਾ ਹੋਵੇਗਾ। ਸਰਕਾਰ ਨੇ ਇਸ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਇਸ ਦੌਰਾਨ ਜੁਆਇੰਟ ਲੇਬਰ ਕਮਿਸ਼ਨਰ ਸ੍ਰੀ ਪਰਮਜੀਤ ਸਿੰਘ, ਸਟੇਟ ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਕੁਮਾਰ, ਜਨਰਲ ਸੈਕਟਰੀ ਸ੍ਰੀ ਹਵਾ ਸਿੰਘ ਵੀ ਮੌਜੂਦ ਸਨ।

# ਗੁਰੂਗ੍ਰਾਮ ਵਿੱਚ ਬਣ ਰਹੇ ਸ੍ਰੀ ਸ਼ੀਤਲਾ ਮਾਤਾ ਦੇਵੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਹਰਿਆਣਾ ਵਾਸੀਆਂ ਨੂੰ ਮਿਲੇਗਾ 33% ਰਾਖਵਾਂ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਗੁਰੂਗ੍ਰਾਮ ਵਿੱਚ ਸਥਾਪਿਤ ਕੀਤੇ ਜਾ ਰਹੇ ਸ੍ਰੀ ਸ਼ੀਤਲਾ ਮਾਤਾ ਦੇਵੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਐਮਬੀਬੀਐਸ ਦੀਆਂ 150 ਸੀਟਾਂ ਅਤੇ 850 ਬੈੱਡਾਂ ਵਿੱਚੋਂ 33-33 ਫੀਸਦੀ ਹਰਿਆਣਾ ਦੇ ਵਿਦਿਆਰਥੀਆਂ ਅਤੇ ਪ੍ਰਦੇਸ਼ ਦੇ ਲੋਕਾਂ ਲਈ ਰਾਖਵੇਂ ਕੀਤੇ ਜਾਣ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਰਾਖਵੀਆਂ ਸੀਟਾਂ 'ਤੇ ਫੀਸ ਹੋਰ ਸਰਕਾਰੀ ਮੈਡੀਕਲ ਕਾਲਜਾਂ ਦੇ ਬਰਾਬਰ ਹੀ ਨਿਰਧਾਰਤ ਕੀਤੀ ਜਾਵੇ, ਤਾਂ ਜੋ ਰਾਜ ਦੇ ਵਿਦਿਆਰਥੀਆਂ ਨੂੰ ਸੁਲਭ ਅਤੇ ਸਸਤੀ ਮੈਡੀਕਲ ਸਿੱਖਿਆ ਮਿਲ ਸਕੇ।ਮੁੱਖ ਮੰਤਰੀ ਅੱਜ ਇਸ ਪ੍ਰੋਜੈਕਟ ਦੇ ਪੀਪੀਪੀ ਮੋਡ 'ਤੇ ਸੰਚਾਲਨ ਅਤੇ ਰੱਖ-ਰਖਾਅ ਨੂੰ ਲੈ ਕੇ ਬੁਲਾਈ ਗਈ ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਅਤੇ ਸਿਹਤ, ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਮੰਤਰੀ ਆਰਤੀ ਸਿੰਘ ਰਾਓ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।



ਮੁੱਖ ਮੰਤਰੀ ਨੇ ਕਿਹਾ ਕਿ ਹਸਪਤਾਲ ਵਿੱਚ ਰਾਖਵੇਂ ਬੈੱਡਾਂ 'ਤੇ ਆਯੁਸ਼ਮਾਨ ਭਾਰਤ ਯੋਜਨਾ ਤਹਿਤ ਮਰੀਜ਼ਾਂ ਨੂੰ ਲਾਭ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਗੁਣਵੱਤਾ ਸਿਹਤ ਸੇਵਾਵਾਂ ਮਿਲ ਸਕਣ। ਉਨ੍ਹਾਂ ਨੇ ਇਸ ਸੰਸਥਾਨ ਨੂੰ ਅੰਤਰਰਾਸ਼ਟਰੀ ਮਾਨਕਾਂ ਅਨੁਸਾਰ ਵਿਕਸਿਤ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਗੁਰੂਗ੍ਰਾਮ ਦੀਆਂ ਸਿਹਤ ਸੇਵਾਵਾਂ ਨੂੰ ਨਵੀਂ ਪਛਾਣ ਦੇਵੇਗਾ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਗੁਰੂਗ੍ਰਾਮ ਵਿੱਚ ਵੱਖ-ਵੱਖ ਥਾਵਾਂ 'ਤੇ 100 ਤੋਂ 150 ਬੈੱਡਾਂ ਦੀ ਸਮਰੱਥਾ ਵਾਲੇ 3 ਤੋਂ 4 ਹੋਰ ਹਸਪਤਾਲ ਇਸੇ ਤਰਜ਼ 'ਤੇ ਖੋਲ੍ਹਣ ਦੇ ਪ੍ਰਸਤਾਵ ਵੀ ਤਿਆਰ ਕੀਤੇ ਜਾਣ, ਜਿਸ ਨਾਲ ਵਧਦੀ ਆਬਾਦੀ ਦੀਆਂ ਸਿਹਤ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕੀਤਾ ਜਾ ਸਕੇ।ਮੀਟਿੰਗ ਦੌਰਾਨ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਜਾਣਕਾਰੀ ਦਿੱਤੀ ਕਿ ਇਹ ਸੰਸਥਾਨ ਗੁਰੂਗ੍ਰਾਮ ਦੇ ਸੈਕਟਰ-102ਏ, ਖੇੜਕੀ ਮਾਜਰਾ ਵਿੱਚ 30.75 ਏਕੜ ਜ਼ਮੀਨ 'ਤੇ ਵਿਕਸਿਤ ਕੀਤਾ ਜਾ ਰਿਹਾ ਹੈ। ਪ੍ਰੋਜੈਕਟ ਦਾ ਨਿਰਮਾਣ ਕਾਰਜ 1 ਅਪ੍ਰੈਲ 2022 ਨੂੰ ਅਲਾਟ ਕੀਤਾ ਗਿਆ ਸੀ ਅਤੇ ਇਸ ਨੂੰ 31 ਅਗਸਤ 2026 ਤੱਕ ਪੂਰਾ ਕਰਨ ਦਾ ਟੀਚਾ ਹੈ। ਕੁੱਲ 679.08 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ 'ਤੇ ਹੁਣ ਤੱਕ ਲਗਭਗ 500 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦਾ ਇਨਫਰਾਸਟਰੱਕਚਰ ਜੀ.ਐਮ.ਡੀ.ਏ., ਨਗਰ ਨਿਗਮ ਗੁਰੂਗ੍ਰਾਮ ਅਤੇ ਸ੍ਰੀ ਮਾਤਾ ਮਨਸਾ ਦੇਵੀ ਸ਼ਰਾਈਨ ਬੋਰਡ ਦੇ 50:45:5 ਦੇ ਅਨੁਪਾਤ ਵਿੱਚ ਤਿਆਰ ਕੀਤਾ ਜਾ ਰਿਹਾ ਹੈ, ਜਦਕਿ ਜੀ.ਐਮ.ਡੀ.ਏ. ਨੂੰ ਕਾਰਜਕਾਰੀ ਏਜੰਸੀ ਬਣਾਇਆ ਗਿਆ ਹੈ। ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਹੋਣ ਤੋਂ ਬਾਅਦ 31 ਅਕਤੂਬਰ 2026 ਤੱਕ ਇਸ ਦੇ ਸੰਚਾਲਨ ਦਾ ਕੰਮ ਸਫਲ ਬੋਲੀਦਾਤਾ ਨੂੰ ਸੌਂਪ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਵਧੀਕ ਮੁੱਖ ਸਕੱਤਰ ਸ੍ਰੀ ਏ.ਕੇ. ਸਿੰਘ, ਜੀ.ਐਮ.ਡੀ.ਏ. ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਪੀ.ਸੀ. ਮੀਣਾ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਸੂਬੇ 'ਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਪੰਜਾਬ ਸਰਕਾਰ : ਮੋਹਿੰਦਰ ਭਗਤ

**ਜਲੰਧਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਸਕੂਲ ਖੇਡਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਵਡਮੁੱਲੇ ਯੋਗਦਾਨ ਲਈ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦਾ ਸਨਮਾਨ ਕਰਦਿਆਂ ਪੰਜਾਬ ਸਰਕਾਰ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਦੁਹਰਾਈ।



ਇਥੇ ਲਾ ਬਲਾਸਮ ਸਕੂਲ ਵਿਖੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵੱਲੋਂ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਰਾਜ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸੂਬੇ ਨੂੰ ਖੇਡਾਂ ਦੇ ਖੇਤਰ ਵਿੱਚ ਵੀ ਮੋਹਰੀ ਬਣਾਉਣ ਲਈ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਤਵਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਖੇਡਾਂ ਲਈ 1790 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇਸ ਮੌਕੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ।

ਸ੍ਰੀ ਭਗਤ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਖੇਡਾਂ ਸਦਕਾ ਸਿਹਤਮੰਦ ਜੀਵਨ ਸ਼ੈਲੀ ਦੇ ਨਾਲ-ਨਾਲ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਵਰਕ, ਖੇਡਾਂ ਦੀ ਭਾਵਨਾ ਅਤੇ ਅਗਵਾਈ ਵਰਗੇ ਗੁਣ ਪੈਦਾ ਹੁੰਦੇ ਹਨ, ਜੋ ਕਿ ਜੀਵਨ ਵਿੱਚ ਸਫ਼ਲਤਾ ਹਾਸਲ ਕਰਨ ਲਈ ਬੜੀ ਅਹਿਮੀਅਤ ਰੱਖਦੇ ਹਨ।

ਕੈਬਨਿਟ ਮੰਤਰੀ ਨੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਮੇਟੀ ਦੇ ਅਹੁਦੇਦਾਰਾਂ ਨੂੰ ਖੇਡਾਂ ਵਿੱਚ ਪੰਜਾਬ ਦਾ ਨਾਂ ਵਿਸ਼ਵ ਪੱਧਰ 'ਤੇ ਚਮਕਾਉਣ ਲਈ ਹੋਰ ਤਗੜੇ ਹੋ ਕੇ ਕੰਮ ਕਰਨ ਲਈ ਕਿਹਾ।

ਵਿਸ਼ੇਸ਼ ਮਹਿਮਾਨ ਰਜਿੰਦਰ ਕੌਰ ਥਿਆੜਾ ਨੇ ਸਨਮਾਨਿਤ ਹਸਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਸੁਧਾਰ ਲਈ ਲਗਾਤਾਰ ਕਈ ਮਹੱਤਵਪੂਰਣ ਕਦਮ ਚੁੱਕੇ ਹਨ, ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ।

ਸਮਾਰੋਹ ਦੌਰਾਨ ਕਰੀਬ 100 ਖੇਡ ਹਸਤੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਖੇਡਾਂ ਵਿੱਚ ਉਨ੍ਹਾਂ ਦੇ ਮਹੱਤਵਪੂਰਣ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ), ਡਾ. ਜਤਿੰਦਰ ਸਾਬੀ, ਪ੍ਰਿੰਸੀਪਲ ਜਤਿੰਦਰ ਕੁਮਾਰ, ਪ੍ਰਿੰਸੀਪਲ ਸੁਖਦੇਵ ਲਾਲ ਬੱਬਰ, ਪ੍ਰਿੰਸੀਪਲ ਭੁਪਿੰਦਰ ਪਾਲ ਸਿੰਘ, ਪ੍ਰਿੰਸੀਪਲ ਪਰਮਿੰਦਰ ਫਲੋਰਾ,ਪ੍ਰਿੰਸੀਪਲ ਦਿਨੇਸ਼ ਕੁਮਾਰ ਤੋਂ ਇਲਾਵਾ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਸ਼ਾਮਲ ਹਨ।

ਇਸ ਤੋਂ ਪਹਿਲਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ ਪ੍ਰਧਾਨ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਡਾ. ਗੁਰਿੰਦਰਜੀਤ ਕੌਰ (ਨੈਸ਼ਨਲ ਐਵਾਰਡੀ) ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਰਾਜੀਵ ਜੋਸ਼ੀ (ਸਟੇਟ ਐਵਾਰਡੀ) ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

ਅਖੀਰ ਵਿੱਚ ਡੀ.ਟੀ.ਸੀ. ਜਲੰਧਰ ਦੇ ਜਨਰਲ ਸਕੱਤਰ ਸਟੇਟ ਅਵਾਰਡੀ ਬਲਜੀਤ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਅਤੇ ਸਮੂਹ ਪ੍ਰਿੰਸੀਪਲ ਸਾਹਿਬਾਨ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ-ਕਮ-ਡੀ.ਐਮ. ਸਪੋਰਟਸ ਅਮਨ ਕੌਂਡਲ, ਅੰਤਰਰਾਸ਼ਟਰੀ ਜੂਡੋ ਕੋਚ ਲੈਕਚਰਾਰ ਸੁਰਿੰਦਰ ਕੁਮਾਰ, ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ, ਮੁੱਖ ਅਧਿਆਪਕ ਅਤੇ ਸਰੀਰਿਕ ਸਿੱਖਿਆ ਦੇ ਅਧਿਆਪਕ ਵੀ ਮੌਜੂਦ ਸਨ।

# ਊਰਜਾ ਮੰਤਰੀ ਅਨਿਲ ਵਿਜ ਦੇ ਸਖ਼ਤ ਨਿਰਦੇਸ਼ - ਹਰਿਆਣਾ ਵਿੱਚ ਬਿਨ੍ਹਾਂ ਰੁਕਾਵਟ ਅਤੇ ਗੁਣਵੱਤਾਪੂਰਨ ਬਿਜਲੀ ਸਪਲਾਈ ਯਕੀਨੀ ਹੋਵੇਗੀ

**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਨੇ ਰਾਜ ਨੂੰ ਊਰਜਾ ਖੇਤਰ ਵਿੱਚ ਮੋਹਰੀ ਬਣਾਉਣ ਦੇ ਉਦੇਸ਼ ਨਾਲ ਊਰਜਾ ਵਿਭਾਗ ਦੇ ਅਧਿਕਾਰੀਆਂ ਨੂੰ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨਿਰਦੇਸ਼ ਦਿੱਤਾ ਕਿ ਇਨ੍ਹਾਂ ਦਾ ਪ੍ਰਭਾਵੀ ਲਾਗੂ ਯਕੀਨੀ ਬਣਾਉਂਦੇ ਹੋਏ ਸੂਬੇ ਦੇ ਬਿਜਲੀ ਖਪਤਕਾਰਾਂ ਨੂੰ ਗੁਣਵੱਤਾਪੂਰਨ ਅਤੇ ਬਿਨ੍ਹਾਂ ਰੁਕਾਵਟ ਬਿਜਲੀ ਸਪਲਾਈ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਐਲਾਨ ਕਰਦਿਆਂ ਕਿਹਾ ਕਿ ਸਰਕਾਰੀ ਇਮਾਰਤਾਂ ਵਿੱਚ ਸੋਲਰ ਸਿਸਟਮ ਅਤੇ 'ਪੀਐਮ ਸੂਰਿਆ ਘਰ ਯੋਜਨਾ' ਦੇ ਪ੍ਰਭਾਵੀ ਲਾਗੂ ਕਰਨ ਤਹਿਤ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਸਰਕਲ ਨੂੰ ਅਵਾਰਡ ਦਿੱਤਾ ਜਾਵੇਗਾ।



ਸ੍ਰੀ ਵਿਜ ਅੱਜ ਚੰਡੀਗੜ੍ਹ ਵਿੱਚ ਊਰਜਾ ਵਿਭਾਗ ਦੇ ਸੂਬੇ ਭਰ ਤੋਂ ਆਏ ਸੀਨੀਅਰ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਊਰਜਾ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ ਅਤੇ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਵਿਕਰਮ ਸਿੰਘ ਵੀ ਮੌਜੂਦ ਸਨ। ਮੀਟਿੰਗ ਦੇ ਸ਼ੁਰੂ ਵਿੱਚ ਸ੍ਰੀ ਵਿਜ ਨੇ ਵਿਭਾਗੀ ਅਧਿਕਾਰੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਧੀਕ ਮੁੱਖ ਸਕੱਤਰ ਦਾ ਅਹੁਦਾ ਲੰਬੇ ਸਮੇਂ ਤੋਂ ਖਾਲੀ ਰਹਿਣ ਦੇ ਬਾਵਜੂਦ ਵਿਭਾਗੀ ਕੰਮਾਂ ਵਿੱਚ ਕੋਈ ਵੱਡੀ ਰੁਕਾਵਟ ਨਹੀਂ ਆਈ ਅਤੇ ਕੰਮ ਸੁਚਾਰੂ ਰੂਪ ਵਿੱਚ ਚੱਲਦੇ ਰਹੇ।

ਪਿਛਲੇ ਛੇ ਮਹੀਨਿਆਂ ਵਿੱਚ ਬਿਜਲੀ ਸਪਲਾਈ ਵਿੱਚ ਆਏ ਵਿਘਨ ਦੀ ਸਮੀਖਿਆ ਕਰਦਿਆਂ ਉਨ੍ਹਾਂ ਸਪੱਸ਼ਟ ਨਿਰਦੇਸ਼ ਦਿੱਤੇ ਕਿ ਸ਼ਹਿਰੀ ਖੇਤਰਾਂ ਵਿੱਚ ਵੱਧ ਤੋਂ ਵੱਧ ਦੋ ਘੰਟੇ ਅਤੇ ਗ੍ਰਾਮੀਣ ਖੇਤਰਾਂ ਵਿੱਚ ਚਾਰ ਘੰਟੇ ਤੋਂ ਵੱਧ ਬਿਜਲੀ ਬੰਦ ਨਹੀਂ ਹੋਣੀ ਚਾਹੀਦੀ। ਇਸ ਤੋਂ ਵੱਧ ਸਮਾਂ ਹੋਣ 'ਤੇ ਸਬੰਧਤ ਅਧਿਕਾਰੀਆਂ, ਖਾਸ ਕਰਕੇ ਐਸ.ਈ. ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਗੰਭੀਰ ਮਾਮਲਿਆਂ ਵਿੱਚ ਮੁਅੱਤਲੀ ਤੱਕ ਦੀ ਕਾਰਵਾਈ ਸੰਭਵ ਹੋਵੇਗੀ।

ਉਨ੍ਹਾਂ ਟ੍ਰਾਂਸਫਾਰਮਰਾਂ ਨੂੰ ਤੁਰੰਤ ਬਦਲਣ 'ਤੇ ਜ਼ੋਰ ਦਿੰਦਿਆਂ ਨਿਰਦੇਸ਼ ਦਿੱਤਾ ਕਿ ਮੁਰੰਮਤ ਕੰਮਾਂ ਦੌਰਾਨ ਮੇਨਟੇਨੈਂਸ ਸਟਾਫ ਕੋਲ ਲੋੜੀਂਦੇ ਉਪਕਰਨ, ਸੁਰੱਖਿਆ ਸਾਧਨ ਅਤੇ ਟ੍ਰਾਂਸਫਾਰਮਰ ਟ੍ਰਾਲੀ ਉਪਲਬਧ ਹੋਣੀ ਚਾਹੀਦੀ ਹੈ। ਇਸ 'ਤੇ ਕਮਿਸ਼ਨਰ ਅਤੇ ਸਕੱਤਰ ਨੇ ਭਰੋਸਾ ਦਿੱਤਾ ਕਿ ਦੋ ਦਿਨਾਂ ਦੇ ਅੰਦਰ ਸਾਰੇ ਕਰਮਚਾਰੀਆਂ ਨੂੰ ਲੋੜੀਂਦੇ ਸੁਰੱਖਿਆ ਉਪਕਰਨ ਮੁਹੱਈਆ ਕਰਵਾ ਦਿੱਤੇ ਜਾਣਗੇ।

ਸ੍ਰੀ ਵਿਜ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਭਵਿੱਖ ਵਿੱਚ ਸਥਾਪਿਤ ਹੋਣ ਵਾਲੇ ਸਾਰੇ ਬਿਜਲੀ ਸਬ-ਸਟੇਸ਼ਨ ਜਲਭਰਾਵ (ਵਾਟਰਲਾਗਿੰਗ) ਵਾਲੇ ਖੇਤਰਾਂ ਵਿੱਚ ਨਾ ਬਣਾਏ ਜਾਣ ਜਾਂ ਉਨ੍ਹਾਂ ਨੂੰ ਸੰਭਾਵਿਤ ਜਲ ਪੱਧਰ ਤੋਂ ਘੱਟੋ-ਘੱਟ ਦੋ ਫੁੱਟ ਦੀ ਉਚਾਈ 'ਤੇ ਸਥਾਪਿਤ ਕੀਤਾ ਜਾਵੇ। ਇਸ ਦੇ ਲਈ ਸਬੰਧਤ ਵਿਭਾਗ ਤੋਂ ਐਨ.ਓ.ਸੀ. ਲੈਣਾ ਵੀ ਲਾਜ਼ਮੀ ਹੋਵੇਗਾ। ਨਾਲ ਹੀ, ਉਨ੍ਹਾਂ ਸਬ-ਸਟੇਸ਼ਨਾਂ ਦੀ ਸਾਂਭ-ਸੰਭਾਲ ਅਤੇ ਅਪਗ੍ਰੇਡੇਸ਼ਨ ਲਈ ਵੀ ਨਿਰਦੇਸ਼ ਜਾਰੀ ਕੀਤੇ। ਵਰਖਾ ਰੁੱਤ ਤੋਂ ਪਹਿਲਾਂ ਬਿਜਲੀ ਦੀਆਂ ਲਾਈਨਾਂ ਦੇ ਨੇੜੇ ਸਥਿਤ ਦਰੱਖਤਾਂ ਦੀ ਛਾਂਟੀ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਗਏ, ਤਾਂ ਜੋ ਹਨੇਰੀ-ਤੂਫ਼ਾਨ ਦੌਰਾਨ ਬਿਜਲੀ ਸਪਲਾਈ ਵਿੱਚ ਰੁਕਾਵਟ ਨਾ ਆਵੇ।

ਉਪਕਰਣਾਂ ਦੀ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਤਾਲਮੇਲ ਵਧਾਉਣ ਲਈ ਸ੍ਰੀ ਵਿਜ ਨੇ ਇੱਕ ਸਮਰਪਿਤ ਆਨਲਾਈਨ ਪੋਰਟਲ ਵਿਕਸਿਤ ਕਰਨ ਦੇ ਨਿਰਦੇਸ਼ ਦਿੱਤੇ। ਇਸ ਪੋਰਟਲ 'ਤੇ ਪੂਰੇ ਰਾਜ ਵਿੱਚ ਵਰਤੇ ਜਾਣ ਵਾਲੇ ਉਪਕਰਣਾਂ ਦਾ ਵੇਰਵਾ ਉਪਲਬਧ ਰਹੇਗਾ, ਜਿਸ ਨਾਲ ਬੇਲੋੜੀ ਦੁਹਰਾਈ ਨੂੰ ਰੋਕਿਆ ਜਾ ਸਕੇਗਾ ਅਤੇ ਲੋੜ ਅਨੁਸਾਰ ਸਾਧਨਾਂ ਦੀ ਬਿਹਤਰ ਵਰਤੋਂ ਕੀਤੀ ਜਾ ਸਕੇਗੀ। ਪੋਰਟਲ ਵਿੱਚ ਐਡਮਿਨ ਡੈਸ਼ਬੋਰਡ ਦੀ ਵਿਵਸਥਾ ਵੀ ਹੋਵੇਗੀ, ਜਿਸ ਨਾਲ ਸੀਨੀਅਰ ਅਧਿਕਾਰੀ ਮੰਗ ਅਤੇ ਖਰੀਦ ਯੋਜਨਾ ਦੀ ਨਿਗਰਾਨੀ ਕਰ ਸਕਣਗੇ।

ਬਿਜਲੀ ਚੋਰੀ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਨਿਰਦੇਸ਼ ਦਿੱਤਾ ਕਿ ਅਗਲੇ ਤਿੰਨ ਮਹੀਨਿਆਂ ਵਿੱਚ ਸਾਰੇ ਪੈਂਡਿੰਗ ਮਾਮਲਿਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਚਾਲੂ ਸਾਲ ਵਿੱਚ 179 ਲੋਕਾਂ ਨੂੰ ਬਿਜਲੀ ਚੋਰੀ ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਲ 2024-25 ਵਿੱਚ 39,529 ਅਤੇ 2025-26 ਵਿੱਚ 56,953 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਵਿਜੀਲੈਂਸ ਵਿੰਗ ਨੇ ਭਰੋਸਾ ਦਿੱਤਾ ਕਿ ਸਾਰੇ ਮਾਮਲਿਆਂ ਨੂੰ ਜਲਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਸ੍ਰੀ ਵਿਜ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਖਪਤਕਾਰਾਂ 'ਤੇ ਬਕਾਇਆ ਰਾਸ਼ੀ ਪੈਂਡਿੰਗ ਹੈ ਅਤੇ ਉਨ੍ਹਾਂ ਨੇ ਉਸੇ ਪ੍ਰਾਪਰਟੀ (ਸੰਪਤੀ) 'ਤੇ ਨਵਾਂ ਬਿਜਲੀ ਕੁਨੈਕਸ਼ਨ ਲੈ ਲਿਆ ਹੈ, ਅਜਿਹੇ ਕੁਨੈਕਸ਼ਨ ਦੇਣ ਵਾਲੇ ਸਬੰਧਤ ਕਰਮਚਾਰੀਆਂ ਦੇ ਵਿਰੁੱਧ ਨਿਯਮ-8 ਤਹਿਤ ਕਾਰਵਾਈ ਕਰਕੇ ਚਾਰਜਸ਼ੀਟ ਦਾਖਲ ਕੀਤੀ ਜਾਵੇਗੀ। ਅਜਿਹੇ ਕੁੱਲ 3,224 ਮਾਮਲਿਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 202 ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਅਤੇ 3022 ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਹਨ। ਇਸ ਦੇ ਲਈ ਤਿੰਨ ਮੈਂਬਰੀ ਟੀਮਾਂ ਦਾ ਗਠਨ ਕੀਤਾ ਜਾਵੇਗਾ, ਜੋ ਤਿੰਨ ਮਹੀਨਿਆਂ ਦੇ ਅੰਦਰ ਕਾਰਵਾਈ ਮੁਕੰਮਲ ਕਰਨਗੀਆਂ।

ਡਿਫਾਲਟਰ ਖਪਤਕਾਰਾਂ ਤੋਂ ਲਗਭਗ 8,247 ਕਰੋੜ ਰੁਪਏ ਦੀ ਵਸੂਲੀ ਕੀਤੀ ਜਾਣੀ ਹੈ। ਇਸ ਵਿੱਚੋਂ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੁਆਰਾ 3,573 ਕਰੋੜ ਰੁਪਏ ਅਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੁਆਰਾ 4,674 ਕਰੋੜ ਰੁਪਏ ਦੀ ਰਿਕਵਰੀ ਸ਼ਾਮਲ ਹੈ। ਸਰਕਾਰੀ ਵਿਭਾਗਾਂ ਤੋਂ ਵੀ ਲਗਭਗ 585 ਕਰੋੜ ਰੁਪਏ ਦੀ ਵਸੂਲੀ ਕੀਤੀ ਜਾਣੀ ਹੈ, ਜਿਸ ਤਹਿਤ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਵੱਲੋਂ 319 ਕਰੋੜ ਰੁਪਏ ਅਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਵੱਲੋਂ 266 ਕਰੋੜ ਰੁਪਏ ਦੀ ਰਿਕਵਰੀ ਕੀਤੀ ਜਾਣੀ ਹੈ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਵਸੂਲੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

ਊਰਜਾ ਮੰਤਰੀ ਨੇ ਨਿਰਦੇਸ਼ ਦਿੱਤਾ ਕਿ ਅਗਲੇ ਇੱਕ ਸਾਲ ਦੇ ਅੰਦਰ ਰਾਜ ਦੀਆਂ ਸਾਰੀਆਂ ਸਰਕਾਰੀ ਇਮਾਰਤਾਂ 'ਤੇ ਸੋਲਰ ਸਿਸਟਮ ਸਥਾਪਿਤ ਕੀਤੇ ਜਾਣ, ਤਾਂ ਜੋ ਹਰਿਆਣਾ ਇਸ ਖੇਤਰ ਵਿੱਚ ਦੇਸ਼ ਦਾ ਮੋਹਰੀ ਰਾਜ ਬਣ ਸਕੇ। ਉਨ੍ਹਾਂ ਨੇ ਇਸ ਨੂੰ ਰਾਜ ਸਰਕਾਰ ਦਾ ਫਲੈਗਸ਼ਿਪ ਪ੍ਰੋਗਰਾਮ ਦੱਸਦਿਆਂ ਗੰਭੀਰਤਾ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ, 'ਪੀਐਮ ਸੂਰਿਆ ਘਰ ਯੋਜਨਾ' ਤਹਿਤ ਵੱਧ ਤੋਂ ਵੱਧ ਯੋਗ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਗਏ। ਇਸ ਯੋਜਨਾ ਲਈ 200 ਕਰੋੜ ਰੁਪਏ ਦਾ ਰਿਵਾਲਵਿੰਗ ਫੰਡ ਵੀ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਆਪਣੇ ਸਰਕਲ ਵਿੱਚ ਸਭ ਤੋਂ ਵੱਧ ਸੋਲਰ ਸਿਸਟਮ ਸਥਾਪਿਤ ਕਰਵਾਉਣ ਵਾਲੇ ਅਧਿਕਾਰੀ ਨੂੰ ਸਨਮਾਨਿਤ ਕੀਤਾ ਜਾਵੇਗਾ।

ਲੈਂਡ ਰਿਕਵਰੀ ਐਕਟ ਤਹਿਤ ਡਿਫਾਲਟਰ ਖਪਤਕਾਰਾਂ ਤੋਂ ਵਸੂਲੀ ਵਿੱਚ ਢਿੱਲ ਵਰਤਣ 'ਤੇ ਉਨ੍ਹਾਂ ਨੇ ਕੈਥਲ, ਕੁਰੂਕਸ਼ੇਤਰ, ਪੰਚਕੂਲਾ ਅਤੇ ਯਮੁਨਾਨਗਰ ਦੇ ਅਧਿਕਾਰੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਦੇ ਨਿਰਦੇਸ਼ ਦਿੱਤੇ।ਮੀਟਿੰਗ ਵਿੱਚ ਬਿਜਲੀ ਵੰਡ ਢਾਂਚੇ ਨੂੰ ਮਜ਼ਬੂਤ ਕਰਨ, ਮੇਨਟੇਨੈਂਸ ਸਟਾਫ ਦੀ ਤਾਇਨਾਤੀ, ਸ਼ਿਕਾਇਤ ਨਿਵਾਰਣ ਪ੍ਰਣਾਲੀ ਅਤੇ ਕਾਰਜਕੁਸ਼ਲਤਾ ਵਰਗੇ ਵਿਸ਼ਿਆਂ 'ਤੇ ਵੀ ਵਿਸਥਾਰਪੂਰਵਕ ਚਰਚਾ ਹੋਈ।

ਇਸ ਮੌਕੇ ਰਾਜ ਭਰ ਤੋਂ ਆਏ ਮੁੱਖ ਇੰਜੀਨੀਅਰ, ਸੁਪਰਿੰਟੈਂਡਿੰਗ ਇੰਜੀਨੀਅਰ, ਐਗਜ਼ੀਕਿਊਟਿਵ ਇੰਜੀਨੀਅਰ ਸਮੇਤ ਊਰਜਾ ਵਿਭਾਗ ਦੇ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ।

# ਪੀਐਮ ਸ਼੍ਰੀ ਸਕੂਲਾਂ ਨੂੰ ਲੈ ਕੇ ਨਵੀਂ ਦਿੱਲੀ ਵਿੱਚ ਹੋਈ ਮਹੱਤਵਪੂਰਨ ਮੀਟਿੰਗ

**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ (DoSEL) ਅਤੇ ਹਰਿਆਣਾ ਸਰਕਾਰ ਦੇ ਸਿੱਖਿਆ ਵਿਭਾਗ ਦੇ ਵਿਚਕਾਰ ਕਰਤੱਵਯ ਭਵਨ, ਨਵੀਂ ਦਿੱਲੀ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਅਗਵਾਈ ਸ਼੍ਰੀ ਸੰਜੇ ਕੁਮਾਰ, ਆਈ.ਏ.ਐਸ., ਸਕੱਤਰ, DoSEL, ਭਾਰਤ ਸਰਕਾਰ ਨੇ ਕੀਤੀ। ਇਸ ਮੌਕੇ ਸ਼੍ਰੀ ਧੀਰਜ ਸਾਹੂ, ਆਈ.ਏ.ਐਸ., ਵਧੀਕ ਸਕੱਤਰ, ਭਾਰਤ ਸਰਕਾਰ ਵੀ ਮੌਜੂਦ ਸਨ।


ਹਰਿਆਣਾ ਵੱਲੋਂ ਵਫ਼ਦ ਦੀ ਅਗਵਾਈ ਸ਼੍ਰੀ ਵਿਜੇ ਸਿੰਘ ਦਹੀਆ, ਆਈ.ਏ.ਐਸ., ਪ੍ਰਧਾਨ ਸਕੱਤਰ, ਸਕੂਲ ਸਿੱਖਿਆ ਵਿਭਾਗ ਨੇ ਕੀਤੀ। ਉਨ੍ਹਾਂ ਦੇ ਨਾਲ ਸ਼੍ਰੀਮਤੀ ਵਰਸ਼ਾ ਖਾਂਗਵਾਲ, ਆਈ.ਏ.ਐਸ., ਰਾਜ ਪ੍ਰੋਜੈਕਟ ਡਾਇਰੈਕਟਰ; ਡਾ. ਮਯੰਕ ਵਰਮਾ, ਐਚ.ਸੀ.ਐਸ., ਸੰਯੁਕਤ ਰਾਜ ਪ੍ਰੋਜੈਕਟ ਡਾਇਰੈਕਟਰ; ਡਾ. ਬਲਕਿਸ਼ਨ ਯਾਦਵ, ਸਲਾਹਕਾਰ (ਯੋਜਨਾ) ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਮੀਟਿੰਗ ਦਾ ਮੁੱਖ ਉਦੇਸ਼ ਹਰਿਆਣਾ ਦੇ ਪੀਐਮ ਸ਼੍ਰੀ ਸਕੂਲਾਂ ਲਈ ਭਾਰਤ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨਾ ਸੀ। ਹਰਿਆਣਾ ਸਰਕਾਰ ਨੇ ਲਗਭਗ 200 ਕਰੋੜ ਦੇ ਪ੍ਰੋਜੈਕਟਾਂ ਦਾ ਪ੍ਰਸਤਾਵ ਸਫਲਤਾਪੂਰਵਕ ਪੇਸ਼ ਕੀਤਾ।

ਇਨ੍ਹਾਂ ਪ੍ਰਸਤਾਵਾਂ ਦਾ ਉਦੇਸ਼ ਪੀਐਮ ਸ਼੍ਰੀ ਸਕੂਲਾਂ ਦਾ ਸਰਵਪੱਖੀ ਵਿਕਾਸ ਕਰਦੇ ਹੋਏ ਉਨ੍ਹਾਂ ਨੂੰ ਐਕਸੀਲੈਂਸ ਦੇ ਕੇਂਦਰ ਬਣਾਉਣਾ ਹੈ। ਇਨ੍ਹਾਂ ਵਿੱਚ ਸਕੂਲ ਦੀਆਂ ਇਮਾਰਤਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵਿਸਥਾਰ, ਖੇਡ ਸਹੂਲਤਾਂ ਦਾ ਵਿਕਾਸ, ਹੁਨਰ ਵਿਕਾਸ (ਸਕਿਲਿੰਗ) ਸਹੂਲਤਾਂ ਦੀ ਸਥਾਪਨਾ, ਸਕੂਲਾਂ ਨੂੰ ਵਾਤਾਵਰਣ ਦੇ ਅਨੁਕੂਲ ਬਣਾਉਣਾ, ਇਨੋਵੇਸ਼ਨ ਕਲੱਬ ਦੀ ਸਥਾਪਨਾ, ਰੋਬੋਟਿਕਸ ਅਤੇ ਏਆਈ ਸਿਖਲਾਈ ਦੀ ਸ਼ੁਰੂਆਤ, ਦਿਵਿਆਂਗ ਬੱਚਿਆਂ ਲਈ ਵਿਸ਼ੇਸ਼ ਯੋਜਨਾਵਾਂ, ਤਾਂ ਜੋ ਉਨ੍ਹਾਂ ਦੀ ਰਜਿਸਟ੍ਰੇਸ਼ਨ ਵਧੇ ਅਤੇ ਉਹ ਮੁੱਖ ਧਾਰਾ ਦੀ ਸਿੱਖਿਆ ਨਾਲ ਜੁੜ ਸਕਣ।

ਮੀਟਿੰਗ ਦੌਰਾਨ ਭਾਰਤ ਸਰਕਾਰ ਨੇ ਹਰਿਆਣਾ ਸਰਕਾਰ ਦੀਆਂ ਵੱਖ-ਵੱਖ ਸ਼ਲਾਘਾਯੋਗ ਪਹਿਲਕਦਮੀਆਂ ਦੀ ਪ੍ਰਸ਼ੰਸਾ ਕੀਤੀ। ਇਨ੍ਹਾਂ ਵਿੱਚ ਕੁਸ਼ਲ ਬਿਜ਼ਨਸ ਚੈਲੇਂਜ (ਜੋ ਵਿਦਿਆਰਥੀਆਂ ਵਿੱਚ ਉੱਦਮੀ ਹੁਨਰ ਵਿਕਸਿਤ ਕਰਨ ਲਈ ਹੈ), ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਇਸਰੋ ਦੌਰੇ ਅਤੇ ਆਈਸੀਐਮਆਰ (ICMR) ਦੇ ਨਾਲ ਮਿਲ ਕੇ ਅਧਿਆਪਕਾਂ ਦੇ ਸਿਖਲਾ ਕਰਵਾਈ।

# ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਪਿੰਡ ਵਾਸੀਆਂ ਨਾਲ ਵਿਸਥਾਰ ਵਿੱਚ ਵਿਚਾਰ ਸਾਂਝੇ ਕੀਤੇ



**ਡੇਰਾ ਬਾਬਾ ਨਾਨਕ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਸਮਰਾਏ ਅਤੇ ਸਾਧਾਂਵਾਲੀ ਵਿਖੇ ਵੱਖ-ਵੱਖ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਦਿਆਂ, ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਦੀ ਅਗਵਾਈ ਹੇਠ ਬੀਤੇ 4 ਸਾਲਾਂ ਦੌਰਾਨ ਕਰਵਾਏ ਗਏ ਵਿਕਾਸੀ ਕੰਮਾਂ ਅਤੇ ਪੰਜਾਬ ਵਿੱਚ ਚੱਲ ਰਹੀਆਂ ਲੋਕ-ਹਿਤ ਯੋਜਨਾਵਾਂ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਪਿੰਡ ਵਾਸੀਆਂ ਨੂੰ ਸਰਕਾਰ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਅਤੇ ਆਉਣ ਵਾਲੇ ਸਮੇਂ ਦੀਆਂ ਯੋਜਨਾਵਾਂ ਬਾਰੇ ਜਾਣੂ ਕਰਵਾਇਆ ਗਿਆ। ਨਾਲ ਹੀ ਉਨ੍ਹਾਂ ਦੇ ਕੀਮਤੀ ਸੁਝਾਵਾਂ ਨੂੰ ਵੀ ਧਿਆਨ ਨਾਲ ਸੁਣਿਆ ਗਿਆ, ਜੋ ਭਵਿੱਖ ਵਿੱਚ ਹੋਰ ਬਿਹਤਰ ਯੋਜਨਾਬੰਦੀ ਲਈ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਮਿਲਿਆ ਭਰਪੂਰ ਸਹਿਯੋਗ ਅਤੇ ਵਿਸ਼ਵਾਸ, ਸਰਕਾਰ ਦੀਆਂ ਲੋਕਹਿੱਤ ਨੀਤੀਆਂ ਦੀ ਕਾਮਯਾਬੀ ਦਾ ਸਬੂਤ ਹੈ।

ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਪਾਰਟੀ ਵਲੋਂ ਦਿੱਤੀ ਗਰੰਟੀ ਅਨੁਸਾਰ ਔਰਤਾਂ ਨੂੰ 1,000 ਰੁਪਏ ਦੇਣ ਦਾ ਕੀਤਾ ਗਿਆ ਵਾਅਦਾ ਪੂਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ 1,500 ਰੁਪਏ ਅਤੇ ਜਨਰਲ ਸ਼੍ਰੇਣੀ ਦੀਆਂ ਔਰਤਾਂ ਲਈ 1,000 ਰੁਪਏ ਦੀ ਵਾਧੂ ਪੈਨਸ਼ਨ ਪ੍ਰਦਾਨ ਕਰਨ ਲਈ ਰਜਿਸਟ੍ਰੇਸ਼ਨ ਹੋਣ ਨਾਲ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀਆਂ ਜਮ੍ਹਾਂ ਹੋ ਜਾਣਗੀਆਂ।

ਉਨ੍ਹਾਂ ਨੇ ਅੱਗੇ ਕਿਹਾ ਕਿ ਪੰਜਾਬ ਦੇ 90 ਫੀਸਦ ਘਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ। ਕਿਸਾਨਾਂ ਦੇ ਟਿਊਬਵੈੱਲਾਂ ਲਈ ਦਿਨ ਵੇਲੇ ਬਿਜਲੀ ਸਪਲਾਈ ਯਕੀਨੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਬਿਮਾਰੀ ਦੇ ਸਮੇਂ ਪੰਜਾਬ ਦੇ ਲੋਕਾਂ ਲਈ ਡਾਕਟਰੀ ਇਲਾਜ ਦੇ ਖਰਚਿਆਂ ਨੂੰ ਪੂਰਾ ਕਰਨ ਲਈ 10 ਲੱਖ ਰੁਪਏ ਦੀ ਮੁਫ਼ਤ ਸਿਹਤ ਬੀਮਾ ਯੋਜਨਾ ਵੀ ਲਾਗੂ ਕੀਤੀ ਗਈ ਹੈ,

# ਭਾਰਤ 1.20 ਲੱਖ ਮਾਨਤਾ ਪ੍ਰਾਪਤ ਸਟਾਰਟਅੱਪ ਦੇ ਨਾਲ ਵਿਕਾਸ ਦੀ ਨਵੀਂ ਸ਼ਕਤੀ ਦਾ ਪ੍ਰਤੀਕ : ਰਾਜਪਾਲ

**ਚੰਡੀਗੜ੍ਹ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਅੱਜ ਭਾਰਤ ਦਾ ਸਟਾਰਟਅੱਪ ਇਕੋਸਿਸਟਮ ਨਵੀਨਤਾ-ਅਧਾਰਿਤ ਵਿਕਾਸ ਦੀ ਸ਼ਕਤੀ ਦਾ ਪ੍ਰਮਾਣ ਹੈ, ਜਿਸ ਵਿੱਚ 1 ਲੱਖ 20 ਹਜ਼ਾਰ ਤੋਂ ਵੱਧ ਮਾਨਤਾ ਪ੍ਰਾਪਤ ਸਟਾਰਟਅੱਪਸ ਹਨ, ਜਿਨ੍ਹਾਂ ਰਾਹੀਂ 12 ਲੱਖ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ।



ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਇਹ ਗੱਲ ਅੱਜ ਚੰਡੀਗੜ੍ਹ ਸਥਿਤ ਹਯਾਤ ਰੀਜੈਂਸੀ ਵਿੱਚ ਟਾਈਕਾਨ ਚੰਡੀਗੜ੍ਹ-2026 ਦੀ ਦੋ-ਦਿਨਾਂ ਕਾਨਫ੍ਰੈਂਸ ਦੇ ਉਦਘਾਟਨੀ ਮੌਕੇ ਮੁੱਖ ਮਹਿਮਾਨ ਵਜੋਂ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦਿਆਂ ਕਹੀ। ਉੱਦਮਤਾ ਨੂੰ ਪ੍ਰੋਤਸਾਹਿਤ ਕਰਨ ਲਈ ਆਯੋਜਿਤ ਇਸ ਕਾਨਫ੍ਰੈਂਸ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਪ੍ਰਬੰਧਕਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਭਾਰਤ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੰਗਣ ਦੀ ਨਹੀਂ ਸਗੋਂ ਰੁਜ਼ਗਾਰ ਦੇਣ ਦੀ ਸੋਚ ਨਾਲ ਇਨੋਵੇਸ਼ਨ ਵੱਲ ਵਧਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀਂ ਮਾਨਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੁਪਨਿਆਂ ਅਨੁਸਾਰ 'ਵਿਕਸਿਤ ਭਾਰਤ' ਬਣਾਉਣ ਦੇ ਯੱਗ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ।

ਰਾਜਪਾਲ ਪ੍ਰੋ. ਘੋਸ਼ ਨੇ ਕਿਹਾ ਕਿ ਭਾਰਤ ਵਿੱਚ ਇੱਕ ਵਿਸ਼ਾਲ ਮੱਧ ਵਰਗ ਹੈ, ਜਿਨ੍ਹਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਜੇਕਰ ਆਧੁਨਿਕ ਤਕਨਾਲੋਜੀ ਨਾਲ ਨਵੇਂ ਪ੍ਰਯੋਗ ਕੀਤੇ ਜਾਣ ਤਾਂ ਨੌਜਵਾਨ ਵਰਗ ਕੋਲ ਰੁਜ਼ਗਾਰ ਦੀ ਕੋਈ ਕਮੀ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਫੂਡ ਟੈਕਨਾਲੋਜੀ ਵਰਗੇ ਕਈ ਖੇਤਰਾਂ ਵਿੱਚ ਨਵੇਂ ਪ੍ਰਯੋਗ ਕਰਨ ਦੀਆਂ ਅਪਾਰ ਸੰਭਾਵਨਾਵਾਂ ਹਨ, ਕਿਉਂਕਿ ਦੇਸ਼ ਵਿੱਚ ਇਸ ਲਈ ਕੱਚਾ ਮਾਲ ਭਰਪੂਰ ਮਾਤਰਾ ਵਿੱਚ ਉਪਲਬਧ ਹੈ।

ਰਾਜਪਾਲ ਪ੍ਰੋ. ਘੋਸ਼ ਨੇ ਕਿਹਾ ਕਿ ਇਹ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਹਰਿਆਣਾ ਰਾਜ 7000 ਤੋਂ ਵੱਧ ਸਟਾਰਟਅੱਪਸ ਦੇ ਨਾਲ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਵਜੋਂ ਉਭਰਿਆ ਹੈ। ਉਨ੍ਹਾਂ ਹਰਿਆਣਾ ਦੀ ਸਟਾਰਟਅੱਪ ਨੀਤੀ ਦੀ ਸ਼ਲਾਘਾ ਕਰਦਿਆਂ ਇਸ ਨੂੰ ਉੱਦਮੀਆਂ ਦੇ ਅਨੁਕੂਲ ਦੱਸਿਆ।ਪ੍ਰੋ. ਘੋਸ਼ ਨੇ ਕਿਹਾ ਕਿ ਹਰਿਆਣਾ ਦੇ ਗੁਰੂਗ੍ਰਾਮ ਨੇ ਆਪਣੇ ਆਪ ਨੂੰ ਇੱਕ ਵਿਸ਼ਵਵਿਆਪੀ ਸਟਾਰਟਅੱਪ ਅਤੇ ਤਕਨਾਲੋਜੀ ਕੇਂਦਰ ਵਜੋਂ ਸਥਾਪਿਤ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਟਾਈਕਾਨ ਚੰਡੀਗੜ੍ਹ ਉੱਤਰੀ ਭਾਰਤ ਦੇ ਇਨੋਵੇਸ਼ਨ ਅਤੇ ਉੱਦਮਤਾ ਇਲਕੋਸਿਸਟਮ ਦਾ ਇੱਕ ਮਹੱਤਵਪੂਰਨ ਥੰਮ੍ਹ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਉਤਸ਼ਾਹਜਨਕ ਹੈ ਕਿ ਪੰਚਕੂਲਾ ਇੱਕ ਉੱਭਰਦੇ ਹੋਏ ਵਿਕਾਸ ਕੇਂਦਰ ਵਜੋਂ ਸਾਹਮਣੇ ਆ ਰਿਹਾ ਹੈ। ਆਪਣੇ ਯੋਜਨਾਬੱਧ ਬੁਨਿਆਦੀ ਢਾਂਚੇ, ਰਣਨੀਤਕ ਕਨੈਕਟੀਵਿਟੀ ਅਤੇ ਚੰਡੀਗੜ੍ਹ ਦੇ ਨੇੜੇ ਹੋਣ ਕਾਰਨ, ਪੰਚਕੂਲਾ ਅਗਲੀ ਪੀੜ੍ਹੀ ਦੇ ਸਟਾਰਟਅੱਪਸ, ਆਈ.ਟੀ. ਕੰਪਨੀਆਂ ਅਤੇ ਨਵੀਨਤਾ-ਅਧਾਰਿਤ ਨਿਵੇਸ਼ ਨੂੰ ਖਿੱਚਣ ਲਈ ਚੰਗੀ ਸਥਿਤੀ ਵਿੱਚ ਹੈ।


ਉਨ੍ਹਾਂ ਕਿਹਾ ਕਿ ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਟਾਈ ਚੰਡੀਗੜ੍ਹ 23 ਦੇਸ਼ਾਂ ਵਿੱਚ ਫੈਲੇ 67 ਤੋਂ ਵੱਧ ਚੈਪਟਰਾਂ ਵਾਲੇ ਵਿਸ਼ਵ ਟਾਈ ਨੈੱਟਵਰਕ ਦਾ ਹਿੱਸਾ ਹੈ ਅਤੇ ਇਹ ਸਭ ਤੋਂ ਸਰਗਰਮ ਅਤੇ ਪ੍ਰਭਾਵਸ਼ਾਲੀ ਇਕਾਈਆਂ ਵਿੱਚੋਂ ਇੱਕ ਹੈ। 450 ਤੋਂ ਵੱਧ ਚਾਰਟਰ ਮੈਂਬਰਾਂ ਅਤੇ ਉੱਦਮੀਆਂ ਦੇ ਮਜ਼ਬੂਤ ਭਾਈਚਾਰੇ ਨਾਲ, ਇਸ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਹੋਰ ਖੇਤਰਾਂ ਵਿੱਚ ਸੈਂਕੜੇ ਸਟਾਰਟਅੱਪਸ ਨੂੰ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਦਾਨ ਕੀਤਾ ਹੈ। ਇਸਦੇ ਮੁੱਖ ਪ੍ਰੋਗਰਾਮ-ਟਾਈ ਵੂਮੈਨ, ਟਾਈ ਯੂਨੀਵਰਸਿਟੀ ਅਤੇ ਟਾਈ ਯੰਗ ਐਂਟਰਪ੍ਰੀਨਿਓਰ-ਹਰ ਪੱਧਰ 'ਤੇ ਪ੍ਰਤਿਭਾ ਨੂੰ ਵਿਕਸਿਤ ਕਰ ਰਹੇ ਹਨ, ਜੋ ਹਰ ਸਾਲ 300 ਤੋਂ ਵੱਧ ਪ੍ਰਤੀਭਾਗੀਆਂ ਨੂੰ ਜੋੜਦੇ ਹੋਏ ਭਵਿੱਖ ਦੇ ਉੱਦਮੀਆਂ ਦੀ ਮਜ਼ਬੂਤ ਬੁਨਿਆਦ ਤਿਆਰ ਕਰ ਰਹੇ ਹਨ।

ਉਨ੍ਹਾਂ ਖ਼ੁਸ਼ੀ ਪ੍ਰਗਟਾਈ ਕਿ ਟਾਈਕਾਨ ਚੰਡੀਗੜ੍ਹ-2026 ਵਿੱਚ 2000 ਤੋਂ ਵੱਧ ਪ੍ਰਤੀਨਿਧੀ, 50 ਤੋਂ ਵੱਧ ਨਿਵੇਸ਼ਕ, 80 ਤੋਂ ਵੱਧ ਬੁਲਾਰੇ ਅਤੇ 50 ਤੋਂ ਵੱਧ ਸਟਾਰਟਅੱਪਸ ਸ਼ਾਮਲ ਹਨ। ਉਨ੍ਹਾਂ ਨੇ ਇਸ ਨੂੰ ਇਕੋਸਿਸਟਮ ਦੇ ਵਿਸਤਾਰ ਅਤੇ ਊਰਜਾ ਦੀ ਸ਼ਾਨਦਾਰ ਉਦਾਹਰਣ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਸਹਿਯੋਗ, ਨਵੀਨਤਾ ਅਤੇ ਸਮਾਵੇਸ਼ ਰਾਹੀਂ ਇਸ ਇਲਕੋਸਿਸਟਮ ਨੂੰ ਹੋਰ ਮਜ਼ਬੂਤ ਕਰਦੇ ਰਹੀਏ।ਇਸ ਮੌਕੇ ਲੇਡੀ ਗਵਰਨਰ ਸ਼੍ਰੀਮਤੀ ਮਿੱਤਰਾ ਘੋਸ਼, ਟਾਈ ਚੰਡੀਗੜ੍ਹ ਦੇ ਚੇਅਰਮੈਨ ਪੁਨੀਤ ਵਰਮਾ, ਸਾਬਕਾ ਚੇਅਰਮੈਨ ਮੁਰਲੀ ਬੁੱਕਾਪਟਨਮ, ਬ੍ਰਹਮ ਅਲਰੇਜਾ, ਰਵੀ ਸ਼ਰਮਾ, ਵਿਸ਼ਾਲ ਕੇਡੀਆ, ਸੁਮੇਧ ਸਚਦੇਵਾ, ਆਸ਼ੂ ਸ਼ਰਮਾ, ਰਿਤਿਕਾ ਸਿੰਘ, ਪੂਜਾ ਨਾਇਰ, ਜੇ.ਬੀ. ਸਿੰਘ, ਅਜੇ ਤਿਵਾਰੀ, ਹਿਰਦੇਸ਼ ਮਦਾਨ, ਸਤੀਸ਼ ਕੇ.ਅਰੋੜਾ ਅਤੇ ਹਰਿਤ ਮੋਹਨ ਸਮੇਤ ਕਈ ਮਾਣਯੋਗ ਵਿਅਕਤੀ ਮੌਜੂਦ ਸਨ।

# ਵਿਧਾਇਕ ਜਿੰਪਾ ਨੇ 20.53 ਲੱਖ ਦੇ ਵਿਕਾਸ ਕਾਰਜਾਂ ਦਾ ਕੀਤਾ ਸ਼ੁਭ ਆਰੰਭ

**ਹੁਸ਼ਿਆਰਪੁਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਗਤੀ ਦਿੰਦੇ ਹੋਏ ਘੰਟਾ ਘਰ ਚੌਕ ਤੋਂ ਸ੍ਰੀ ਹਨੂੰਮਾਨ ਮੰਦਰ ਅ ?ਤੇ ਸ੍ਰੀ ਹਨੂੰਮਾਨ ਮੰਦਰ ਤੋਂ ਗੁੜ ਮੰਡੀ ਤੱਕ 20.53 ਲੱਖ ਰੁਪਏ ਦੀ ਲਾਗਤ ਨਾਲ ਪੇਵਰ ਬਲਾਕ ਲਗਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਸੜਕਾਂ ਅਤੇ ਗਲੀਆਂ ਨੂੰ ਬਿਹਤਰ ਬਣਾਉਣਾ ਉਨ੍ਹਾਂ ਦੀ ਪਹਿਲ ਹੈ, ਤਾਂ ਜੋ ਆਮ ਜਨਤਾ ਨੂੰ ਬੇਹਤਰ ਆਵਾਜਾਈ ਦੀ ਸੁਵਿਧਾ ਮਿਲ ਸਕੇਵਿਧਾਇਕ ਜਿੰਪਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕਾਰਜ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ ਅਤੇ ਗੁਣਵੱਤਾ ਦੇ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਰੂਪ ਵਿਚ ਕਿਹਾ ਕਿ ਵਿਕਾਸ ਕੰਮਾਂ ਵਿਚ ਪਾਰਦਰਸ਼ਤਾ ਅਤੇ ਗੁਣਵੱਤਾ ਯਕੀਨੀ ਬਣਾਈ ਜਾਵੇ, ਤਾਂ ਜੋ ਜਨਤਾ ਨੂੰ ਲੰਬੇ ਸਮੇਂ ਤੱਕ ਇਨ੍ਹਾਂ ਸੁਵਿਧਾਵਾਂ ਦਾ ਲਾਭ ਮਿਲ ਸਕੇ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਵੱਖ-ਵੱਖ ਹਲਕਿਆਂ ਵਿਚ ਇਸ ਤਰ੍ਹਾਂ ਦੇ ਵਿਕਾਸ ਕਾਰਜ ਜਾਰੀ ਰਹਿਣਗੇ। ਇਸ ਪ੍ਰੋਜੈਕਟ ਨਾਲ ਸਥਾਨਿਕ ਨਿਵਾਸੀਆਂ ਅਤੇ ਵਪਾਰੀਆਂ ਨੂੰ ਕਾਫ਼ੀ ਰਾਹਤ ਮਿਲੇਗੀ ਅਤੇ ਹਲਕੇ ਦੀ ਸੁੰਦਰਤਾ ਵਿਚ ਵੀ ਵਾਧਾ




# 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਜਲੰਧਰ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਸੰਭਾਲਿਆ ਅਹੁਦਾ

**ਜਲੰਧਰ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਸ਼ੁੱਕਰਵਾਰ ਸਵੇਰੇ ਜਲੰਧਰ ਜ਼ਿਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਚਾਰਜ ਸੰਭਾਲਣ ਤੋਂ ਪਹਿਲਾਂ, ਉਨ੍ਹਾਂ ਨੂੰ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।



ਅਹੁਦਾ ਸੰਭਾਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਯੋਜਨਾਵਾਂ ਅਤੇ ਲੋਕ ਭਲਾਈ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਉਨ੍ਹਾਂ ਦੀ ਪ੍ਰਮੁੱਖ ਤਰਜ਼ੀਹ ਹੋਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਅਧਿਕਾਰੀਆਂ ਅਤੇ ਸਟਾਫ਼ ਨਾਲ ਮੀਟਿੰਗ ਦੌਰਾਨ ਸ਼੍ਰੀ ਵਾਲੀਆ ਨੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਲਗਨ ਤੇ ਤਨਦੇਹੀ ਨਾਲ ਨਿਭਾਉਣ ਲਈ ਕਿਹਾ, ਤਾਂ ਜੋ ਵੱਖ-ਵੱਖ ਯੋਜਨਾਵਾਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚ ਸਕੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਉਨ੍ਹਾਂ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਰਹੇਗਾ।

# ਬਹੁਤ ਮਹੱਤਵਪੂਰਨ ਹਨ ਸਰੀਰ ਦੇ ਪੂਰਨ ਵਿਕਾਸ ਲਈ ਹਾਰਮੋਨਜ਼

ਹਰ ਰੋਜ਼ ਦੀ ਕਾਰਜ-ਪ੍ਰਣਾਲੀ ਵਿਚ ਥੋੜ੍ਹੇ ਬਹੁਤ ਸੁਧਾਰ ਲਿਆ ਕੇ ਹਾਰਮੋਨਜ਼ ਤਬਦੀਲੀ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਲਈ 24 ਘੰਟਿਆਂ ਦੀ ਇਕ ਯੋਜਨਾ ਬਣਾਓ ਅਤੇ ਉਸ ਅਨੁਸਾਰ ਕੰਮ ਕਰੋ-ਜਿਵੇਂ:-

ਸਵੇਰੇ ਅੱਠ ਵਜੇ : ਅਕਸਰ ਔਰਤਾਂ ਇਹ ਸ਼ਿਕਾਇਤ ਕਰਦੀਆਂ ਹਨ ਕਿ ਸਵੇਰੇ ਸੌਂ ਕੇ ਉੱਠਣ ਪਿਛੋਂ ਉਨ੍ਹਾਂ ਨੂੰ ਲਗਦਾ ਹੈ ਜਿਵੇਂ ਉਨ੍ਹਾਂ ਦੇ ਸਰੀਰ ਵਿਚ ਤਾਕਤ ਹੀ ਨਾ ਹੋਵੇ। ਠੰਢ ਦੇ ਦਿਨਾਂ ਵਿਚ ਤਾਂ ਅਕਸਰ ਹੀ ਅਜਿਹਾ ਹੁੰਦਾ ਹੈ। ਰਾਤ ਵੇਲੇ ਗੂੜ੍ਹੀ ਨੀਂਦ ਲੈਣਾ ਹੀ ਕਾਫ਼ੀ ਨਹੀਂ ਹੁੰਦਾ, ਸਰੀਰ ਵਿਚ ਮੌਜੂਦ ਊਰਜਾ ਨੂੰ ਬਣਾਈ ਰੱਖਣ ਦੇ ਲਈ ਸਰੀਰ ਵਿਚ ਲੈਪਟੀਨ ਅਤੇ ਇੰਸੂਲਿਨ ਦੀ ਕਾਫ਼ੀ ਮਾਤਰਾ ਹੋਣਾ ਬੇਹੱਦ ਜ਼ਰੂਰੀ ਹੈ। ਇਹ ਦੋਵੇਂ ਹੀ ਸਰੀਰ ਵਿਚ ਊਰਜਾ ਦਾ ਸੰਤੁਲਨ ਬਣਾਈ ਰੱਖਣ ਵਿਚ ਮਦਦ ਕਰਦੇ ਹਨ। ਰਾਤ ਵੇਲੇ ਸੱਤ ਤੋਂ ਅੱਠ ਘੰਟੇ ਸੌਣ ਸਮੇਂ ਸਾਡਾ ਸਰੀਰ ਸੁਸਤ ਹੋ ਜਾਂਦਾ ਹੈ ਪਰ ਸਰੀਰ ਦੇ ਅੰਦਰੂਨੀ ਅੰਗ ਲਗਾਤਾਰ ਕੰਮ ਕਰਦੇ ਰਹਿੰਦੇ ਹਨ। ਭਾਵ ਸਰੀਰ ਵਿਚ ਊਰਜਾ ਦੀ ਖਪਤ ਹੁੰਦੀ ਰਹਿੰਦੀ ਹੈ। ਨੀਂਦ ਦੀ ਸਮਾਂ-ਸੀਮਾ ਦਰਮਿਆਨ ਅਸੀਂ ਕੁਝ ਵੀ ਨਹੀਂ ਖਾਂਦੇ-ਪੀਂਦੇ। ਇਸ ਨਾਲ ਹਾਰਮੋਨਜ਼ ਪ੍ਰਭਾਵਿਤ ਹੁੰਦੇ ਹਨ। ਹਾਰਮੋਨਜ਼ 'ਤੇ ਪੈਣ ਵਾਲੇ ਪ੍ਰਭਾਵ ਘੱਟ ਕਰਨ ਦੇ ਲਈ ਸਾਡੇ ਲਈ ਇਹ ਜ਼ਰੂਰੀ ਹੈ ਕਿ ਸਵੇਰੇ ਸੌਂ ਕੇ ਉੱਠਣ ਪਿੱਛੋਂ ਇਕ ਘੰਟੇ ਦੇ ਅੰਦਰ ਹੀ ਕੁਝ ਨਾ ਕੁਝ ਹਲਕਾ-ਫੁਲਕਾ ਖਾਣਾ ਚਾਹੀਦਾ ਹੈ।

ਸਵੇਰੇ 8.30 ਵਜੇ : ਇਸ ਸਮੇਂ ਤੱਕ ਸਰੀਰ ਦਾ ਪੂਰਾ ਮੈਟਾਬੋਲਿਜ਼ਮ ਪੂਰੀ ਸਮਰੱਥਾ ਨਾਲ ਕੰਮ ਕਰਨਾ ਨਹੀਂ ਸ਼ੁਰੂ ਕਰਦਾ ਕਿਉਂਕਿ ਇਸ ਸਮੇਂ ਤੱਕ ਵੀ ਉਹ ਨੀਂਦ ਵਿਚ ਹੁੰਦਾ ਹੈ। ਸਾਡੀਆਂ ਗਲੈਂਡਮ ਹਾਰਮੋਨਜ਼ ਦਾ ਵਹਾਅ ਤੇਜ਼ੀ ਨਾਲ ਤਦੇ ਹੀ ਕਰਦੀਆਂ ਹਨ ਜਦੋਂ ਸਰੀਰ ਵਿਚ ਸੰਗ੍ਰਹਿਤ ਚਰਬੀ ਅਤੇ ਕੈਲੋਰੀ ਦੀ ਖਪਤ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਪ੍ਰਤੀ ਦਿਨ ਸਵੇਰੇ ਦਸ ਮਿੰਟ ਤੱਕ ਪੈਦਲ ਚੱਲੋ। ਆਪਣੀ ਥਾਇਰਾਈਡ ਗ੍ਰੰਥੀ ਨੂੰ ਸਰਗਰਮ ਕਰਨ ਦੇ ਲਈ ਤੇਜ਼ ਚਲੋ। ਜੇਕਰ ਸਮਾਂ ਨਹੀਂ ਹੈ ਤਾਂ ਥੋੜ੍ਹਾ ਦੂਰ ਪੈਦਲ ਤਾਂ ਜ਼ਰੂਰ ਚਲੋ।

ਸਵੇਰੇ 11.30 ਵਜੇ : ਸਵੇਰ ਸਮੇਂ ਪੀਤੀ ਗਈ ਕਾਫ਼ੀ ਦਾ ਪ੍ਰਭਾਵ ਅਤੇ ਕਸਰਤ ਦਾ ਅਸਰ ਇਸ ਸਮੇਂ ਤੱਕ ਦਿਸਣ ਲੱਗ ਪੈਂਦਾ ਹੈ। ਇਹ ਅਜਿਹਾ ਸਮਾਂ ਹੈ ਜਦੋਂ ਤੁਹਾਡੀ ਚਾਕਲੇਟ ਅਤੇ ਬਿਸਕੁਟ ਖਾਣ ਦੀ ਲੋੜ ਹੁੰਦੀ ਹੈ ਤਾਂ ਕਿ ਤੁਸੀਂ ਲੰਚ ਦੇ ਸਮੇਂ ਤੱਕ ਭੁੱਖ 'ਤੇ ਕਾਬੂ ਰੱਖ ਸਕੋ। ਅਜਿਹੀ ਹਾਲਤ ਵਿਚ ਆਪਣੇ-ਆਪ 'ਤੇ ਕਾਬੂ ਰੱਖੋ ਤੇ ਬਿਸਕੁਟ ਦੇ ਡੱਬੇ ਵੱਲ ਭੱਜਣ ਦੀ ਬਜਾਏ ਆਪਣੇ ਮਿੱਤਰਾਂ ਜਾਂ ਸਾਥੀਆਂ ਨਾਲ ਗੱਲਾਂ ਕਰੋ। ਭਿੰਨ-ਭਿੰਨ ਅਧਿਐਨ ਤੋਂ ਇਹ ਗੱਲ ਸਾਬਤ ਹੋਈ ਹੈ ਕਿ ਦਫ਼ਤਰ ਜਾਂ ਘਰ ਵਿਚ ਦੋਸਤਾਂ ਦੇ ਨਾਲ ਆਪਸੀ ਗੱਲਬਾਤ ਰਾਹੀਂ ਦਿਮਾਗ ਵਿਚ ਸੈਰੋਟੋਨਿਕਾ ਨਾਂਅ ਦੇ ਹਾਰਮੋਨ ਦਾ ਵਹਾਅ ਹੁੰਦਾ ਹੈ ਜੋ ਸਾਡੇ ਮੂਡ ਨੂੰ ਤਰੋਤਾਜ਼ਾ ਕਰ ਦਿੰਦਾ ਹੈ।

ਦੁਪਹਿਰ 12.30 ਵਜੇ : ਜਿਵੇਂ-ਜਿਵੇਂ ਦੁਪਹਿਰ ਦੇ ਖਾਣੇ ਦਾ ਵਕਤ ਹੁੰਦਾ ਹੈ, ਸਾਡੇ ਸਰੀਰ ਵਿਚ ਭੁੱਖ ਪੈਦਾ ਕਰਨ ਅਤੇ ਹਾਰਮੋਨਜ਼ ਦੀ ਪੱਧਰ ਵਧ ਜਾਂਦੀ ਹੈ। ਇਹ ਹਾਰਮੋਨਜ਼ ਸਾਡੇ ਮੈਟਾਬੋਲਿਜ਼ਮ ਦੇ ਪੱਧਰ ਨੂੰ ਘੱਟ ਕਰਦਾ ਹੈ ਜਿਸ ਨਾਲ ਸਾਡੀ ਇਕਾਗਰਤਾ 'ਤੇ ਵੀ ਅਸਰ ਪੈਂਦਾ ਹੈ। ਇਸ ਹਾਰਮੋਨਜ਼ ਦੇ ਸੰਤੁਲਨ ਦੇ ਲਈ ਪੌਸ਼ਟਿਕ ਲੰਚ ਲਓ। ਲੰਚ



ਤੋਂ ਪਹਿਲਾਂ ਇਸ ਹਾਰਮੋਨ ਦੀ ਪੱਧਰ ਵਧ ਜਾਂਦੀ ਹੈ ਅਤੇ ਲੰਚ ਦੇ ਬਾਅਦ ਇਹ ਘੱਟ ਹੋ ਜਾਂਦੀ ਹੈ। ਪ੍ਰੋਟੀਨ ਭਰਪੂਰ ਖਾਣਾ ਖਾਓ।

ਦੁਪਹਿਰ 3.00 ਵਜੇ : ਅੱਧ ਦੁਪਹਿਰ ਸਰੀਰ ਵਿਚ ਊਰਜਾ ਦੀ ਪੱਧਰ ਘੱਟ ਹੋਣ ਲਗਦੀ ਹੈ। ਦਿਮਾਗ ਵਿਚ ਥਕਾਵਟ ਮਹਿਸੂਸ ਹੋਣ ਲਗਦੀ ਹੈ। ਅਜਿਹਾ ਹੋਣ ਦਾ ਕਾਰਨ ਹੈ ਸਰੀਰ ਵਿਚ ਟੈਸਟਰੋਨ ਦਾ ਹਾਰਮੋਨ ਦੇ ਪੱਧਰ ਵਿਚ ਕਮੀ ਆਉਣਾ। ਔਰਤਾਂ ਵਿਚ ਹਾਰਮੋਨ ਪੁਰਸ਼ਾਂ ਦੇ ਮੁਕਾਬਲੇ ਘੱਟ ਬਣਦਾ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਬੋਰੀਅਤ ਅਤੇ ਥਕਾਵਟ ਨਾਲ ਭਰੇ ਸਮੇਂ ਵਿਚ ਕੁਝ ਰਚਨਾਤਮਿਕ ਕੰਮ ਕਰੋ। ਜੇਕਰ ਘਰ ਵਿਚ ਹੋ ਤਾਂ ਦਿਮਾਗ ਨੂੰ ਤਰੋਤਾਜ਼ਾ ਬਣਾਈ ਰੱਖਣ ਲਈ ਕੋਈ ਖੇਡ, ਖੇਡ ਸਕਦੇ ਹੋ। ਦਿਮਾਗੀ ਖੇਡ ਖੇਡੋ ਜਿਸ ਨਾਲ ਟੈਸਟਰੋਨ ਦੀ ਪੱਧਰ ਵਧ ਜਾਂਦੀ ਹੈ। ਇਹ ਉਹ ਸਮਾਂ ਹੈ ਜਦੋਂ ਤੁਸੀਂ ਕੋਈ ਦਫਤਰੀ ਕੰਮ ਲਈ ਬਾਹਰ ਜਾ ਸਕਦੇ ਹੋ। ਕਿਸੇ ਨਾਲ ਵਾਦ-ਵਿਵਾਦ ਹੋਣ ਨਾਲ ਵੀ ਅਸੀਂ ਆਪਣੇ ਅੰਦਰਲੇ ਹਾਰਮੋਨਜ਼ ਦੀ ਪੱਧਰ ਨੂੰ ਵਧਾ ਸਕਦੇ ਹਾਂ।

ਸ਼ਾਮ 6.00 ਵਜੇ : ਸਾਰੇ ਦਿਨ ਦੀ ਥਕਾਵਟ ਦੇ ਬਾਅਦ ਸਾਡੇ ਸਰੀਰ ਵਿਚ ਕੋਟੀਸੋਲ ਨਾਂਅ ਦਾ ਹਾਰਮੋਨ ਜ਼ਿਆਦਾ ਬਣਦਾ ਹੈ। ਦਿਨ ਭਰ ਦੇ ਕੰਮ ਦੇ ਬਾਅਦ ਸਰੀਰ ਅਤੇ ਦਿਮਾਗ ਪੂਰੀ ਤਰ੍ਹਾਂ ਥੱਕ ਜਾਂਦਾ ਹੈ। ਨਾੜੀ ਦੀ ਗਤੀ ਤੇਜ਼ ਹੋ ਜਾਂਦੀ ਹੈ ਅਤੇ ਚਿੜਚਿੜਾਉਣ ਲਗਦੇ ਹਾਂ। ਇਸ ਸਮੇਂ ਆਪਣੇ 'ਤੇ ਕਾਬੂ ਰੱਖੋ ਅਤੇ ਆਪਣੇ ਗੁੱਸੇ ਨੂੰ ਜ਼ਾਹਿਰ ਨਾ ਕਰਨ ਦਾ ਯਤਨ ਕਰੋ ਕਿਉਂਕਿ ਸਰੀਰ ਵਿਚ ਤੁਰੰਤ ਇਸ ਹਾਰਮੋਨ ਦੀ ਅਧਿਕਤਾ ਹੋਣ ਲਗਦੀ ਹੈ। ਇਸ ਸਮੇਂ ਕਸਰਤ ਨਾ ਕਰੋ। ਆਪਣੇ ਸਾਥੀ ਦੇ ਨਾਲ ਮੇਲ-ਜੋਲ ਵਧਾਉਣ ਨਾਲ ਆਕਸੀਟੋਕਸਿਨ ਵਧਦਾ ਹੈ ਜਿਸ ਨਾਲ ਮੂਡ ਵਿਚ ਸੁਧਾਰ ਆਉਂਦਾ ਹੈ।

ਰਾਤ 8.00 ਵਜੇ : ਆਪਣੇ-ਆਪ ਨੂੰ ਆਰਾਮ ਦੇਣ ਲਈ ਕੋਈ ਫਿਲਮ ਦੇਖੋ। ਹਾਲ ਹੀ ਵਿਚ ਅਮਰੀਕਾ ਵਿਚ ਹੋਏ ਸਰਵੇ ਤੋਂ ਇਹ ਨਤੀਜੇ ਸਾਹਮਣੇ ਆਏ ਹਨ ਕਿ ਜਿਹੜੇ ਲੋਕ ਕੋਈ ਸ਼ੋਅ ਜਾਂ ਫਿਲਮ ਦੇਖਦੇ ਹਨ, ਉਨ੍ਹਾਂ ਵਿਚ 10 ਫੀਸਦੀ ਸ਼ਾਂਤ ਰੱਖਣ ਵਾਲੇ ਹਾਰਮੋਨਜ਼ ਪ੍ਰੋਜੇਸਟਰੋਨ ਪੈਦਾ ਹੁੰਦੇ ਹਨ, ਜਿਸ ਨਾਲ ਦਿਲੋ ਦਿਮਾਗ ਵਿਚ ਸ਼ਾਂਤੀ ਮਹਿਸੂਸ ਕਰਦੇ ਹਨ।

ਰਾਤ 9.00 ਵਜੇ : ਇਸ ਸਮੇਂ ਤੱਕ ਤੁਸੀਂ ਆਪਣੇ-ਆਪ ਨੂੰ ਆਰਾਮਦਾਇਕ ਹਾਲਤ ਵਿਚ ਮਹਿਸੂਸ ਕਰਦੇ ਹੋ। ਪਰ ਪੂਰੀ ਤਰ੍ਹਾਂ ਤੁਸੀਂ ਸ਼ਾਂਤ ਇਸ ਸਮੇਂ ਵੀ ਨਹੀਂ ਹੁੰਦੇ। ਜੇਕਰ ਸਰੀਰ ਨੂੰ ਆਰਾਮ ਦੇਣ ਵਾਲੇ ਹਾਰਮੋਨਜ਼ ਆਕਸੀਟੋਕਸਿਨ ਅਤੇ ਪ੍ਰੋਜੇਸਟ੍ਰਨ ਇਸ ਸਮੇਂ ਦੌਰਾਨ ਸਾਡੇ ਸਰੀਰ ਵਿਚ ਆਪਣਾ ਸੰਤੁਲਨ ਬਣਾ ਕੇ ਰੱਖਣ ਤਾਂ ਅਸੀਂ ਸਕਾਰਾਤਮਿਕ ਬਣੇ ਰਹਿੰਦੇ ਹਾਂ।

ਰਾਤ 11.00 ਵਜੇ : ਰਾਤ ਸਮੇਂ ਜ਼ਿਆਦਾ ਦੇਰ ਤੱਕ ਜਾਗਣਾ ਵੀ ਹਾਰਮੋਨ ਵਿਚ ਗੜਬੜੀ ਦਾ ਇਕ ਕਾਰਨ ਹੋ ਸਕਦਾ ਹੈ। ਇਸ ਲਈ ਇਹ ਕੋਸ਼ਿਸ਼ ਕਰੋ ਕਿ ਰਾਤ ਵੇਲੇ ਸਮੇਂ ਸਿਰ ਸੌਂ ਜਾਓ। ਵਰਨਾ ਜ਼ਿਆਦਾ ਦੇਰ ਤੱਕ ਜਾਗਣ ਨਾਲ ਭੁੱਖ ਪੈਦਾ ਕਰਨ ਵਾਲੇ ਹਾਰਮੋਨਜ਼ ਸਰਗਰਮ ਬਣੇ ਰਹਿੰਦੇ ਹਨ, ਜੋ ਦੂਸਰੇ ਹਾਰਮੋਨਜ਼ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸਰੀਰ ਵਿਚ ਮੈਲਟੋਨਿਕ ਦੇ ਵਹਾਅ ਲਈ ਸੌਣ ਤੋਂ ਪਹਿਲਾਂ ਇਕ ਗਿਲਾਸ ਦੁੱਧ ਪੀਓ ਨਾਲ ਅਖਰੋਟ ਖਾਓ। ਸੌਣ ਤੋਂ ਪਹਿਲਾਂ ਬਰੁਸ਼ ਜ਼ਰੂਰ ਕਰੋ। ਅਖਰੋਟ ਵਿਚ ਮੈਲਟੋਨਿਨ ਹੁੰਦਾ ਹੈ ਜੋ ਨੀਂਦ ਲਿਆਉਣ ਵਾਲੇ ਹਾਰਮੋਨਜ਼ ਪੈਦਾ ਕਰਦਾ ਹੈ।

## ਕੁਦਰਤੀ ਢੰਗ ਨਾਲ ਵਧਾਓ ਅੱਖਾਂ ਦੀ ਨਜ਼ਰ

ਸਾਡੇ ਜੀਵਨ ਵਿਚ ਅੱਖਾਂ ਦਾ ਵਿਸ਼ੇਸ਼ ਸਥਾਨ ਹੈ। ਬਿਨਾਂ ਅੱਖਾਂ ਦੇ ਰੋਜ਼ਾਨਾ ਦੇ ਕੰਮ-ਕਾਰ ਕਰਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਅਸੀਂ ਸਹਿਜ ਹੀ ਅਨੁਮਾਨ ਲਗਾ ਸਕਦੇ ਹਾਂ। ਬਿਨਾਂ ਅੱਖਾਂ ਦੇ ਸਾਡੀ ਦੁਨੀਆ ਵਿਚ ਹਨੇਰਾ ਹੋ ਜਾਂਦਾ ਹੈ। ਇਸ ਲਈ ਸਾਡਾ ਇਹ ਫਰਜ਼ ਹੈ ਕਿ ਅਸੀਂ ਅੱਖਾਂ ਦੀ ਸਹੀ ਦੇਖਭਾਲ ਕਰੀਏ, ਜਿਸ ਨਾਲ ਅਸੀਂ ਰੋਗ ਮੁਕਤ ਰਹੀਏ। ਉਂਜ ਵੀ ਅੱਖਾਂ ਦੀਆਂ ਛੋਟੀਆਂ-ਮੋਟੀਆਂ ਤਕਲੀਫਾਂ ਸਾਡੀਆਂ ਹੀ ਲਾਪਰਵਾਹੀਆਂ ਦੇ ਕਾਰਨ ਹੁੰਦੀਆਂ ਹਨ।

ਬਹੁਤਾ ਨੇੜੇ ਬੈਠ ਕੇ ਟੀ.ਵੀ ਦੇਖਣਾ, ਚਮਕੀਲੀਆਂ ਵਸਤੂਆਂ ਨੂੰ ਇਕ ਟਿੱਕ ਵੇਖਣਾ, ਨੀਂਦ ਆਉਣ 'ਤੇ ਵੀ ਨਾ ਸੌਣਾ, ਅੱਖਾਂ ਨੂੰ ਵਾਰ-ਵਾਰ ਮਲਣਾ, ਬਹੁਤ ਤੇਜ਼ ਮਸਾਲੇਦਾਰ ਭੋਜਨ ਦਾ ਸੇਵਨ, ਗੁੱਸਾ ਕਰਨਾ, ਸ਼ਰਾਬ ਪੀਣਾ, ਮਲ-ਮੂਤਰ ਆਦਿ ਰੋਕਣ ਨਾਲ ਅੱਖਾਂ ਵਿਚ ਬਹੁਤ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਸਿਰ ਵਿਚ ਤੇਲ ਨਾ ਲਗਾਉਣਾ, ਲੇਟ ਕੇ ਪੜ੍ਹਨਾ, ਘੰਟਿਆਂ ਤੱਕ ਲਗਾਤਾਰ ਕੰਪਿਊਟਰ ਦੇ ਸਾਹਮਣੇ ਬੈਠੇ ਰਹਿਣਾ, ਬਿਨਾਂ ਐਨਕਾਂ ਤੋਂ



ਮੋਟਰ ਸਾਈਕਲ ਜਾਂ ਸਕੂਟਰ ਚਲਾਉਣ ਆਦਿ ਦੇ ਕਾਰਨ ਵੀ ਅੱਖਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

ਅੱਖਾਂ ਦੀ ਰੋਸ਼ਨੀ ਸਹੀ ਰੱਖਣ ਵਿਚ ਤ੍ਰਿਫਲਾ ਦਾ ਚੂਰਨ ਅਤੇ ਕਾਲੇ ਤਿਲ ਸਹਾਇਕ ਹੁੰਦੇ ਹਨ। ਇਸ ਲਈ ਯੋਗ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਸਿੰਘਆਸਣ ਅੱਖਾਂ ਦੀ ਨਿਗਾਹ ਤੇਜ਼ ਕਰਨ ਵਿਚ ਬਹੁਤ ਵੀ ਵਧੀਆ ਹੁੰਦਾ ਹੈ। ਇਸ ਨੂੰ ਕਰਨ ਲਈ ਦੋਵੇਂ ਪੈਰਾਂ ਨੂੰ ਮਿਲਾ ਲਵੋ ਅਤੇ ਸਾਹਮਣੇ ਫੈਲਾ ਕੇ ਬੈਠ ਜਾਵੋ। ਦੋਨਾਂ ਹੱਥਾਂ ਨੂੰ ਜ਼ਮੀਨ ਦੇ ਪਿੱਛੇ ਰੱਖ ਲਵੋ ਅਤੇ ਉਂਗਲੀਆਂ ਸਾਹਮਣੇ ਮਿਲਾ ਲਉ। ਹੁਣ ਹੱਥਾਂ ਨੂੰ ਪਿਛੇ ਹੀ ਰੱਖਦੇ ਹੋਏ ਗੋਡਿਆਂ ਦੇ ਸਹਾਰੇ ਖੜ੍ਹੇ ਹੋ ਕੇ ਇਸ ਤਰ੍ਹਾਂ ਬੈਠੋ ਕਿ ਸੱਜਾ ਪੈਰ ਸੱਜੇ ਪੁੜੇ ਅਤੇ ਖੱਬਾ ਪੈਰ ਖੱਬੇ ਪੁੜੇ ਦੇ ਹੇਠਾਂ ਆ ਜਾਵੇ। ਫਿਰ ਦੋਨਾਂ ਅੱਡੀਆਂ 'ਤੇ ਬੈਠ ਕੇ ਸੱਜਾ ਹੱਥ ਸੱਜੇ ਗੋਡੇ ਤੇ ਖੱਬਾ ਹੱਥ ਖੱਬੇ ਗੋਡੇ 'ਤੇ ਰੱਖੋ ਅਤੇ ਉਂਗਲੀਆਂ ਨੂੰ ਫੈਲਾਅ ਲਵੋ। ਹੁਣ ਬਾਹਾਂ ਦੇ ਵਿਚ ਦੇਖਦੇ ਹੋਏ, ਥੋੜ੍ਹਾ ਅੱਗੇ ਝੁਕਦੇ ਹੋਏ ਜੀਭ ਬਾਹਰ ਕੱਢੋ। ਵਾਪਸ ਪਹਿਲਾਂ ਦੀ ਸਥਿਤੀ ਵਿਚ ਆਉਣ ਲਈ ਮੂੰਹ ਨੂੰ ਸਾਧਾਰਨ ਕਰੋ, ਹੱਥਾਂ ਨੂੰ ਢਿੱਲਾ ਛੱਡੋ ਅਤੇ ਇਕ-ਇਕ ਕਰਕੇ ਪੈਰਾਂ ਨੂੰ ਸਿੱਧਾ ਕਰੋ। ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਣ ਤਾਂ ਚਿਹਰੇ ਦੀ ਸਾਰੀ ਖ਼ੂਬਸੂਰਤੀ ਖਤਮ ਹੋ ਜਾਂਦੀ ਹੈ। ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਾਂ ਤਾਂ ਇਹ ਨਿਸ਼ਾਨ ਨਾ ਪੈਣ ਤੇ ਜਾਂ ਫਿਰ ਨਿਸ਼ਾਨ ਖ਼ਤਮ ਹੋ ਜਾਣ। ਪਰ ਪਹਿਲੀ ਕੋਸ਼ਿਸ਼ ਨਿਸ਼ਾਨ ਨਾ ਪੈਣ ਦੀ ਹੀ ਕਰਨੀ ਚਾਹੀਦੀ ਹੈ। ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਨੀਂਦ ਪੂਰੀ ਲਵੋ, ਰਾਤ ਨੂੰ ਜਲਦੀ ਸੌਂਵੋ ਤਾਂ ਕਿ ਜਲਦੀ ਉਠ ਸਕੀਏ। ਨੀਂਦ ਪੂਰੀ ਨਾ ਲੈਣ ਨਾਲ ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਂਦੇ ਹਨ। ਇਨ੍ਹਾਂ ਧੱਬਿਆਂ ਦਾ ਕਾਰਨ ਇਹ ਵੀ ਹੁੰਦਾ ਹੈ ਕਿ ਔਰਤਾਂ ਲੋੜ ਤੋਂ ਜ਼ਿਆਦਾ ਪਤਲੀਆਂ ਅਤੇ ਨਾਜ਼ੁਕ ਦਿਖਣਾ ਚਾਹੁੰਦੀਆਂ ਹਨ। ਉਨ੍ਹਾਂ ਨੂੰ ਇਸ ਸੱਚ ਨਾਲ ਸਾਹਮਣਾ ਕਰਨਾ ਚਾਹੀਦਾ ਹੈ ਕਿ ਲੱਖ ਕੋਸ਼ਿਸ਼ ਦੇ ਬਾਅਦ ਵੀ ਉਹ ਘੱਟ ਉਮਰ ਦੀਆਂ ਲੜਕੀਆਂ ਦੀ ਤਰ੍ਹਾਂ ਨਹੀਂ ਦਿਖ ਸਕਦੀਆਂ। ਔਰਤਾਂ ਜਾਂ ਖਾਸ ਕਰ ਮਾਂ ਬਣਨ ਦੇ ਬਾਅਦ ਸਰੀਰ ਵਿਚ ਥੋੜ੍ਹਾ ਢਿੱਲਾਪਨ ਹੋ ਜਾਂਦਾ ਹੈ ਅਤੇ ਚਰਬੀ ਵੱਧ ਜਾਂਦੀ ਹੈ। ਔਰਤਾਂ ਦੇ ਜ਼ਿਆਦਾ ਦਿਨ ਤੱਕ ਕੁੜੀਆਂ ਦੀ ਤਰ੍ਹਾਂ ਪਤਲਾ ਦਿਖਣ ਦੀ ਕੋਸ਼ਿਸ਼ ਕਰਨ, ਇਹ ਵੀ ਚੰਗਾ ਨਹੀਂ। ਸਰੀਰ ਵਿਚ ਹਲਕਾ ਜਿਹਾ ਭਰਵਾਂਪਣ ਉਨ੍ਹਾਂ ਦੀ ਸਮਾਜਿਕ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ ਡਾਈਟਿੰਗ ਕਰਨ ਨਾਲ ਸਰੀਰ ਵਿਚ ਬਹੁਤ ਚੀਜ਼ਾਂ ਦੀ ਕਮੀ ਆ ਜਾਂਦੀ ਹੈ। ਕੁਝ ਔਰਤਾਂ ਸਵੇਰੇ ਦਾ ਭੋਜਨ ਨਹੀਂ ਕਰਦੀਆਂ ਜਿਸ ਨਾਲ ਵੀ ਅੱਖਾਂ ਹੇਠ ਕਾਲੇ ਨਿਸ਼ਾਨ ਪੈ ਜਾਂਦੇ ਹਨ। ਸਵੇਰ ਦਾ ਭੋਜਨ ਚਾਹੇ ਹਲਕਾ ਹੀ ਕਿਉਂ ਨਾ ਹੋਵੇ ਪਰ ਕਰਨਾ ਜ਼ਰੂਰ ਚਾਹੀਦਾ ਹੈ ਕਿਉਂਕਿ ਰਾਤ ਦੇ ਭੋਜਨ ਤੋਂ ਬਾਅਦ ਪੇਟ ਸਵੇਰੇ ਤੱਕ ਖਾਲੀ ਰਹਿੰਦਾ ਹੈ। ਇਸ ਲਈ ਸਵੇਰ ਦਾ ਭੋਜਨ ਨਾ ਕਰਨਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਅਗਰ ਮਨ ਕੁਝ ਨੂੰ ਖਾਣ ਨੂੰ ਨਾ ਵੀ ਕਰੇ ਤਾਂ ਵੀ ਦੁੱਧ, ਇਕ ਸੇਬ ਜਾਂ ਜੂਸ ਦਾ ਇਕ ਗਿਲਾਸ ਪੀ ਲੈਣਾ ਚਾਹੀਦਾ ਹੈ। ਜ਼ਿਆਦਾ ਸੋਚਣ ਜਾਂ ਦੁੱਖ ਅਤੇ ਚਿੰਤਾ ਨਾਲ ਵੀ ਅੱਖਾਂ ਦੇ ਆਲੇ-ਦੁਆਲੇ ਕਾਲੇ ਧੱਬੇ ਪੈ ਜਾਂਦੇ ਹਨ ਅਤੇ ਜੇਕਰ ਇਹ ਨਿਸ਼ਾਨ ਪੈ ਗਏ ਤਾਂ ਤੁਹਾਡੀ ਸੁੰਦਰਤਾ ਖਤਮ ਹੋ ਜਾਵੇਗੀ। ਇਸ ਲਈ ਇਸ ਨੂੰ ਦੂਰ ਕਰਨ ਦੀ ਤੁਰੰਤ ਕੋਸ਼ਿਸ਼ ਕਰੋ।

## ਦੰਦ ਕਢਵਾਉਣ ਤੋਂ ਬਾਅਦ ਕੀ ਕਰੀਏ...



ਅਕਸਰ ਜਦੋਂ ਅਸੀਂ ਆਪਣੇ ਦੰਦਾਂ ਨਾਲ ਲਾਪ੍ਰਵਾਹੀ ਵਰਤਦੇ ਹਾਂ ਅਤੇ ਇਨ੍ਹਾਂ ਦੀ ਸਾਫ਼-ਸਫਾਈ ਨਹੀਂ ਰੱਖਦੇ ਤਾਂ ਇਨ੍ਹਾਂ ਨੂੰ ਕੀੜਾ ਲੱਗ ਜਾਂਦਾ ਹੈ ਅਤੇ ਫਿਰ ਵੀ ਜਦੋਂ ਅਸੀਂ ਇਨ੍ਹਾਂ ਦਾ ਉਚਿਤ ਸਮੇਂ 'ਤੇ ਇਲਾਜ ਨਹੀਂ ਕਰਵਾਉਂਦੇ ਤਾਂ ਦੰਦ ਕਢਵਾਉਣ ਦੀ ਨੌਬਤ ਆ ਜਾਂਦੀ ਹੈ ਕਿਉਂਕਿ ਕਈਆਂ ਹਾਲਤਾਂ ਵਿਚ ਦੰਦ ਨੂੰ ਬਚਾਇਆ ਨਹੀਂ ਜਾ ਸਕਦਾ। ਅਜਿਹੀ ਹਾਲਤ ਵਿਚ ਇਨ੍ਹਾਂ ਨੂੰ ਕਢਾਉਣਾ ਹੀ ਜ਼ਰੂਰੀ ਹੋ ਜਾਂਦਾ ਹੈ। ਦੰਦ ਕਢਵਾਉਣ ਤੋਂ ਪਹਿਲਾਂ ਅਤੇ ਬਾਅਦ 'ਚ ਸਾਨੂੰ ਕੁਝ ਗੱਲਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

* ਦੰਦ ਕਢਵਾਉਣ ਤੋਂ ਪਹਿਲਾਂ ਸਾਨੂੰ ਆਪਣੀ ਸ਼ੂਗਰ ਅਤੇ ਖ਼ੂਨ ਦੇ ਵਹਾਅ (ਬਲੱਡ ਪ੍ਰੈਸ਼ਰ) ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਦੋਵਾਂ ਦੇ ਵੱਧ ਹੋਣ ਦੀ ਹਾਲਤ 'ਚ ਦੰਦ ਨਹੀਂ ਕੱਢਿਆ ਜਾ ਸਕਦਾ ਕਿਉਂਕਿ ਸ਼ੂਗਰ ਦੇ ਵੱਧ ਹੋਣ 'ਤੇ ਜ਼ਖ਼ਮ ਨਹੀਂ ਭਰਦਾ ਅਤੇ ਖ਼ੂਨ ਦਾ ਦਬਾਅ ਵੱਧ ਹੋਣ ਨਾਲ ਦੰਦ ਕੱਢਦੇ ਸਮੇਂ ਖ਼ੂਨ ਦਾ ਵਹਾਅ ਨਹੀਂ ਰੁਕਦਾ। ਇਸੇ ਲਈ ਦੋਵਾਂ ਹਾਲਤਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

* ਦੰਦ ਕਢਵਾਉਣ ਤੋਂ ਪਹਿਲਾਂ ਆਪਣਾ ਖਾਣਾ ਖਾ ਕੇ ਜਾਣਾ ਚਾਹੀਦਾ ਹੈ ਅਤੇ ਡਾਕਟਰ ਦੀ ਹਦਾਇਤ ਅਨੁਸਾਰ ਆਪਣੀ ਦਵਾਈ ਲੈ ਕੇ ਜਾਣੀ ਚਾਹੀਦੀ ਹੈ।

* ਜਦੋਂ ਵੀ ਕੋਈ ਦੰਦ ਕੱਢਦਾ ਹੋਵੇ ਅਤੇ ਜੇਕਰ ਉਸ ਵਿਚ ਦਰਦ ਹੋਵੇ ਤਾਂ ਉਸ ਦੰਦ ਨੂੰ ਤੁਰੰਤ ਨਹੀਂ ਕੱਢਿਆ ਜਾ ਸਕਦਾ। ਉਸ ਦੇ ਲਈ ਡਾਕਟਰ ਦੀ ਹਦਾਇਤ ਅਨੁਸਾਰ ਦਵਾਈ ਖਾਣੀ ਬਹੁਤ ਜ਼ਰੂਰੀ ਹੈ।

* ਜੇਕਰ ਉਸ ਦੰਦ ਦੇ ਆਸ-ਪਾਸ ਰੇਸ਼ਾ ਹੋਵੇ ਤਾਂ ਉਸ ਨੂੰ ਰੇਸ਼ਾ ਸੁੱਕਣ 'ਤੇ ਦੰਦ ਕਢਵਾਉਣਾ ਚਾਹੀਦਾ ਹੈ।

* ਦੰਦ ਕਢਵਾਉਣ ਤੋਂ ਪਹਿਲਾਂ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਨਾ ਕੀਤਾ ਹੋਵੇ ਕਿਉਂਕਿ ਇਸ ਨਾਲ ਸੁੰਨ ਕਰਨ ਵਾਲੀ ਦਵਾਈ ਅਸਰ ਨਹੀਂ ਕਰਦੀ ਅਤੇ ਨਾ ਹੀ ਛੇਤੀ ਜ਼ਖ਼ਮ ਭਰ ਸਕੇਗਾ।

* ਉਸ ਦਿਨ ਸਾਰਾ ਦਿਨ ਨਰਮ ਅਤੇ ਠੰਢਾ ਖਾਣਾ ਹੀ ਖਾਣਾ ਚਾਹੀਦਾ ਹੈ। ਗਰਮ ਚੀਜ਼ ਬਿਲਕੁਲ ਨਹੀਂ ਲੈਣੀ ਚਾਹੀਦੀ। ਦਲੀਆ, ਖਿਚੜੀ, ਚਾਵਲ ਆਦਿ ਹੀ ਖਾਓ।

* ਦੰਦ ਕਢਵਾਉਣ ਤੋਂ ਬਾਅਦ ਬਿਲਕੁਲ ਵੀ ਨਹੀਂ ਥੁੱਕਣਾ ਚਾਹੀਦਾ। ਜੋ ਵੀ ਥੁੱਕ ਆਵੇ, ਉਸ ਨੂੰ ਅੰਦਰ ਨਿਗਲਣਾ ਚਾਹੀਦਾ ਹੈ।

* ਉਸ ਦਿਨ ਕੋਈ ਵੀ ਭਾਰੀ ਕੰਮ ਨਹੀਂ ਕਰਨਾ ਚਾਹੀਦਾ। ਜਿਥੋਂ ਤੱਕ ਹੋ ਸਕੇ, ਆਰਾਮ ਕਰਨਾ ਚਾਹੀਦਾ ਹੈ।

* 24 ਘੰਟੇ ਬਾਅਦ ਕੋਸੇ ਪਾਣੀ ਵਿਚ ਨਮਕ ਪਾ ਕੇ ਕੁਰਲੇ ਕਰਨੇ ਚਾਹੀਦੇ ਹਨ।

* ਡਾਕਟਰ ਦੀ ਹਦਾਇਤ ਅਨੁਸਾਰ ਲਿਖੀ ਦਵਾਈ ਜ਼ਰੂਰ ਅਤੇ ਮਿਥੇ ਸਮੇਂ 'ਤੇ ਲੈਣੀ ਚਾਹੀਦੀ ਹੈ।

* ਕਿਸੇ ਤਰ੍ਹਾਂ ਦੀ ਦਰਦ ਅਤੇ ਜ਼ਖ਼ਮ ਨਾ ਭਰਨ 'ਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

* ਇਸ ਜਗ੍ਹਾ ਨੂੰ ਕਿਸੇ ਵੀ ਚੋਟ ਤੋਂ ਬਚਾਉਣਾ ਚਾਹੀਦਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ਤਾਂ ਕਿ ਜੋ ਜ਼ਖਮ ਜਲਦੀ ਭਰ ਜਾਵੇ। ਭੋਜਨ 'ਚ ਮੌਜੂਦ ਵਿਟਾਮਿਨ ਬੀ, ਵਿਟਾਮਿਨ ਸੀ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਜ਼ਖ਼ਮ ਨੂੰ ਜਲਦੀ ਭਰਨ ਵਿਚ ਮਦਦ ਕਰਦਾ ਹੈ।


# ਸਹੀ ਭੋਜਨ ਰੱਖਦਾ ਹੈ ਸਰੀਰ ਨੂੰ ਫਿੱਟ

**ਸਵੇਰੇ ਉੱਠਣ ਤੋਂ ਬਾਅਦ ਚਾਹ-ਕੌਫੀ ਦੀ ਬਜਾਏ ਕੁਝ ਖਾਓ :** ਸਵੇਰੇ ਉੱਠਣ ਤੋਂ ਬਾਅਦ ਤੁਰੰਤ ਚਾਹ ਜਾਂ ਕੌਫੀ ਨਾ ਲਓ। ਉੱਠਣ ਤੋਂ ਬਾਅਦ 10-15 ਮਿੰਟ ਤੱਕ ਚਾਹ ਜਾਂ ਕੌਫੀ ਲੈਣ ਦੀ ਬਜਾਏ ਕੁਝ ਹਲਕਾ-ਫੁਲਕਾ ਖਾਓ। ਚਾਹ ਜਾਂ ਕੌਫੀ ਭਾਵੇਂ ਦੁੱਧ ਜਾਂ ਬਿਨਾਂ ਦੁੱਧ ਦੀ ਹੋਵੇ, ਉਸ ਵਿਚ ਖੰਡ ਹੋਵੇ ਜਾਂ ਨਾ, ਇਸ ਵਿਚ ਕੈਫੀਨ ਹੁੰਦੀ ਹੈ ਜੋ ਸਰੀਰ ਵਿਚ ਬਲੱਡ ਪ੍ਰੈਸ਼ਰ, ਨਾੜੀ ਦੀ ਗਤੀ ਅਤੇ ਦਿਲ ਦੀ ਗਤੀ ਨੂੰ ਤੇਜ਼ ਕਰਦੀ ਹੈ, ਜਿਸ ਨਾਲ ਸਰੀਰ ਥੱਕਿਆ ਜਿਹਾ ਰਹਿੰਦਾ ਹੈ। ਸਵੇਰੇ ਉੱਠਣ ਤੋਂ ਬਾਅਦ ਆਪਣਾ ਆਲਸੀਪਣ ਹਟਾਉਣ ਲਈ ਅਸੀਂ ਚਾਹ-ਕੌਫੀ ਦੀ ਵਰਤੋਂ ਕਰਦੇ ਹਾਂ। ਅਸਲ ਵਿਚ ਚਾਹ-ਕੌਫੀ ਲੈਣ ਨਾਲ ਸਰੀਰ ਵਿਚ ਤਣਾਅ ਵਧ ਜਾਂਦਾ ਹੈ। ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਸਾਡੀ ਪਾਚਣ ਸ਼ਕਤੀ ਲਈ ਤਣਾਅ ਬੇਹੱਦ ਖ਼ਤਰਨਾਕ ਹੁੰਦਾ ਹੈ। ਸਰੀਰ ਵਿਚ ਚਰਬੀ ਦੀ ਖਪਤ ਲਈ ਵੀ ਇਹ ਨਾਂਹ-ਪੱਖੀ ਹੁੰਦਾ ਹੈ। ਸਵੇਰੇ ਉੱਠਣ ਤੋਂ ਬਾਅਦ ਸਾਡੇ ਦਿਲ ਅਤੇ ਨਾੜੀ ਦੀ ਗਤੀ ਘੱਟ ਹੁੰਦੀ ਹੈ। ਕਿਉਂਕਿ ਸਾਡਾ ਦਿਲ ਅਤੇ ਦਿਮਾਗ ਉਸ ਸਮੇਂ ਸ਼ਾਂਤ ਹੁੰਦਾ ਹੈ। ਉਨ੍ਹਾਂ ਨੂੰ ਆਰਾਮ ਪਹੁੰਚਾਉਣ ਲਈ ਸਾਨੂੰ ਕੁਝ ਹਲਕਾ-ਫੁਲਕਾ ਖਾਣਾ ਚਾਹੀਦਾ ਹੈ ਜੋ ਸਾਡੇ ਦਿਲ, ਫੇਫੜਿਆਂ ਅਤੇ ਪੇਟ ਦੇ ਸਿਹਤਮੰਦ ਲਈ ਸਹੀ ਹੋਵੇ।

**ਹਰ ਦੋ ਘੰਟੇ ਬਾਅਦ ਕੁਝ ਨਾ ਕੁਝ ਜ਼ਰੂਰ ਖਾਓ :** ਜੇ ਤੁਸੀਂ ਉਪਰੋਕਤ ਨਿਯਮ ਦੀ ਪਾਲਣਾ ਕਰਦੇ ਹੋ ਤਾਂ ਦੂਸਰੇ ਨਿਯਮ ਦੀ ਪਾਲਣਾ ਵੀ ਜ਼ਰੂਰੀ ਹੋ ਜਾਂਦੀ ਹੈ। ਸਵੇਰੇ ਉੱਠਣ ਤੋਂ ਬਾਅਦ ਚਾਹ ਜਾਂ ਕੌਫੀ ਦੀ ਥਾਂ ਕੁਝ ਹਲਕਾ-ਫੁਲਕਾ ਖਾਣ ਨਾਲ ਸਾਡਾ ਸਰੀਰ ਭੁੱਖ ਦੇ ਸੰਕੇਤ ਲੈਂਦਾ ਹੈ। ਹਰ ਦੋ ਘੰਟੇ ਬਾਅਦ ਕੁਝ ਖਾਣਾ ਥੋੜ੍ਹਾ ਅਜੀਬ ਜਿਹਾ ਲਗਦਾ ਹੈ ਅਤੇ ਮਨ ਵਿਚ ਵਿਚਾਰ ਪੈਦਾ ਹੁੰਦਾ ਹੈ ਕਿ ਜੇ ਸਾਰਾ ਦਿਨ 6-7 ਵਾਰ ਕੁਝ ਖਾਧਾ ਜਾਏ ਤਾਂ ਅਸੀਂ ਕਿੰਨੇ ਕੁ ਮੋਟੇ ਹੋ ਜਾਵਾਂਗੇ। ਵਾਰ-ਵਾਰ ਖਾਣ ਨਾਲੋਂ ਅਸੀਂ ਥੋੜ੍ਹਾ-ਥੋੜ੍ਹਾ ਖਾਈਏ ਤਾਂ ਅਜਿਹਾ ਨਹੀਂ ਹੁੰਦਾ। ਇਕ ਪੀਜ਼ਾ ਇਕੱਲੇ ਨਾ ਖਾਓ, ਥੋੜ੍ਹਾ ਖਾਣ ਤੋਂ ਬਾਅਦ ਤੁਹਾਨੂੰ ਲੱਗੇਗਾ ਕਿ ਤੁਹਾਡਾ ਪੇਟ ਭਰ ਗਿਆ ਹੈ। ਦੁਪਹਿਰ ਦੇ ਖਾਣੇ ਵਿਚ ਦੋ ਵਜੇ ਦੋ ਚਪਾਤੀ ਦੀ ਥਾਂ ਇਕ ਚਪਾਤੀ ਖਾਓ। ਦੂਜੀ ਚਪਾਤੀ ਚਾਰ ਵਜੇ ਖਾਓ। ਹਰ ਦੋ ਘੰਟੇ ਬਾਅਦ ਥੋੜ੍ਹਾ-ਥੋੜ੍ਹਾ ਖਾਓ ਤਾਂ ਕਿ ਸਾਰਾ ਦਿਨ ਲਈ ਜਾਣ ਵਾਲੀ ਕੈਲੋਰੀ ਵਿਚ ਜ਼ਿਆਦਾ ਵਾਧਾ ਨਾ ਹੋਵੇ। ਜਦੋਂ ਸਾਡਾ ਸਰੀਰ ਘੱਟ ਕੈਲੋਰੀ ਲੈਂਦਾ ਹੈ ਤਾਂ ਸਾਨੂੰ ਸੰਤੁਸ਼ਟੀ ਰਹਿੰਦੀ ਹੈ। ਸਾਡੇ ਖਾਣ-ਪੀਣ ਦੀਆਂ ਚੰਗੀਆਂ ਆਦਤਾਂ ਇਹ ਦਰਸਾਉਂਦੀਆਂ ਹਨ ਕਿ ਅਸੀਂ ਆਪਣੇ ਸਰੀਰ ਨਾਲ ਕਿੰਨਾ ਕੁ ਪਿਆਰ ਕਰਦੇ ਹਾਂ। ਇਸ ਲਈ ਕਈ ਘੰਟਿਆਂ ਤੱਕ ਲਗਾਤਾਰ ਭੁੱਖੇ ਨਾ ਰਹੋ। ਭਾਵੇਂ ਕਿੰਨੀ ਦੇਰ ਤੱਕ ਤੁਸੀਂ ਗੁੱਸੇ ਰਹੋ ਜਾਂ ਖੁਸ਼, ਥੋੜ੍ਹਾ-ਥੋੜ੍ਹਾ ਖਾਓ। ਇਕ ਵਾਰ ਵਿਚ ਘੱਟ ਕੈਲੋਰੀ ਲੈਣ 'ਤੇ ਉਸ ਦੀ ਖਪਤ ਥੋੜ੍ਹੀ ਦੇਰ ਬਾਅਦ ਹੋ ਜਾਂਦੀ ਹੈ ਅਤੇ ਮੋਟਾਪਾ ਸਾਨੂੰ ਪ੍ਰੇਸ਼ਾਨ ਨਹੀਂ ਕਰਦਾ।

**ਆਪਣੀ ਕਾਰਜ-ਸ਼ੈਲੀ ਅਨੁਸਾਰ ਖਾਓ :** ਜੇ ਅਸੀਂ ਘੱਟ ਸਰਗਰਮ ਰਹਿੰਦੇ ਹਾਂ ਤਾਂ ਸਾਨੂੰ ਘੱਟ ਖਾਣਾ ਚਾਹੀਦਾ ਹੈ ਅਤੇ ਜੇ ਅਸੀਂ ਜ਼ਿਆਦਾ ਸਰਗਰਮ ਰਹਿੰਦੇ ਹਾਂ ਤਾਂ ਜ਼ਿਆਦਾ ਖਾਣਾ ਖਾਓ। ਸਵੇਰ ਦੇ ਸਮੇਂ ਸਾਡਾ ਮੈਟਾਬੋਲਿਜ਼ਮ ਵਧ ਜਾਂਦਾ ਹੈ। ਅਸੀਂ ਚਿਕਨਾਈ ਇਸ ਲਈ ਖਾਂਦੇ ਹਾਂ ਕਿਉਂਕਿ ਸਾਨੂੰ ਆਪਣੀਆਂ ਲੋੜਾਂ ਦਾ ਪਤਾ ਨਹੀਂ ਹੁੰਦਾ। ਆਪਣੇ ਨੂੰ ਭੁੱਖਾ ਰੱਖਣਾ ਜੇ ਸਜ਼ਾ ਹੈ ਤਾਂ ਜ਼ਿਆਦਾ ਖਾਣਾ ਵੀ ਅਪਰਾਧ ਹੈ। ਜ਼ਿਆਦਾਤਰ ਲੋਕ ਇਸ ਲਈ ਮੋਟੇ ਹੁੰਦੇ ਹਨ ਕਿਉਂਕਿ ਉਹ ਸਹੀ ਸਮੇਂ 'ਤੇ ਸਹੀ ਭੋਜਨ ਨਹੀਂ ਕਰਦੇ। ਜਿਸ ਸਮੇਂ ਸਾਡੇ ਸਰੀਰ ਨੂੰ ਭੋਜਨ ਦੀ ਲੋੜ ਹੁੰਦੀ ਹੈ ਅਤੇ ਸਾਨੂੰ ਜ਼ਿਆਦਾ ਕੈਲੋਰੀ ਦੀ ਜ਼ਰੂਰਤ ਹੁੰਦੀ ਹੈ, ਉਸ ਦੌਰਾਨ ਜੇ ਅਸੀਂ ਕੁਝ ਨਾ ਖਾਈਏ ਤਾਂ ਸਾਡੇ ਸਰੀਰ ਵਿਚ ਪੋਸ਼ਣ ਦੀ ਕਮੀ ਹੋ ਜਾਂਦੀ ਹੈ। ਉਸ ਤੋਂ ਬਾਅਦ ਸਾਡੇ ਅੰਦਰ ਮੈਟਾਬੋਲਿਕ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ, ਸਾਡਾ ਸਰੀਰ ਅਤੇ ਦਿਮਾਗ ਊਰਜਾ ਦੀ ਕਮੀ ਕਾਰਨ ਵਧੇਰੇ ਭੋਜਨ ਦੀ ਮੰਗ ਕਰਦਾ ਹੈ। ਇਸ ਦੌਰਾਨ ਸਾਡੀ ਸਰਗਰਮੀ ਸਾਡੀ ਕੈਲੋਰੀ ਦੀ ਖਪਤ 'ਤੇ ਪ੍ਰਭਾਵ ਪਾਉਂਦੀ ਹੈ। ਖਾਣਾ ਖਾਣ ਦਾ ਵੀ ਇਕ ਢੰਗ ਹੁੰਦਾ ਹੈ, ਜਿਸ ਨੂੰ ਸਾਨੂੰ ਸਮਝਣਾ ਚਾਹੀਦਾ ਹੈ। ਕੁਝ ਲੋਕ ਸਵੇਰ ਦੇ ਸਮੇਂ ਕਸਰਤ ਕਰਦੇ ਹਨ ਤਾਂ ਕੁਝ ਲੋਕ ਸ਼ਾਮ ਨੂੰ ਕੋਈ ਹੋਰ ਕੰਮ ਕਰਦੇ ਹਨ। ਸਭ ਦਾ ਕੰਮ ਕਰਨ ਦਾ ਇਕ ਵੱਖਰਾ ਢੰਗ ਹੁੰਦਾ ਹੈ ਅਤੇ ਸਾਨੂੰ ਆਪਣੇ ਕੰਮ ਅਨੁਸਾਰ ਹੀ ਕਿੰਨਾ ਅਤੇ ਕੀ ਖਾਣਾ ਹੈ, ਉਸ ਨੂੰ ਸਮਝਣਾ ਹੋਵੇਗਾ।

**ਸੌਣ ਤੋਂ ਪਹਿਲਾਂ ਦੋ ਘੰਟੇ ਪਹਿਲਾਂ ਖਾਣਾ ਖਾਓ :** ਅਸੀਂ ਸਾਰੇ ਜਾਣਦੇ ਹਾਂ ਕਿ ਸੂਰਜ ਛਿਪਣ ਤੋਂ ਬਾਅਦ ਸਾਡੀ ਸਰਗਰਮੀ ਘਟ ਜਾਂਦੀ ਹੈ ਅਤੇ ਸਵੇਰ ਦੀ ਤੁਲਨਾ ਵਿਚ ਅਸੀਂ ਘੱਟ ਸਰਗਰਮ ਹੁੰਦੇ ਹਾਂ। ਸਾਡੇ ਮੈਟਾਬੋਲਿਜ਼ਮ ਅਤੇ ਖਾਣ ਦੀ ਸਮਰੱਥਾ 'ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਅੱਜਕਲ੍ਹ ਲੋਕ ਕੰਮ ਦੇ ਰੁਝੇਵੇਂ ਕਾਰਨ ਰਾਤ ਦਾ ਭੋਜਨ ਕਾਫੀ ਦੇਰ ਨੂੰ ਕਰਦੇ ਹਨ। ਹੋਣਾ ਇਹ ਚਾਹੀਦਾ ਹੈ ਕਿ ਸਾਨੂੰ ਸ਼ਾਮ ਨੂੰ 7 ਵਜੇ ਅਤੇ ਜ਼ਿਆਦਾ ਤੋਂ ਜ਼ਿਆਦਾ 8.30 ਵਜੇ ਤੱਕ ਆਪਣਾ ਰਾਤ ਦਾ ਭੋਜਨ ਕਰ ਲੈਣਾ ਚਾਹੀਦਾ ਹੈ। ਯਾਦ ਰੱਖੋ ਭੋਜਨ ਦੇ ਪਚਣ ਅਤੇ ਕੈਲੋਰੀਆਂ ਨੂੰ ਖਪਾਉਣ ਲਈ ਸਾਡੇ ਸਰੀਰ ਨੂੰ ਮਿਹਨਤ ਕਰਨੀ ਪੈਂਦੀ ਹੈ। ਰਾਤ ਵੇਲੇ ਸਾਡੀਆਂ ਕੋਸ਼ਿਕਾਵਾਂ ਪੋਸ਼ਣ ਅਤੇ ਊਰਜਾ ਪ੍ਰਤੀ ਇੰਨੀ ਸੰਵੇਦਨਸ਼ੀਲ ਨਹੀਂ ਰਹਿੰਦੀਆਂ, ਇਸ ਲਈ ਰਾਤ ਨੂੰ ਖਾਧਾ ਗਿਆ ਭੋਜਨ ਚਿਕਨਾਈ ਵਿਚ ਤਬਦੀਲ ਹੋ ਜਾਂਦਾ ਹੈ। ਚਿਕਨਾਈ ਨੂੰ ਘੱਟ ਕਰਨ ਲਈ ਚੰਗੀ ਅਤੇ ਗਹਿਰੀ ਨੀਂਦ ਦੀ ਲੋੜ ਹੁੰਦੀ ਹੈ ਕਿਉਂਕਿ ਇਸ ਨਾਲ ਸਾਡੀਆਂ ਟੁੱਟੀਆਂ-ਫੁੱਟੀਆਂ ਕੋਸ਼ਿਕਾਵਾਂ ਦੀ ਮੁਰੰਮਤ ਹੁੰਦੀ ਹੈ ਅਤੇ ਹਾਰਮੋਨਜ਼ ਦਾ ਪੱਧਰ ਸੰਤੁਲਿਤ ਹੁੰਦਾ ਹੈ। ਦਿਨ ਵੇਲੇ ਸਾਡੀਆਂ ਕੋਸ਼ਿਕਾਵਾਂ ਨੂੰ ਹੋਣ ਵਾਲੇ ਨੁਕਸਾਨ ਦੀ ਪੂਰਤੀ ਰਾਤ ਨੂੰ ਸਕੂਨ ਭਰੀ ਨੀਂਦ ਨਾਲ ਹੁੰਦੀ ਹੈ ਅਤੇ ਅਸੀਂ ਅਗਲੇ ਦਿਨ ਦੇ ਕੰਮ ਲਈ ਆਪਣੇ-ਆਪ ਨੂੰ ਤਿਆਰ ਕਰ ਲੈਂਦੇ ਹਾਂ।



## ਜਦੋਂ ਦੇਣੀ ਹੋਵੇ ਬੱਚੇ ਨੂੰ ਦਵਾ ਦੀ ਖ਼ੁਰਾਕ

ਸਿਹਤ ਵਿਗਿਆਨੀਆਂ ਨੇ ਬੁਖਾਰ ਦੀ ਦਵਾਈ ਨੂੰ ਬਹੁਤ ਮਹੱਤਵਪੂਰਨ ਮੰਨਿਆ। ਆਮ ਤੌਰ 'ਤੇ ਘਰ ਵਿਚ ਵਰਤੋਂ ਵਾਲੇ ਚਮਚਿਆਂ ਨੂੰ ਅਸੀਂ ਟੀ-ਸਪੂਨ ਮੰਨ ਲੈਂਦੇ ਹਾਂ। ਜੋ ਕਿ ਤਿੰਨ ਮਿਲੀਮੀਟਰ ਤੋਂ ਲੈ ਕੇ ਛੇ ਮਿਲੀਮੀਟਰ ਦੇ ਸਾਈਜ਼ ਦੇ ਹੁੰਦੇ ਹਨ। ਹਰ ਘਰ ਵਿਚ ਵੱਖ-ਵੱਖ ਨਾਪਾਂ ਦੇ ਚਮਚ ਹੁੰਦੇ ਹਨ। ਇਸ ਨਾਲ ਦਵਾਈ ਦੀ ਖੁਰਾਕ ਵਿਚ ਅੰਤਰ ਆ ਜਾਂਦਾ ਹੈ। ਇਸ ਨਾਲ ਦਵਾਈ ਦੀ ਗੜਬੜ ਹੋ ਜਾਂਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੱਚਿਆਂ ਨੂੰ ਦਵਾ ਦੀ ਖੁਰਾਕ ਉਸ ਦੀ ਉਮਰ ਅਤੇ ਵਜ਼ਨ ਮੁਤਾਬਿਕ ਦੇਣੀ ਚਾਹੀਦੀ ਹੈ। ਬੱਚਿਆਂ ਲਈ ਸਟਰਾਂਗ ਖੁਰਾਕ ਸੁਰੱਖਿਅਤ ਨਹੀਂ ਹੁੰਦੀ, ਬੱਚਿਆਂ ਨੂੰ ਦਵਾਈ ਦੇਣ ਵੇਲੇ ਜ਼ਿਆਦਾ ਸੁਚੇਤ ਰਹਿਣਾ ਪੈਂਦਾ ਹੈ। ਸਰਦੀ, ਖਾਂਸੀ, ਬੁਖਾਰ ਸਮੇਂ ਦਵਾਈ ਦਾ ਸਹੀ ਮਾਤਰਾ ਵਿਚ ਹੋਣਾ ਬਹੁਤ ਜ਼ਰੂਰੀ ਹੈ ਖਾਸ ਕਰ ਉਸ ਵਕਤ ਜਦੋਂ ਦਵਾਈ ਕਿਸੇ ਬੱਚੇ ਨੂੰ ਦੇਣੀ ਹੋਵੇ। ਸਹੀ ਮਾਤਰਾ ਵਿਚ ਦਿੱਤੀ ਦਵਾਈ ਦਾ ਅਸਰ ਵੀ ਸਹੀ ਹੋਵੇਗਾ। ਅਸਲ ਵਿਚ ਬੁਖਾਰ ਬੱਚਿਆਂ ਤੇ ਹੋਣ ਵਾਲਾ ਇਕ ਐਸਾ ਰੋਗ ਹੈ ਜੋ ਡਾਕਟਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦਾ ਹੈ। ਖਾਸ ਗੱਲ ਇਹ ਦੇਖਣ ਵਾਲੀ ਹੁੰਦੀ ਹੈ ਕਿ ਤੁਰੰਤ ਲਾਭ ਦੇਣ ਵਾਲੀਆਂ ਦਵਾਈਆਂ ਹੀ ਸਰਲ ਤੇ ਸੁਰੱਖਿਅਤ ਹੁੰਦੀਆਂ ਹਨ। ਨਾਨ ਸਟੀਰੋਇਡਲ ਐਂਟੀ ਇਫੈਲੀਮੈਂਟਰੀ ਡਰੱਗਸ ਰੋਗ ਦੇ ਲੱਛਣ ਪ੍ਰਗਟ ਨਹੀਂ ਹੋਣ ਦਿੰਦੇ ਤੇ ਲਾਭ ਬਦਲੇ ਹਾਨੀ ਪਹੁੰਚਾਉਂਦੇ ਹਨ। ਡਾਕਟਰਾਂ ਅਨੁਸਾਰ ਬੁਖਾਰ ਬੱਚਿਆਂ ਵਿਚ ਪਾਈ ਜਾਣ ਵਾਲੀ ਆਮ ਬਿਮਾਰੀ ਹੈ। ਇਸ ਨੂੰ ਲੈ ਕੇ ਮਾਤਾ-ਪਿਤਾ ਨੂੰ ਚਿੰਤਤ ਹੋਣ ਦੀ ਕੋਈ ਲੋੜ ਨਹੀਂ ਹੈ। ਬੁਖਾਰ ਸਰੀਰ ਵਿਚ ਹੋਣ ਵਾਲੇ ਕਿਸੇ ਇਨਫੈਕਸ਼ਨ ਦੇ ਵਿਰੁੱਧ ਪ੍ਰੋਟੈਕਟਿਵ ਰਿਸਪਾਂਸ ਹੈ। ਜ਼ਿਆਦਾਤਰ ਰੋਗੀਆਂ ਨੂੰ ਬੁਖਾਰ ਹੋਣ ਨਾਲੋਂ ਵਾਈਅਰਲ ਇਨਫੈਕਸ਼ਨ ਜ਼ਿਆਦਾ ਹੁੰਦੀ ਹੈ ਜੋ ਆਪੇ ਠੀਕ ਹੋ ਜਾਂਦਾ ਹੈ। ਬੁਖਾਰ ਤਦ ਹੀ ਪਤਾ ਚਲਦਾ ਹੈ ਜਦੋਂ ਉਹ ਸੌ ਡਿਗਰੀ ਤੱਕ ਪਹੁੰਚ ਜਾਵੇ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸਰੀਰ ਦਾ ਤਾਪ ਮੂੰਹ ਦੇ ਤਾਪ ਤੋਂ 0.75 ਅੰਸ਼ ਫਾਰਨਹਾਈਟ ਥੱਲੇ ਹੁੰਦਾ ਹੈ। ਬੱਚਿਆਂ ਵਿਚ ਦਵਾਈ ਦੀ ਵਰਤੋਂ ਤਦ ਹੀ ਕਰਨੀ ਚਾਹੀਦੀ ਹੈ ਜਦੋਂ ਬੁਖਾਰ 101 ਡਿਗਰੀ ਤੱਕ ਪਹੁੰਚ ਜਾਵੇ ਜਾਂ ਫਿਰ ਬੁਖਾਰ ਨਾਲ ਸਿਰਦਰਦ, ਸਰੀਰ ਦਰਦ ਵੀ ਹੋਵੇ। ਇਨ੍ਹਾਂ ਲੱਛਣਾਂ ਵਿਚ ਹੀ ਪੈਰਾਸੀਟਾਮੋਲ ਦੀ ਖ਼ੁਰਾਕ ਉਚਿਤ ਮਾਤਰਾ ਵਿਚ ਦੇਣੀ ਚਾਹੀਦੀ ਹੈ। ਇਹ ਦਵਾਈ ਕਈ ਵਾਰ ਵੱਡਿਆਂ ਲਈ ਲਾਭਦਾਇਕ ਸਾਬਤ ਨਹੀਂ ਹੁੰਦੀ ਪਰ ਕਈ ਵਾਰ ਬੱਚਿਆਂ ਲਈ ਇਸ ਦੀ ਵਰਤੋਂ ਹਾਨੀਕਾਰਕ ਵੀ ਹੋ ਜਾਂਦੀ ਹੈ। ਐਸਪਰੀਨ ਦੀ ਦਵਾਈ ਬੁਖਾਰ ਵਿਚ ਬੱਚਿਆਂ ਨੂੰ ਨਹੀਂ ਦੇਣੀ ਚਾਹੀਦੀ ਕਿਉਂਕਿ ਇਹ ਲੀਵਰ ਤੇ ਦਿਮਾਗ ਲਈ ਹਾਨੀਕਾਰਕ ਹੋ ਸਕਦੀ ਹੈ। ਖਾਸ ਤੌਰ 'ਤੇ ਉਨ੍ਹਾਂ ਬੱਚਿਆਂ ਲਈ ਜੋ ਚਿਕਨਪਾਕਸ, ਇਫਲੈਂਅਜ਼ਾ ਵਰਗੇ ਇਨਫੈਕਸ਼ਨ ਤੋਂ ਪੀੜਤ ਹਨ। ਫਿਰ ਵੀ ਡਾਕਟਰ ਮੰਨਦੇ ਹਨ ਕਿ 'ਪੈਰਾਸੀਟਾਮੋਲ' ਦਵਾਈ ਸਿਰਫ ਬੱਚਿਆਂ ਲਈ ਹੀ ਨਹੀਂ ਹਰ ਵਰਗ ਦੇ ਲੋਕਾਂ ਲਈ ਲਾਭਦਾਇਕ ਹੈ। ਇਸ ਨੂੰ ਘਰੇਲੂ ਉਪਚਾਰ ਲਈ ਵੀ ਵਰਤਿਆ ਜਾ ਸਕਦਾ ਹੈ। ਬੁਖਾਰ ਵਾਲੇ ਬੱਚੇ ਨੂੰ ਹਵਾਦਾਰ ਕਮਰੇ ਵਿਚ ਰੱਖਿਆ ਜਾਵੇ ਤੇ ਉਸ ਉਤੇ ਚਾਦਰ ਜਾਂ ਕੰਬਲ ਨਾ ਪਾਈ ਜਾਵੇ। ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵਰਤੋਂ ਵੱਧ ਕਰਾਈ ਜਾਵੇ। ਐਂਟੀਬਾਇਓਟੀਕ ਦੇਣ ਦੇ ਬਾਵਜੂਦ ਬੁਖਾਰ ਨਾ ਘਟੇ ਤਾਂ ਰੋਗੀ ਦੇ ਮੱਥੇ 'ਤੇ ਗਿੱਲੀਆਂ ਪੱਟੀਆਂ ਵਾਰ-ਵਾਰ ਰੱਖੋ। ਇਸ ਨਾਲ ਸਰੀਰ ਦਾ ਤਾਪਮਾਨ ਘਟ ਹੋ ਜਾਵੇਗਾ। ਜੇਕਰ ਰੋਗੀ ਨੂੰ ਗਲਤ ਦਵਾਈਆਂ ਦਿੱਤੀਆਂ ਜਾਣ ਤਾਂ ਉਸ ਦੇ ਗੁਪਤ ਅੰਗਾਂ ਵਿਚ ਅਨੇਕ ਪ੍ਰਕਾਰ ਦੀ ਅਰੂਪਤਾ ਆ ਸਕਦੀ ਹੈ, ਬਾਅਦ ਵਿਚ ਬੱਚਾ ਨਿਪੁੰਸਕ ਜਾਂ ਬਾਂਝ ਹੋ ਸਕਦਾ ਹੈ। ਬਚਪਨ ਦੀ ਨਾਦਾਨੀ ਭਵਿੱਖ ਦੀ ਪ੍ਰੇਸ਼ਾਨੀ ਬਣ ਸਕਦੀ ਹੈ। ਅੱਜਕਲ੍ਹ ਜਲਦੀ ਆਰਾਮ ਆਉਣ ਦੀ ਇੱਛਾ ਕਾਰਨ ਪਾਵਰ ਵਾਲੀਆਂ ਦਵਾਈਆਂ ਦਾ ਪ੍ਰਯੋਗ ਵਧ ਗਿਆ ਹੈ। ਹਰ ਕੋਈ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਨੂੰ ਪੁੱਛ ਲੈਣਾ ਚਾਹੀਦਾ ਹੈ। ਗਲਤ ਦਵਾਈ ਨਾਲ ਰੋਗੀ ਨੂੰ ਉਲਟੀ ਆ ਜਾਵੇਗੀ। ਇਸ ਤੋਂ ਇਲਾਵਾ ਗੈਸਟਰਾਈਟਿਸ, ਕਿਡਨੀ ਅਤੇ ਲੀਵਰ 'ਤੇ ਹਾਨੀਕਾਰਕ ਪ੍ਰਭਾਵ ਪੈ ਸਕਦਾ ਹੈ। ਇਸ ਤੋਂ ਇਲਾਵਾ ਮੈਫੇਨਿਕ ਅਸਿਡ ਜਿਸ ਨੂੰ ਐਨਸੇਡ ਵੀ ਕਹਿੰਦੇ ਹਨ ਰੋਗੀ 'ਤੇ ਆਪਣਾ ਪ੍ਰਭਾਵ ਪਾ ਸਕਦਾ ਹੈ। ਸੋ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਦਵਾਈ ਦੇਣ ਤੋਂ ਪਹਿਲਾਂ ਸਾਵਧਾਨੀ ਜ਼ਰੂਰ ਵਰਤਣ।



# ਪੰਜਾਬ ਵਿੱਚ ਬਿਗੜੀ ਕਾਨੂੰਨ-ਵਿਵਸਥਾ ਮਾਮਲੇ ਉਤੇ ਸ਼ਿਵ ਸੈਨਾ ਹਿੰਦੁਸਤਾਨ ਸਖ਼ਤ

## ➢ ਪ੍ਰਸ਼ਾਸਨ ਰਾਹੀਂ ਸਰਕਾਰ ਨੂੰ ਦਿੱਤਾ ਮੰਗ ਪੱਤਰ ➢ 30 ਅਪ੍ਰੈਲ ਤੱਕ ਕਾਰਵਾਈ ਨਾ ਹੋਈ ਤਾਂ ਹੋਵੇਗਾ ਅੰਦੋਲਨ : ਸ਼ਿਵ ਸੈਨਾ ਹਿੰਦੂਸਤਾਨ

**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੀ ਪੰਜਾਬ ਪ੍ਰਦੇਸ਼ ਕੋਰ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਸੂਬੇ ਭਰ ਵਿੱਚ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨਾਂ ਰਾਹੀਂ ਮੁੱਖ ਮੰਤਰੀ ਦੇ ਨਾਮ ਗਿਆਪਨ ਸੌਂਪੇ ਗਏ। ਇਨ੍ਹਾਂ ਗਿਆਪਨਾਂ ਵਿੱਚ ਪੰਜਾਬ ਵਿੱਚ ਲਗਾਤਾਰ ਖਰਾਬ ਹੋ ਰਹੀ ਕਾਨੂੰਨ-ਵਿਵਸਥਾ 'ਤੇ ਚਿੰਤਾ ਜਤਾਉਂਦੇ ਹੋਏ ਪੁਲਿਸ ਪ੍ਰਸ਼ਾਸਨ ਵਿੱਚ ਉੱਚ ਪੱਧਰੀ ਬਦਲਾਅ ਦੀ ਮੰਗ ਕੀਤੀ ਗਈ ਹੈ। ਇਸਦੇ ਨਾਲ ਹੀ ਆਤੰਕਵਾਦ ਪ੍ਰਭਾਵਿਤ ਹਿੰਦੂ ਪਰਿਵਾਰਾਂ ਨੂੰ ਨਿਆਂ ਅਤੇ 781 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ ਤੁਰੰਤ ਜਾਰੀ ਕਰਨ ਦੀ ਵੀ ਮੰਗ ਉਠਾਈ ਗਈ।



ਪਟਿਆਲਾ ਵਿੱਚ ਜ਼ਿਲ੍ਹਾ ਇਕਾਈ ਦੇ ਸੀਨੀਅਰ ਆਗੂਆਂ ਦਾ ਇਕ ਪ੍ਰਤੀਨਿਧਿਮੰਡਲ ਸਵੇਰੇ ਲਗਭਗ 11 ਵਜੇ ਡੀਸੀ ਦਫ਼ਤਰ ਪਹੁੰਚਿਆ। ਹਾਲ ਹੀ ਵਿੱਚ ਡਿਪਟੀ ਕਮਿਸ਼ਨਰ ਦੇ ਤਬਾਦਲੇ ਅਤੇ ਨਵੇਂ ਡੀਸੀ ਵੱਲੋਂ ਅਜੇ ਤੱਕ ਚਾਰਜ ਨਾ ਸੰਭਾਲਣ ਕਾਰਨ, ਇਹ ਗਿਆਪਨ ਤਹਿਸੀਲਦਾਰ ਸਿਮਰਨਜੀਤ ਸਿੰਘ ਨੂੰ ਸੌਂਪਿਆ ਗਿਆ।

ਗਿਆਪਨ ਵਿੱਚ ਕਿਹਾ ਗਿਆ ਕਿ ਸੂਬੇ ਵਿੱਚ ਦਿਨੋਂ-ਦਿਨ ਕਾਨੂੰਨ-ਵਿਵਸਥਾ ਦੀ ਸਥਿਤੀ ਨਾਜ਼ੁਕ ਬਣਦੀ ਜਾ ਰਹੀ ਹੈ ਅਤੇ ਆਮ ਲੋਕ ਗੈਂਗਸਟਰ ਗਤੀਵਿਧੀਆਂ ਅਤੇ ਅਪਰਾਧਾਂ ਦਾ ਸ਼ਿਕਾਰ ਹੋ ਰਹੇ ਹਨ। ਦਿਨਦਿਹਾੜੇ ਕਤਲ, ਲੁੱਟਾਂ, ਫਿਰੋਤੀਆਂ ਅਤੇ ਬੈਂਕ ਡਕੈਤੀਆਂ ਵਰਗੀਆਂ ਘਟਨਾਵਾਂ ਵਿੱਚ ਵਾਧੇ 'ਤੇ ਗੰਭੀਰ ਚਿੰਤਾ ਜਤਾਈ ਗਈ। ਪਾਰਟੀ ਨੇ ਮੰਗ ਕੀਤੀ ਕਿ ਪੰਜਾਬ ਪੁਲਿਸ ਦੇ ਉੱਚ ਅਹੁਦਿਆਂ 'ਤੇ ਯੋਗ ਅਤੇ ਕਾਬਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਵੇ ਤਾਂ ਜੋ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਮੁੜ ਪੈਦਾ ਹੋ ਸਕੇ। ਇਸਦੇ ਨਾਲ ਹੀ ਜ਼ਿਲ੍ਹਾ ਪੱਧਰ 'ਤੇ ਰਾਤਰੀ ਗਸ਼ਤ ਵਧਾਉਣ ਅਤੇ ਥਾਣਿਆਂ ਵਿੱਚ ਲੋਕਾਂ ਦੀ ਸੁਣਵਾਈ ਨਾ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਵੀ ਰੱਖੀ ਗਈ। ਪਾਰਟੀ ਨੇ ਆਪਣੇ ਗਿਆਪਨ ਵਿੱਚ ਇਹ ਵੀ ਉਲਲੇਖ ਕੀਤਾ ਕਿ ਜਿਵੇਂ 1984 ਦੇ ਦੰਗਾ ਪੀੜਤਾਂ ਨੂੰ ਨਿਆਂ ਅਤੇ ਮੁਆਵਜ਼ਾ ਦਿੱਤਾ ਗਿਆ, ਉਸੇ ਤਰ੍ਹਾਂ ਆਤੰਕਵਾਦ ਦੇ ਦੌਰਾਨ ਮਾਰੇ ਗਏ ਹਿੰਦੂ ਪਰਿਵਾਰਾਂ ਲਈ ਵੀ ਜਾਂਚ ਕਮਿਸ਼ਨ ਬਣਾਇਆ ਜਾਵੇ ਅਤੇ ਸਰਕਾਰ ਵੱਲੋਂ ਮਨਜ਼ੂਰ ਕੀਤਾ ਗਿਆ 781 ਕਰੋੜ ਰੁਪਏ ਦਾ ਰਾਹਤ ਪੈਕੇਜ ਜਲਦ ਜਾਰੀ ਕਰਕੇ ਪ੍ਰਭਾਵਿਤ ਪਰਿਵਾਰਾਂ ਤੱਕ ਪਹੁੰਚਾਇਆ ਜਾਵੇ। ਸ਼ਿਵ ਸੇਨਾ ਹਿੰਦੁਸਤਾਨ ਨੇ ਚੇਤਾਵਨੀ ਦਿੱਤੀ ਕਿ ਜੇਕਰ 30 ਅਪ੍ਰੈਲ 2026 ਤੱਕ ਮੰਗਾਂ 'ਤੇ ਕੋਈ ਢੁੱਕਵਾਂ ਫੈਸਲਾ ਨਾ ਲਿਆ ਗਿਆ ਤਾਂ ਪਾਰਟੀ ਪੰਜਾਬ ਭਰ ਵਿੱਚ ਵੱਡਾ ਅੰਦੋਲਨ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ।

ਇਸ ਮੌਕੇ ਹੇਮਰਾਜ ਗੋਯਲ, ਖ਼ਸ਼ਮਾਕਾਂਤ ਪਾਂਡੇ, ਕ੍ਰਿਸ਼ਨ ਕੁਮਾਰ ਗਾਬਾ, ਰਿੰਕੂ ਭਾਰਦਵਾਜ, ਅਮਰਜੀਤ ਬੰਟੀ, ਨਵਦੀਪ ਮਿੱਤਲ, ਗੁਰਪ੍ਰੀਤ ਬੱਗੀ, ਨੰਦਲਾਲ, ਹਰਪ੍ਰੀਤ ਸ਼ਰਮਾ, ਸੋਨੂ ਪਹਲਵਾਨ, ਗੁਰਦਿਆਲ ਸਿੰਘ ਨਿੱਕੂ, ਸੂਰਜ ਸਿੰਘ ਅਤੇ ਹੋਰ ਕਈ ਆਗੂ ਅਤੇ ਵਰਕਰ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਅਹੁਦਾ ਸੰਭਾਲਣ ਦੇ ਤੁਰੰਤ ਬਾਅਦ ਪਟਿਆਲਾ ਅਨਾਜ ਮੰਡੀ 'ਚ ਕਣਕ ਖਰੀਦ ਪ੍ਰਬੰਧਾਂ ਦਾ ਜਾਇਜਾ

## ➢ ਕਣਕ ਦੀ ਸੁਚਾਰੂ ਖਰੀਦ ਲਈ ਪ੍ਰਬੰਧ ਪੁਖ਼ਤਾ : ਡਾ. ਹਿਮਾਂਸ਼ੂ ਅਗਰਵਾਲ ➢ ਅਧਿਕਾਰੀਆਂ ਨੂੰ ਕਣਕ ਦੀ ਖਰੀਦ, ਕਿਸਾਨਾਂ ਨੂੰ ਅਦਾਇਗੀ ਤੇ ਲਿਫਟਿੰਗ ਨਾਲੋ-ਨਾਲ ਕਰਨ ਦੀ ਹਦਾਇਤ

**ਪਟਿਆਲਾ, 14 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਆਪਣਾ ਅਹੁਦਾ ਸੰਭਾਲਣ ਦੇ ਤੁਰੰਤ ਬਾਅਦ ਪਟਿਆਲਾ ਦੀ ਅਨਾਜ ਮੰਡੀ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਕਣਕ ਦੀ ਖਰੀਦ, ਬਾਰਦਾਨੇ, ਢੋਆ-ਢੁਆਈ ਲਈ ਆਵਾਜਾਈ ਦੇ ਸਾਧਨਾਂ ਸਮੇਤ ਲੇਬਰ ਤੇ ਮੰਡੀਆਂ 'ਚ ਖਰੀਦੀ ਜਿਣਸ ਦੀ ਕਿਸਾਨਾਂ ਨੂੰ ਨਾਲੋ-ਨਾਲ ਅਦਾਇਗੀ ਬਾਰੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੌਜੂਦਾ ਹਾੜੀ ਦੇ ਸੀਜਨ ਦੌਰਾਨ ਕਣਕ ਦੀ ਸੁਚਾਰੂ ਖਰੀਦ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੁਚੱਜੇ ਪ੍ਰਬੰਧ ਮੁਕੰਮਲ ਹਨ, ਜਿਸ ਕਰਕੇ ਕਿਸਾਨਾਂ ਨੂੰ ਦੀ ਜਿਣਸ ਦਾ ਦਾਣਾ-ਦਾਣਾ ਸਮੇਂ ਸਿਰ ਖਰੀਦਿਆ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।



ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰਵਿੰਦਰ ਕੌਰ ਤੋਂ ਜ਼ਿਲ੍ਹੇ ਮੰਡੀਆਂ 'ਚ ਸਾਫ਼ ਸਫ਼ਾਈ, ਪੀਣ ਵਾਲੇ ਪਾਣੀ, ਪਖਾਨੇ ਤੇ ਪਿਸ਼ਾਬ ਘਰ, ਰੋਸ਼ਨੀ, ਸੁੱਰਖਿਆ ਆਦਿ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਤੇ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਖਰੀਦ, ਕਿਸਾਨਾਂ ਨੂੰ ਅਦਾਇਗੀ ਤੇ ਲਿਫਟਿੰਗ ਨਾਲੋ-ਨਾਲ ਯਕੀਨੀ ਬਣਾਈ ਜਾਵੇ। ਡਾ. ਹਿਮਾਸ਼ੂ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਫਸਲ ਦਾ ਉਚਿਤ ਮੁੱਲ ਲੈਣ ਲਈ ਫ਼ਸਲ ਸੁਕਾ ਕੇ ਅਤੇ ਸਾਫ਼ ਸੁਥਰੀ ਹੀ ਮੰਡੀਆਂ ਵਿਖੇ ਲੈਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਦਿਕਤ ਨਾ ਆਵੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਪਟਿਆਲਾ ਮੰਡੀ ਵਿਖੇ ਆਪਣੀ ਜਿਣਸ ਲੈਕੇ ਆਏ ਕਿਸਾਨਾਂ ਤੇ ਆੜ੍ਹਤੀਆਂ ਦੇ ਨਾਲ ਵੀ ਗੱਲਬਾਤ ਕੀਤੀ।

# ਐਸ.ਡੀ.ਐਮ ਮਾਲੇਰਕੋਟਲਾ ਨੇ ਸਥਾਨਕ ਅਨਾਜ ਮੰਡੀ 'ਚ ਕਣਕ ਦੀ ਖ਼ਰੀਦ ਲਈ ਕੀਤੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਮਲੇਰਕੋਟਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਬੀ ਸੀਜ਼ਨ 2026-27 ਪੰਜਾਬ ਰਾਜ ਵਿੱਚ 1 ਅਪ੍ਰੈਲ, 2026 ਤੋਂ ਸ਼ੁਰੂ ਹੋਣ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਸ.ਡੀ.ਐਮ ਮਾਲੇਰਕੋਟਲਾ ਕਨੂ ਗਰਗ ਵੱਲੋਂ ਸਥਾਨਕ ਅਨਾਜ ਮੰਡੀ ਵਿੱਚ ਕਣਕ ਦੀ ਖਰੀਦ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਇਸ ਮੌਕੇ ਏ.ਐਫ.ਐਸ.ਓ ਰਾਜਨ ਗੁਪਤਾ, ਇੰਸਪੈਕਟਰ ਫੂਡ ਸਪਲਾਈ ਰਸਮਿੰਦਰ ਸਿੰਘ, ਤੀਰਥ ਸਿੰਘ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਨੁਮਾਇੰਦੇ, ਆੜ੍ਹਤੀਏ, ਕਿਸਾਨ ਅਤੇ ਮੰਡੀ ਮਜ਼ਦੂਰ ਵੀ ਮੌਜੂਦ ਸਨ।

ਐਸ.ਡੀ.ਐਮ ਕਨੂ ਗਰਗ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ, ਸੰਭਾਲ ਅਤੇ ਲਿਫਟਿੰਗ ਲਈ ਪੁਖਤਾ ਅਤੇ ਵਿਵਸਥਿਤ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਹੈ ਕਿ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਪਾਰਦਰਸ਼ਤਾ ਅਤੇ ਸੁਚਾਰੂ ਢੰਗ ਨਾਲ ਖਰੀਦਿਆ ਜਾਵੇ ਤਾਂ ਜੋ ਕਿਸੇ ਵੀ ਕਿਸਾਨ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ ਤੁਰੰਤ ਕੀਤੀ ਜਾਵੇ, ਫਸਲ ਦੀ ਲਿਫਟਿੰਗ ਸਮੇਂ ਸਿਰ ਯਕੀਨੀ ਬਣਾਈ ਜਾਵੇ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਭੁਗਤਾਨ ਨਿਰਧਾਰਿਤ ਸਮੇਂ ਅੰਦਰ ਕੀਤਾ ਜਾਵੇ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦੇ ਨਿਯਮਾਂ ਅਨੁਸਾਰ ਕਿਸਾਨਾਂ ਨੂੰ 48 ਘੰਟਿਆਂ ਦੇ ਅੰਦਰ ਅਦਾਇਗੀ ਕਰਨੀ ਲਾਜ਼ਮੀ ਹੈ, ਜਿਸ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਐਸ.ਡੀ.ਐਮ ਨੇ ਮੰਡੀ ਵਿੱਚ ਸਫਾਈ ਪ੍ਰਬੰਧਾਂ ਦਾ ਵੀ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਕਿ ਪੀਣ ਵਾਲੇ ਪਾਣੀ, ਬਿਜਲੀ, ਛਾਂ, ਤਰਪਾਲਾਂ ਅਤੇ ਪਖਾਣਿਆਂ ਦੀ ਉਪਲਬੱਧਤਾ ਹਰ ਸਮੇਂ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਅਤੇ ਮਜ਼ਦੂਰਾਂ ਲਈ ਠੰਢੇ ਪਾਣੀ ਅਤੇ ਬੈਠਣ ਲਈ ਢੁਕਵੇਂ ਇੰਤਜ਼ਾਮ ਕੀਤੇ ਜਾਣ।

ਉਨ੍ਹਾਂ ਆੜ੍ਹਤੀਆਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀ ਵਿੱਚ ਲਿਆਂਦੀ ਜਾਣ ਵਾਲੀ ਕਣਕ ਦੀ ਨਮੀ ਨਿਰਧਾਰਿਤ ਮਿਆਰ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਨਮੀ ਦੀ ਜਾਂਚ ਉਪਰੰਤ

# ਗੁਰੂ ਨਾਨਕ ਮਾਡਲ ਸਕੂਲ ਜੌਣੇਵਾਲ ਨੇ ਐਲਾਨਿਆ ਸਾਲਾਨਾ ਨਤੀਜਾ

**ਮਾਛੀਵਾੜਾ ਸਾਹਿਬ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਮਾਡਲ ਸਕੂਲ ਜੌਣੇਵਾਲ ਦੇ ਸੈਸ਼ਨ 2025-26 ਦੀਆਂ ਜਮਾਤਾਂ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਪ੍ਰਿੰਸੀਪਲ ਮੈਡਮ ਪ੍ਰਦੀਪ ਕੌਰ ਢਿੱਲੋ ਨੇ ਐਲਾਨੇ ਗਏ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੀਆਂ ਜਮਾਤਾਂ ਦੇ ਨਤੀਜੇ ਐਲਾਨੇ ਗਏ ਹਨ ਜਿਸ ਵਿੱਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਵਿਦਿਆਰਥੀਆਂ ਦੀ ਸਖਤ ਮਿਹਨਤ ਅਤੇ ਅਧਿਆਪਕਾਂ ਦੀ ਸੁਚੱਜੀ ਅਗਵਾਈ ਵਿੱਚ ਹਰ ਸਾਲ ਜਮਾਤਾਂ ਦੇ ਨਤੀਜੇ ਸ਼ਾਨਦਾਰ ਆਉਂਦੇ ਹਨ, ਇਸੇ ਲੜੀ ਨੂੰ ਬਰਕਰਾਰ ਰੱਖਦਿਆਂ ਵਿਦਿਆਰਥੀਆਂ ਨੇ ਇਸ ਵਾਰ ਵੀ ਪਹਿਲਾਂ ਨਾਲੋਂ ਹੋਰ ਚੰਗਾ ਪ੍ਰਦਰਸ਼ਨ ਕਰਦੇ ਹੋਏ ਮੱਲਾਂ ਮਾਰੀਆਂ ਹਨ। ਉਹਨਾਂ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਨਤੀਜਿਆਂ ਦੀ ਸਫਲਤਾ ਤੇ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਨਵੇਂ ਸੈਸ਼ਨ 2026-27 ਦੀਆਂ ਜਮਾਤਾਂ ਦੀ ਦਾਖਲੇ ਚੱਲ ਰਹੇ ਹਨ, ਇਸ ਲਈ ਸਮੇਂ ਸਿਰ ਆਪਣੇ ਬੱਚਿਆਂ ਦੇ ਦਾਖਲੇ ਕਰਵਾ ਕੇ ਸਮੇਂ ਸਿਰ ਜਮਾਤਾਂ ਦੀ ਪੜ੍ਹਾਈ ਸ਼ੁਰੂ ਕਰਵਾਈ ਜਾਵੇ ਤਾਂ ਜੋ ਭਵਿੱਖ ਵਿੱਚ ਵੀ ਬੱਚੇ ਵਧੀਆ ਅੰਗ ਪ੍ਰਾਪਤ ਕਰ ਸਕਣ॥ ਇਸ ਮੌਕੇ ਸਕੂਲ ਵਿੱਚ ਨਤੀਜਾ ਪ੍ਰਾਪਤ ਕਰਨ ਲਈ ਪੁੱਜੇ ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਮਾਪਿਆਂ ਨੇ ਸਕੂਲ ਪ੍ਰਿੰਸੀਪਲ ਮੈਡਮ ਹਰਦੀਪ ਕੌਰ ਢਿੱਲੋ ਅਤੇ ਸਮੁੱਚੇ ਸਟਾਫ ਮੈਂਬਰਾਂ ਦਾ ਧੰਨਵਾਦ ਪ੍ਰਗਟ ਕੀਤਾ ਜਿਨਾਂ ਦੀ ਦਿੱਤੀ ਸਿੱਖਿਆ ਤੇ ਚੱਲ ਕੇ ਅੱਜ ਬੱਚੇ ਆਪਣੀਆਂ ਨਵੀਆਂ ਮੰਜ਼ਿਲਾਂ ਵੱਲ ਵੱਧ ਰਹੇ ਹਨ।




ਇਸ ਮੌਕੇ ਪ੍ਰਿੰਸੀਪਲ ਮੈਡਮ ਪਰਦੀਪ ਕੌਰ ਢਿੱਲੋ, ਮੈਡਮ ਰਮਨਦੀਪ ਕੌਰ ਗਰੇਵਾਲ, ਮੈਡਮ ਬਲਜੀਤ ਕੌਰ, ਮੈਡਮ ਸੰਦੀਪ ਕੌਰ ਪੰਧੇਰ, ਮੈਡਮ ਕਿਰਨ ਕੌਰ, ਮੈਡਮ ਕੁਲਦੀਪ ਕੌਰ ਸਿੱਧੂ, ਮੈਡਮ ਮਨਜਿੰਦਰ ਕੌਰ, ਮੈਡਮ ਕਿਰਨਪ੍ਰੀਤ ਕੌਰ, ਮੈਡਮ ਅਮਨਪ੍ਰੀਤ ਕੌਰ ਧਾਲੀਵਾਲ, ਮੈਡਮ ਨਵਨੀਤ ਕੌਰ, ਮੈਡਮ ਸੁਮਨਪ੍ਰੀਤ ਕੌਰ, ਮੈਡਮ ਜਸਪ੍ਰੀਤ ਕੌਰ ਸਕੂਲ ਵਿਦਿਆਰਥੀਆਂ ਤੇ ਉਨਾਂ ਦੇ ਮਾਪੇ ਵੀ ਹਾਜ਼ਰ ਸਨ।

# ਖਾਲਸਾ ਸਾਜਨਾ ਦਿਵਸ ਅਤੇ ਡਾ. ਅੰਬੇਡਕਰ ਜਯੰਤੀ ਨੂੰ ਸਮਰਪਿਤ ਜਾਗਰੂਕਤਾ ਚੇਤਨਾ ਮਾਰਚ ਨੂੰ ਵੱਖ-ਵੱਖ ਅਹਿਮ ਸ਼ਖਸ਼ੀਅਤਾਂ ਨੇ ਝੰਡੀ ਦੇ ਕੇ ਕੀਤਾ ਰਵਾਨਾ



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਰੇਗਾ ਵਰਕਰ ਫਰੰਟ ਪੰਜਾਬ ਅਤੇ ਸ਼੍ਰੋਮਣੀ ਸੰਤ ਗੁਰੂ ਰਵਿਦਾਸ ਬੇਗਮਪੁਰਾ ਮਿਸ਼ਨ ਵਲੋਂ ਪ੍ਰਧਾਨ ਅਜੈਬ ਸਿੰਘ ਬਠੋਈ, ਚੇਅਰਮੈਨ ਜ਼ਸਬੀਰ ਸਿੰਘ ਕਰਹਾਲੀ ਦੀ ਅਗਵਾਈ ਵਿੱਚ ਖਾਲਸਾ ਸਾਜਨਾ ਦਿਵਸ ਅਤੇ ਸੰਵਿਧਾਨ ਨਿਰਮਾਤਾ, ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਜਯੰਤੀ ਨੂੰ ਸਮਰਪਿਤਾ ਜਾਗਰੂਕਤਾ ਚੇਤਨਾ ਮਾਰਚ ਨੂੰ ਪਿੰਡ ਡੰਡੋਆ ਤੋਂ 18 ਵੱਖ-ਵੱਖ ਪਿੰਡਾਂ ਲਈ ਆਪ ਐਸ.ਸੀ. ਵਿੰਗ ਪੰਜਾਬ ਦੇ ਪ੍ਰਧਾਨ ਅਮਰੀਕ ਸਿੰਘ ਬੰਗੜ, ਭਗਵਾਨ ਵਾਲਮੀਕਿ ਤੀਰਥ ਸਥਲ ਅੰਮ੍ਰਿਤਸਰ ਦੇ ਪ੍ਰਧਾਨ ਦਰਸ਼ਨ ਸਿੰਘ ਮੈਣ, ਉੱਘੇ ਸਮਾਜ ਸੇਵੀ ਸੰਜੀਵ ਕੁਮਾਰ ਸਿੰਗਲਾ, ਕਾਮਰੇਡ ਹਰੀ ਸਿੰਘ ਅਤੇ ਕਨਵੀਨਰ ਨਾਰੰਗ ਸਿੰਘ ਵਲੋਂ ਝੰਡੀ ਦੇ ਕੇ ਰਵਾਨਾ ਕੀਤਾ। ਇਸ ਦੌਰਾਨ ਵੱਖ-ਵੱਖ ਸਮਾਜਸੇਵੀ, ਧਾਰਮਿਕ, ਰਾਜਨੀਤੀਕ ਅਤੇ ਅੰਬੇਡਕਰਵਾਦੀ ਸਖਸ਼ੀਅਤਾਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਚੇਤਨਾ ਮਾਰਚ ਪਿੰਡ ਡੰਡੋਆ ਤੋਂ ਸ਼ੁਰੂ ਹੋ ਕੇ ਪਿੰਡ ਮਰਦਾਂਹੇੜੀ, ਤਰੈਂ, ਮਧੋਮਾਜਰਾ, ਬਰਨਾਹੇੜੀ, ਗਾਜੇਵਾਸ, ਚੁਤੇਰਾ, ਬਠੋਈ ਕਲਾਂ, ਆਦਿ ਵੱਖ-ਵੱਖ ਪਿੰਡਾਂ ਤੋਂ ਹੁੰਦਿਆਂ ਡਕਾਲਾ ਵਿਖੇ ਸਮਾਪਤ ਹੋਇਆ। ਜਿੱਥੇ ਕਿ ਸਮਾਪਤੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਮੌਕੇ ਪ੍ਰਸਿੱਧ ਬਹੁਜਨ ਚਿੰਤਕ ਡਾ. ਰਿਤੂ ਸਿੰਘ, ਕਨਵੀਨਰ ਨਾਰੰਗ ਸਿੰਘ, ਰਾਜ ਸਿੰਘ ਟੋਡਰਵਾਲ, ਬਾਬਾ ਨਛੱਤਰ ਸਿੰਘ ਭੈਣੀ ਵਾਲੇ, ਮੇਜਰ ਸਿੰਘ ਰਾਮਗੜ੍ਹ, ਮਾਸਟਰ ਗੁਰਬਚਨ ਸਿੰਘ, ਆਦਿ ਵੱਖ-ਵੱਖ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਪ੍ਰਧਾਨ ਅਜੈਬ ਸਿੰਘ ਬਠੋਈ, ਚੇਅਰਮੈਨ ਜਸਬੀਰ ਸਿੰਘ ਕਰਹਾਲੀ ਆਦਿ ਆਗੂਆਂ ਨੇ ਕਿਹਾ ਕਿ ਜਾਗਰੂਕਤਾ ਚੇਤਨਾ ਮਾਰਚ ਕੱਢਣ ਦਾ ਇੱਕੋ ਇੱਕ ਮਕਸਦ ਪਿਡਾਂ ਦੇ ਨੌਜਵਾਨਾਂ ਨੂੰ ਗੁਰੂਆਂ ਪੀਰਾਂ ਅਤੇ ਰਾਹਿਬਰਾਂ ਦੇ ਯੋਗਦਾਨ ਸਬੰਧੀ ਜਾਗਰੂਕ ਕਰਨਾ ਹੈ, ਮਾਨ ਸਨਮਾਨ ਵਾਲਾ ਜੀਵਨ ਜੋ ਕਿ ਅਸੀਂ ਬਤੀਤ ਕਰ ਰਹੇ ਹਾਂ ਇਹ ਸਭ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਸਾਹਿਬ ਜੀ ਦੀ ਦੇਣ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਬਾਟੇ ਵਿੱਚ ਸਾਰਿਆ ਜਾਤਾਂ ਨੂੰ ਅੰਮ੍ਰਿਤ ਛਕਾਕੇ, ਇੱਕੋ ਜਿਹੀ ਰਹਿਤ ਮਰਿਆਦਾ ਦੇ ਕੇ ਸਾਂਝੇ ਆਦਰਸ਼ਾਂ ਲਈ ਇਕੱਠਾ ਕੀਤਾ ਅਤੇ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਸਾਹਿਬ ਦਾ ਸਮਾਜਿਕ ਬਰਾਬਰੀ, ਮਨੁੱਖੀ ਅਧਿਕਾਰਾਂ ਅਤੇ ਸਮਾਜ ਦੇ ਆਰਥਿਕ ਸੁਧਾਰਾਂ ਵਿੱਚ ਵੀ ਅਹਿਮ ਯੋਗਦਾਨ ਰਿਹਾ ਹੈ। ਇਸ ਦੌਰਾਨ ਸ਼ੇਰ ਸਿੰਘ, ਸੁਖਦੇਵ ਸਿੰਘ, ਕਰਮਜੀਤ ਸਿੰਘ, ਅਵਤਾਰ ਸਿੰਘ ਕੈਂਥ, ਹਰਬੰਸ ਸਿੰਘ, ਮੇਜਰ ਸਿੰਘ, ਗੁਰਮੁੱਖ ਸਿੰਘ, ਸੁੱਖਾ ਸਿੰਘ, ਆਦਿ ਹਾਜਰ ਸਨ।

# ਐੱਸ ਡੀ ਐਮ ਸਮਰਾਲਾ ਵੱਲੋਂ ਕਿਸਾਨਾਂ ਨੂੰ ਕਣਕ ਦਾ ਨਾੜ ਨਾ ਸਾੜਨ ਦੀ ਅਪੀਲ

**ਮਾਛੀਵਾੜਾ ਸਾਹਿਬ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸ਼ਨ ਲੁਧਿਆਣਾ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਮਾਛੀਵਾੜਾ ਸਾਹਿਬ ਵਲੋਂ ਕਿਸਾਨਾਂ ਨੂੰ ਕਣਕ ਅਤੇ ਹੋਰ ਫਸਲਾਂ ਦੇ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਪਿੰਡ ਹੈਡੋਂ ਬੇਟ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਐੱਸ. ਡੀ. ਐਮ.ਸਮਰਾਲਾ ਗੁਰਸਿਮਰਨਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਤੂੜੀ ਬਣਾਉਣ ਤੋਂ ਬਾਅਦ ਬਚੇ ਖੁਚੇ ਨਾੜ ਨੂੰ ਮਿੱਟੀ ਵਿੱਚ ਹੀ ਮਿਲਾਇਆ ਜਾਵੇ ਤਾਂ ਜੋ ਨਾੜ ਸਾੜਨ ਨਾਲ ਪ੍ਰਦੂਸ਼ਿਤ ਹੁੰਦੇ ਵਾਤਾਵਰਣ ਨੂੰ ਬਚਾਉਣ ਦੇ ਨਾਲ ਨਾਲ ਮਿੱਟੀ ਦੀ ਸਿਹਤ ਵੀ ਬਰਕਰਾਰ ਰੱਖੀ ਜਾ ਸਕੇ। ਉਹਨਾਂ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਲੋਂ ਕਣਕ ਨਾੜ ਸਾੜਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ ਅਤੇ



ਉਲੰਘਣਾ ਕਰਨ ਤੇ ਜ਼ੁਰਮਾਨਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਮੌਕੇ ਉਹਨਾਂ ਵਲੋਂ ਖੇਤੀਬਾੜੀ ਤੋਂ ਇਲਾਵਾ ਹੋਰ ਵਿਸ਼ਿਆਂ ਤੇ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆ ਗਈਆਂ। ਇਸ ਕੈਂਪ ਦੌਰਾਨ ਖੇਤੀਬਾੜੀ ਅਫ਼ਸਰ ਮਾਛੀਵਾੜਾ ਸਾਹਿਬ ਡਾ. ਰਮਿੰਦਰ ਸਿੰਘ ਨੇ ਵਿਭਾਗ ਦੀਆਂ ਸਕੀਮਾਂ ਅਤੇ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਝੋਨੇ ਦੇ ਬੌਣੇ ਵਾਇਰਸ ਤੋਂ ਬਚਾਅ ਲਈ ਕਿਸਾਨਾਂ ਨੂੰ ਅਗੇਤਾ ਝੋਨਾ ਨਾ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸਾਨਾਂ ਵਲੋਂ ਨਿਰੰਤਰ ਟਿੱਡੇ ਦੇ ਹਮਲੇ ਦਾ ਸਰਵੇਖਣ ਕੀਤਾ ਜਾਵੇ ਅਤੇ ਵਿਭਾਗ ਵਲੋਂ ਸਿਫਾਰਿਸ਼ ਕੀਟਨਾਸ਼ਕ ਉਸ਼ੀਨ, ਚੈੱਸ ਜਾਂ ਪੈਕਸਾਲੋਨ ਦਵਾਈ ਦੀ ਵਰਤੋਂ ਹੀ ਕੀਤੀ ਜਾਵੇ। ਕੈਂਪ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਡਾ. ਹਰਮਨ ਸਿੰਘ ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਤੇ ਹੋਣ ਵਾਲੀਆਂ ਬੀਮਾਰੀਆਂ ਅਤੇ ਕੀੜੇ ਮਕੌੜਿਆਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ। ਖੇਤੀਬਾੜੀ ਵਿਕਾਸ ਅਫਸਰ ਡਾ. ਗਗਨਦੀਪ ਸਿੰਘ ਨੇ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਸਬਸਿਡੀ ਬਾਰੇ ਜਾਣਕਾਰੀ ਦਿੱਤੀ ਅਤੇ ਫਾਰਮਰ ਰਜਿਸਟਰੀ ਆਈ ਡੀ ਬਣਾਉਣ ਸਬੰਧੀ ਜਾਗਰੂਕ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ ਦੱਸਿਆ ਕਿ ਵਿਭਾਗ ਕੋਲ ਜਿਪਸਮ ਖਾਦ ਉਪਦਾਨ ਤੇ ਉਪਲੱਬਧ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਤੋਂ ਡਾ. ਅਮਨਪ੍ਰੀਤ ਸਿੰਘ ਸਹਾਇਕ ਪ੍ਰੋਫੈਸਰ ਫ਼ਸਲ ਵਿਗਿਆਨ ਨੇ ਸਾਉਣੀ ਦੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਤਕਨੀਕਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਡਾ. ਵੀਰਪ੍ਰਤਾਪ ਸਿੰਘ ਸਹਾਇਕ ਪ੍ਰੋਫੈਸਰ ਫਲ ਵਿਗਿਆਨ ਵਲੋਂ ਕਿਸਾਨਾਂ ਨੂੰ ਖੇਤੀ ਦੇ ਨਾਲ ਨਾਲ ਹੋਰ ਸਹਾਇਕ ਧੰਦੇ ਅਪਣਾਉਣ ਦੀ ਅਪੀਲ ਕੀਤੀ ਅਤੇ ਕੇ ਵੀ ਕੇ ਸਮਰਾਲਾ ਵਲੋਂ ਲਗਾਈਆਂ ਜਾਂਦੀਆ ਟਰੇਨਿੰਗਾਂ ਬਾਰੇ ਦੱਸਿਆ।

ਇਸ ਮੌਕੇ ਪਰਾਲੀ ਅਤੇ ਨਾੜ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੈਂਪ ਵਿੱਚ ਖੇਤੀਬਾੜੀ ਵਿਸਥਾਰ ਅਫ਼ਸਰ ਤਰੁਣ ਗੁਪਤਾ, ਏ ਟੀ ਐੱਮ ਅਵਤਾਰ ਸਿੰਘ, ਦਿਲਮਨਦੀਪ ਸਿੰਘ, ਹਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਜੂਨੀਅਰ ਟੈਕਨੀਸ਼ੀਅਨ, ਪਰਮਪ੍ਰੀਤ ਕੌਰ ਏ ਟੀ ਐੱਮ, ਪ੍ਰਿੰਸੀਪਲ ਸੁਰਜੀਤ ਸਿੰਘ, ਅਗਾਂਹਵਧੂ ਕਿਸਾਨ ਹਜ਼ਾਰਾ ਸਿੰਘ ਅਕਾਲਗੜ੍ਹ, ਕੁਲਵਿੰਦਰ ਸਿੰਘ ਖਾਨਪੁਰ, ਜਸਪ੍ਰੀਤ ਸਿੰਘ ਹੈਡੋਂ ਬੇਟ, ਬਲਵੀਰ ਸਿੰਘ, ਭਗਤ ਸਿੰਘ, ਹਰਚੰਦ ਸਿੰਘ ਛੌੜੀਆਂ, ਯਾਦਵਿੰਦਰ ਸਿੰਘ, ਹਰਵਿੰਦਰ ਸਿੰਘ ਮਾਛੀਵਾੜਾ ਖਾਮ, ਜਸਵੀਰ ਸਿੰਘ ਕੁਟਾਲਾ ਬੇਟ, ਗੁਰਮੀਤ ਸਿੰਘ ਰਾਜੇਵਾਲ ਅਤੇ ਬਹੁ ਗਿਣਤੀ ਵਿੱਚ ਕਿਸਾਨ ਹਾਜ਼ਿਰ ਸਨ।

# ਕੰਮ ਜਾਂ ਬੇਰੁਜ਼ਗਾਰੀ ਭੱਤਾ ਨਾ ਦਿੱਤਾ ਤਾਂ ਸੰਘਰਸ਼ ਨੂੰ ਪ੍ਰਚੰਡ ਕਰਾਂਗੇ ਤੇ ਪੰਜਾਬ ਸਰਕਾਰ ਦੇ ਪੁੱਤਲੇ ਫੂਕਾਂਗੇ : ਗਦਾਈਆ



**ਪਟਿਆਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੀ ਅਗਵਾਈ ਚ ਪੰਜਾਬ ਭਰ ਵਿੱਚ ਨਰੇਗਾ 2005 ਦੇ ਤਹਿਤ ਪਿਛਲੇ ਸਾਲ 2025 ਚ ਵੱਖ ਵੱਖ ਜ਼ਿਲਿਆਂ ਦੇ ਕਾਮਿਆਂ ਨੇ ਕੰਮ ਦੀ ਮੰਗ ਕੀਤੀ ਸੀ, ਕਿਰਤੀ ਵਿਰੋਧੀ ਇਹਨਾਂ ਢੀਠ ਸਰਕਾਰਾਂ ਨੇ ਇਹਨਾਂ ਪੇਂਡੂ ਨਰੇਗਾ ਕਾਮਿਆਂ ਨੂੰ ਨਾ ਕੰਮ ਦਿੱਤਾ ਨਾ ਹੀ ਬੇਰੁਜ਼ਗਾਰੀ ਭੱਤੇ ਲਈ ਅਰਜੀਆ ਦਰਜ਼ ਕੀਤੀਆਂ।

ਇਸ ਕਰਕੇ ਇਹ ਪੇਂਡੂ ਕਿਰਤੀ ਪਸ਼ੂਆਂ ਤੋਂ ਵੀ ਭੈੜੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਪਿਛਲੇ 10 ਮਹੀਨਿਆ ਤੋਂ ਪੰਜਾਬ ਦੇ ਨਰੇਗਾ ਕਾਮਿਆਂ ਨੂੰ ਕੰਮ ਨਹੀਂ ਦਿੱਤਾ ਗਿਆ, ਨਰੇਗਾ ਕਿਰਤੀ ਇਹ ਮਹੀਨਿਆਂ ਵਿੱਚ ਵਾਰ ਵਾਰ ਬੀ ਡੀ ਪੀ ਓ ਦਫ਼ਤਰਾਂ ਦੇ ਚੱਕਰ ਮਾਰ ਮਾਰ ਹੱਭ ਗਏ ਅੱਜ਼ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੀ ਅਗਵਾਈ ਵਿੱਚ ਸੈਂਕੜੇ ਨਰੇਗਾ ਕਾਮਿਆਂ ਨੇ ਏ ਡੀ ਸੀ ਦਫ਼ਤਰ ਪਟਿਆਲਾ ਵਿਖੇ ਸੰਕੇਤਕ ਧਰਨਾਂ ਦਿੱਤਾ ਅਤੇ ਏ ਡੀ ਸੀ ਸ ਦਮਨਜੀਤ ਸਿੰਘ ਨੂੰ ਮੰਗ ਪੱਤਰ ਵੀ ਦਿੱਤਾ ਤੇ ਪਿਛਲੇ ਸਮੇਂ ਕੰਮ ਨਾ ਮਿਲਣ ਤੇ ਬੇਰੁਜ਼ਗਾਰੀ ਭੱਤੇ ਦੀਆਂ ਅਰਜ਼ੀਆਂ ਦਰਜ਼ ਕਰਵਾ ਕੇ ਰਸੀਦਾਂ ਪ੍ਰਾਪਤ ਕੀਤੀਆਂ ,ਇਸ ਸਮੇਂ ਇਹਨਾਂ ਕਾਮਿਆਂ ਨਾਲ਼ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ, ਜ਼ਿਲਾ ਪ੍ਰਧਾਨ ਬਲਜੀਤ ਕੌਰ ਗਦਾਈਆ, ਭਿੰਦਰ ਸਿੰਘ ਗਦਾਈਆ, ਬੱਗਾ ਸਿੰਘ ਗਲਵੱਟੀ, ਮਨਪ੍ਰੀਤ ਕੌਰ ਕਿਸ਼ਨਗੜ੍ਹ, ਜਗਜੀਤ ਸਿੰਘ ਗਦਾਈਆ ਸਨ , ਇਸ ਸਮੇਂ ਕਾਮਿਆਂ ਨੂੰ ਸੰਬੋਧਨ ਕਰਦਿਆ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਤੇ ਪੰਜਾਬ ਦੀ ਮਾਨ ਸਰਕਾਰ ਨੇ ਪਿੰਡਾ ਦੇ ਇਹਨਾਂ ਹਾਸ਼ੀਏ ਤੇ ਧੱਕ ਦਿੱਤੇ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੱਤਾ, ਸਾਨੂੰ ਇਹਨਾਂ ਲੋਕ ਦੋਖੀ ਸਰਕਾਰਾਂ ਤੋਂ ਤਵੱਕੋ ਵੀ ਕਰਨੀਂ ਨਹੀਂ ਚਾਹੀਦੀ, ਇਹਨਾਂ ਸਰਕਾਰਾਂ ਦੇ ਚੱਲਦਿਆਂ ਕਿਰਤੀ ਲੋਕਾਂ ਨੂੰ ਆਪਣੀਆਂ ਜੱਥੇਬੰਦੀਆਂ ਨੂੰ ਮਜ਼ਬੂਤ ਕਰਨਾਂ ਹੋਵੇਗਾ, ਕਿਰਤੀ ਆਗੂ ਨੇ ਕਿਹਾ ਕਿ ਜ਼ੇਕਰ ਨਰੇਗਾ ਕਾਮਿਆਂ ਨੂੰ ਕੰਮ ਜਾਂ ਬੇਰੁਜ਼ਗਾਰੀ ਭੱਤਾ ਨਾ ਦਿੱਤਾ, ਅਸੀਂ ਨਰੇਗਾ 'ਚ ਹੋਰ ਕੰਮ ਕਰਦੀਆਂ ਜੱਥੇਬੰਦੀਆਂ ਨੂੰ ਨਾਲ਼ ਲੈ ਕੇ ਸੰਘਰਸ਼ ਨੂੰ ਤਿੱਖਾ ਕਰਾਂਗੇ, ਤੇ ਪੰਜਾਬ ਭਰ ਮੋਦੀ ਹਕੂਮਤ ਤੇ ਪੰਜਾਬ ਸਰਕਾਰ ਦੇ ਪੁਤਲੇ ਫ਼ੂਕਣ ਤੋਂ ਵੀ ਗੁਰੇਜ਼ ਨਹੀਂ ਕੀਤਾਂ ਜਾਵੇਗਾ।

# 2014 ਬੈਚ ਦੇ ਆਈ.ਏ.ਐਸ. ਅਧਿਕਾਰੀ ਡਾ. ਹਿਮਾਂਸ਼ੂ ਅਗਰਵਾਲ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਸੰਭਾਲਿਆ ਅਹੁਦਾ

## ➢ ਨਬਜ਼ ਪਛਾਣ ਕੇ ਲੋਕਾਂ ਦੇ ਦੁਖ ਦਰਦ ਦੂਰ ਕਰਨਾ ਤਰਜੀਹ ➢ ਜ਼ਿਲ੍ਹੇ 'ਚ ਪ੍ਰਸ਼ਾਸਕੀ ਸੁਧਾਰ, ਬੁਨਿਆਦੀ ਢਾਂਚੇ ਦਾ ਵਿਕਾਸ, ਟ੍ਰੈਫਿਕ, ਸਵੱਛਤਾ, ਨੌਜਵਾਨ ਤੇ ਮਹਿਲਾ ਸਸ਼ਕਤੀਕਰਨ, ਨਸ਼ਾ ਮੁਕਤੀ, ਸਿੱਖਿਆ ਤੇ ਸਿਹਤ ਸੰਭਾਲ ਵੀ ਹੋਣਗੇ ਮੁੱਖ ਏਜੰਡੇ

**ਪਟਿਆਲਾ, 14 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

2014 ਬੈਚ ਦੇ ਨੌਜਵਾਨ ਆਈ.ਏ.ਐਸ. ਅਧਿਕਾਰੀ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪੰਜਾਬ ਸਰਕਾਰ ਦੀਆਂ ਫਲੈਗਸ਼ਿਪ ਸਕੀਮਾਂ ਦਾ ਲਾਭ ਹੇਠਲੇ ਪੱਧਰ 'ਤੇ ਲਾਭਪਾਤਰੀਆਂ ਤੱਕ ਪੁੱਜਦਾ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ।





ਡਾ. ਅਗਰਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹੇ 'ਚ ਪ੍ਰਸ਼ਾਸਕੀ ਸੁਧਾਰਾਂ ਸਮੇਤ ਬੁਨਿਆਦੀ ਢਾਂਚੇ ਦਾ ਵਿਕਾਸ, ਸਵੱਛਤਾ ਤੇ ਟ੍ਰੈਫਿਕ ਵਿਵਸਥਾ 'ਚ ਸੁਧਾਰ, ਨੌਜਵਾਨ ਤੇ ਮਹਿਲਾ ਸਸ਼ਕਤੀਕਰਨ, ਨਸ਼ਾ ਮੁਕਤੀ, ਸਿੱਖਿਆ ਤੇ ਸਿਹਤ ਸੰਭਾਲ ਵੀ ਉਨ੍ਹਾਂ ਦੇ ਮੁੱਖ ਏਜੰਡੇ ਹੋਣਗੇ। ਜਦਕਿ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਨਿਜੀ ਮੋਨੀਟਰਿੰਗ ਵੀ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਨਬਜ਼ ਪਛਾਣ ਕੇ ਲੋਕਾਂ ਦੇ ਦੁਖ ਦਰਦ ਦੂਰ ਕਰਨਾ ਤਰਜੀਹ ਹੈ। ਡਾ. ਹਿਮਾਂਸ਼ੂ ਅਗਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਤੇ ਰੰਗਲਾ ਪੰਜਾਬ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਸਮੇਤ ਮੁੱਖ ਮੰਤਰੀ ਸਿਹਤ ਯੋਜਨਾ ਤੇ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਲਾਭ ਘਰ-ਘਰ ਤੱਕ ਪੁੱਜਦਾ ਕਰਨਾ ਵੀ ਉਨ੍ਹਾਂ ਦੀਆਂ ਤਰਜੀਹਾਂ 'ਚ ਸ਼ਾਮਲ ਹੈ। ਜਦਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਵਾਉਣ ਲਈ ਵੀ ਉਹ ਉਚੇਚੇ ਯਤਨ ਕਰਨਗੇ।ਉਨ੍ਹਾਂ ਕਿਹਾ ਕਿ ਲੋਕ ਭਲਾਈ ਲਈ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਦਾ ਵੀ ਰੈਡ ਕਰਾਸ ਰਾਹੀਂ ਸਹਿਯੋਗ ਲਿਆ ਜਾਵੇਗਾ।

ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਇੱਥੇ ਇਤਿਹਾਸਕ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਅਤੇ ਮੰਦਿਰ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਨਤਮਸਤਕ ਹੋ ਕੇ ਹੋ ਕੇ ਸਰਬੱਤ ਦੇ ਭਲੇ ਸਮੇਤ ਜ਼ਿਲ੍ਹੇ ਦੀ ਖੁਸ਼ਹਾਲੀ, ਚੜ੍ਹਦੀਕਲਾ, ਤਰੱਕੀ ਤੇ ਸੁਖ-ਸਮ੍ਰਿਧੀ ਦੀ ਅਰਦਾਸ ਕੀਤੀ। ਇਸ ਮੌਕੇ ਐਸ.ਜੀ.ਪੀ.ਸੀ. ਮੈਂਬਰ ਸੁਰਜੀਤ ਸਿੰਘ ਗੜ੍ਹੀ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਤੇ ਮੈਨੇਜਰ ਭਾਗ ਸਿੰਘ ਨੇ ਸਿਰੋਪਾਓ ਦਿੱਤਾ ਤੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਵੀ ਮੰਦਰ ਪੁਜਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਮਾਤਾ ਦੀ ਚੁਨਰੀ ਤੇ ਪਰਸ਼ਾਦਿ ਦਿੱਤਾ। ਜਿਕਰਯੋਗ ਹੈ ਕਿ 2014 ਬੈਚ ਦੇ ਯੂ.ਪੀ.ਐਸ.ਸੀ. 'ਚ 28ਵੇਂ ਰੈਂਕ ਵਾਲੇ ਆਈ.ਏ.ਐਸ. ਅਧਿਕਾਰੀ ਹਿਮਾਂਸ਼ੂ ਅਗਰਵਾਲ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ਼ ਮੈਡੀਕਲ ਸਾਇੰਸਿਜ ਤੋਂ ਐਮ.ਬੀ.ਬੀ.ਐਸ. ਪਾਸ ਕੀਤੀ ਹੈ। ਇਸ ਤੋਂ ਪਹਿਲਾਂ ਉਹ ਜਲੰਧਰ, ਫਾਜ਼ਿਲਕਾ ਤੇ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਸਮੇਤ ਏਡੀਸੀ ਮੋਹਾਲੀ ਤੇ ਅੰਮ੍ਰਿਤਸਰ ਅਤੇ ਐਸ ਡੀ ਐਮ ਵਜੋਂ ਹੁਸ਼ਿਆਰਪੁਰ ਵਿਖੇ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਨੇ 25 ਸਾਲ ਪਹਿਲਾਂ 2001 'ਚ ਅੱਠਵੀਂ ਜਮਾਤ ਫ਼ਿਰੋਜ਼ਪੁਰ ਜ਼ਿਲ੍ਹੇ 'ਚੋਂ 97 ਫੀਸਦੀ ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹਿਕੇ ਪਾਸ ਕਰਦਿਆਂ ਹੀ ਡਿਪਟੀ ਕਮਿਸ਼ਨਰ ਬਣਨ ਦਾ ਸੁਪਨਾ ਲੈ ਲਿਆ ਸੀ। ਲਾਲ ਬਹਾਦਰ ਸ਼ਾਸਤਰੀ ਰਾਸ਼ਟਰੀ ਪ੍ਰਸ਼ਾਸਨ ਅਕੈਡਮੀ ਮਸੂਰੀ ਤੋਂ ਗੋਲਡ ਮੈਡਿਸਲਟ ਡਾ. ਹਿਮਾਂਸ਼ੂ ਅਗਰਵਾਲ ਨੈਸ਼ਨਲ ਅਵਾਰਡੀ ਹੋਣ ਸਮੇਤ ਦੋ ਵਾਰ ਬਿਹਤਰ ਜ਼ਿਲ੍ਹਾ ਚੋਣ ਅਫ਼ਸਰ ਦੇ ਮਾਣ ਨਾਲ ਸਨਮਾਨਤ ਹੋਣ ਤੋਂ ਇਲਾਵਾ ਇਨਵੈਸਟ ਪੰਜਾਬ 'ਚ ਸਟੇਟ ਅਵਾਰਡ ਨਾਲ ਵੀ ਸਨਮਾਨਤ ਹੋ ਚੁੱਕੇ ਹਨ। ਜਦਕਿ ਪਿਛਲੇ ਵਰ੍ਹੇ ਭਾਰਤ-ਪਾਕਿ ਜੰਗ ਦੌਰਾਨ ਚੀਫ਼ ਆਫ਼ ਆਰਮੀ ਸਟਾਫ਼ ਵੱਲੋਂ ਵੀ ਬਿਹਤਰ ਸੇਵਾਵਾਂ ਨਿਭਾਉਣ ਬਦਲੇ ਡਾ. ਹਿਮਾਂਸ਼ੂ ਅਗਰਵਾਲ ਨੂੰ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਗਿਆ ਸੀ।

ਅੱਜ ਅਹੁਦਾ ਸੰਭਾਲਣ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਮਾਤਾ ਸ੍ਰੀਮਤੀ ਸ਼ਕੁੰਤਲਾ ਅਗਰਵਾਲ ਤੇ ਪਿਤਾ ਸ੍ਰੀ ਸੁਰਿੰਦਰ ਅਗਰਵਾਲ ਸਮੇਤ ਪੁੱਤਰੀ ਇਸ਼ਾ ਅਗਰਵਾਲ ਵੀ ਮੌਜੂਦ ਸਨ। ਡਾ. ਹਿਮਾਂਸ਼ੂ ਅਗਰਵਾਲ ਦੇ ਸੁਪਤਨੀ ਕੋਮਲ ਮਿੱਤਲ ਵੀ 2014 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ ਤੇ ਉਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਖੇ ਡਿਪਟੀ ਕਮਿਸ਼ਨਰ ਹਨ।

ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਏ.ਡੀ.ਸੀਜ ਦਮਨਜੀਤ ਸਿੰਘ ਮਾਨ ਤੇ ਸਿਮਰਪ੍ਰੀਤ ਕੌਰ, ਐਸ.ਪੀ ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮਜ ਨਮਨ ਮਾਰਕੰਨ, ਰਿਚਾ ਗੋਇਲ, ਕਾਲਾ ਰਾਮ ਕਾਂਸਲ, ਹਰਜੋਤ ਕੌਰ ਮਾਵੀ, ਏ.ਪੀ.ਐਸ. ਸੋਮਲ, ਗੁਰਦੇਵ ਸਿੰਘ ਤੇ ਜ਼ਿਲ੍ਹਾ ਮਾਲ ਅਫ਼ਸਰ ਹਰਸਿਮਰਨ ਸਿੰਘ ਸਮੇਤ ਡੀ.ਸੀ. ਦਫ਼ਤਰ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਵੇਂ ਡਿਪਟੀ ਕਮਿਸ਼ਨਰ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕੀਤਾ।

# ਸੜਕ ਸੁਰੱਖਿਆ ਫੋਰਸ ਰੋਜ਼ਾਨਾਂ ਬਚਾ ਰਹੀ ਹੈ ਕੀਮਤੀ ਜਾਨਾਂ : ਐਸ.ਐਸ.ਪੀ. ਗਗਨ ਅਜੀਤ ਸਿੰਘ

**ਮਲੇਰਕੋਟਲਾ, 14 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਸੜਕ ਹਾਦਸਿਆਂ ਦੌਰਾਨ ਜ਼ਖ਼ਮੀਆਂ ਨੂੰ ਤੁਰੰਤ ਮਦਦ ਅਤੇ ਕੀਮਤੀ ਜਾਨਾਂ ਬਚਾਉਣ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਸੂਬੇ ਭਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਇਹ ਜਾਣਕਾਰੀ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਮਾਲੇਰਕੋਟਲਾ ਗਗਨ ਅਜੀਤ ਸਿੰਘ ਵੱਲੋਂ ਸਾਂਝੀ ਕੀਤੀ ਗਈ।

ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਦੇ ਕਾਰਜਸ਼ੀਲ ਹੋਣ ਨਾਲ ਸੜਕ ਹਾਦਸਿਆਂ ਦੌਰਾਨ ਤੁਰੰਤ ਮਦਦ ਮੁਹੱਈਆ ਕਰਵਾਉਣ ਵਿੱਚ ਕਾਫ਼ੀ ਸੁਧਾਰ ਆਇਆ ਹੈ। ਉਨ੍ਹਾਂ ਕਿਹਾ ਕਿ ਐਸ.ਐਸ.ਐਫ. ਦੀਆਂ ਟੀਮਾਂ ਹਾਈਵੇਅ ਅਤੇ ਮੁੱਖ ਸੜਕਾਂ 'ਤੇ ਲਗਾਤਾਰ ਗਸ਼ਤ ਕਰਦੀਆਂ ਰਹਿੰਦੀਆਂ ਹਨ ਅਤੇ ਜਿਵੇਂ ਹੀ ਕਿਸੇ ਹਾਦਸੇ ਜਾਂ ਐਮਰਜੈਂਸੀ ਸਥਿਤੀ ਬਾਰੇ ਜਾਣਕਾਰੀ ਮਿਲਦੀ ਹੈ, ਟੀਮ ਤੁਰੰਤ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਮੁਢਲੀ ਸਹਾਇਤਾ ਮੁਹੱਈਆ ਕਰਵਾਉਂਦੀ ਹੈ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਤੱਕ ਵੀ ਪਹੁੰਚਾਉਂਦੀ ਹੈ।



ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਰੇਂਜ ਅਧੀਨ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਐਸ.ਐਸ.ਐਫ. ਦੀ ਟੀਮ ਕਾਰਜਸ਼ੀਲ ਹੈ, ਜੋ ਸੜਕ ਹਾਦਸਿਆਂ ਜਾਂ ਹੋਰ ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਮਦਦ ਲਈ ਤਤਪਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਹੁਣ ਤੱਕ ਕੁੱਲ 527 ਸੜਕ ਦੁਰਘਟਨਾਵਾਂ ਮੌਕੇ 'ਤੇ ਪਹੁੰਚ ਕੇ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਅਤੇ ਕਈ ਗੰਭੀਰ ਰੂਪ ਵਿੱਚ ਜ਼ਖ਼ਮੀ ਵਿਅਕਤੀਆਂ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਐਸ.ਐਸ.ਪੀ. ਨੇ ਕਿਹਾ ਕਿ ਸੜਕ ਹਾਦਸਿਆਂ ਦੌਰਾਨ ਪਹਿਲੇ ਕੁਝ ਮਿੰਟ ਬਹੁਤ ਹੀ ਅਹਿਮ ਹੁੰਦੇ ਹਨ ਅਤੇ ਸਮੇਂ ਸਿਰ ਮਿਲੀ ਮਦਦ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਸੜਕ ਸੁਰੱਖਿਆ ਫੋਰਸ ਇਸ ਮਕਸਦ ਨੂੰ ਧਿਆਨ ਵਿੱਚ ਰੱਖਦਿਆਂ ਲਗਾਤਾਰ ਲੋਕਾਂ ਦੀ ਸੇਵਾ ਵਿੱਚ ਤਤਪਰ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਸਫ਼ਰ ਦੌਰਾਨ ਕਿਸੇ ਵੀ ਤਰ੍ਹਾਂ ਦੀ ਸੜਕ ਦੁਰਘਟਨਾ ਜਾਂ ਐਮਰਜੈਂਸੀ ਸਥਿਤੀ ਵਾਪਰਦੀ ਹੈ ਤਾਂ ਤੁਰੰਤ ਹੈਲਪਲਾਈਨ ਨੰਬਰ 112 ਡਾਇਲ ਕੀਤਾ ਜਾਵੇ, ਤਾਂ ਜੋ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਤੁਰੰਤ ਮੌਕੇ 'ਤੇ ਪਹੁੰਚ ਕੇ ਲੋੜਵੰਦਾਂ ਨੂੰ ਮਦਦ ਮੁਹੱਈਆ ਕਰਵਾਈ ਜਾ ਸਕੇ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਚੰਗੇ ਗੀਤ ਲਿਖਣ ਦਾ ਇੱਛੁਕ



ਜਸਵਿੰਦਰ ਸੰਧੂ

ਅੱਜ ਕੱਲ੍ਹ ਹਰ ਕੋਈ ਆਪਣੀ ਕਲਮ ਨਾਲ ਚਾਰ ਸ਼ਬਦ ਲਿਖ ਕੇ ਲੇਖਕ ਬਣਿਆ ਹੋਇਆ ਹੈ ਪਰ ਲੇਖਕ ਬਣਨਾ ਬਹੁਤ ਔਖਾ ਹੈ। ਦੂਜੀ ਗੱਲ ਲੇਖਕ ਕਿਸੇ ਨੂੰ ਬਣਾਇਆ ਨਹੀਂ ਜਾ ਸਕਦਾ। ਲਿਖਣ ਵਰਗੀ ਕਲਾ ਤਾਂ ਉਹ ਸੌਗਾਤ ਹੈ ਜੋ ਪਰਮਾਤਮਾ ਵੱਲੋਂ ਕਿਸੇ ਕਿਸੇ ਦੇ ਹੀ ਹਿੱਸੇ ਆਉਂਦੀ ਹੈ ਲੇਖਕ ਆਪਣੇ ਦਿਲ ਦਿਮਾਗ਼ ਵਿਚ ਉਪਜੇ ਸ਼ਬਦ ਕਾਗ਼ਜ਼ ਦੀ ਹਿੱਕ 'ਤੇ ਗੀਤ ਗ਼ਜ਼ਲ, ਕਵਿਤਾ ਤੇ ਹੋਰ ਬਹੁਤ ਵੰਨਗੀਆਂ ਲਿਖ ਕੇ ਪਾਠਕਾਂ ਦੇ ਰੂਬਰੂ ਕਰਦਾ ਹਨ। ਮੈਂ ਗੱਲ ਕਰ ਰਿਹਾ ਹਾਂ ਜਸਵਿੰਦਰ ਸੰਧੂ ਦੀ । ਉਸ ਦਾ ਜਨਮ ਪਿੰਡ ਗਲੋਟੀ ਜ਼ਿਲ੍ਹਾ ਮੋਗਾ ਵਿਖੇ ਮਾਤਾ ਗੁਰਜੀਤ ਕੌਰ ਤੇ ਪਿਤਾ ਲਖਵੀਰ ਸਿੰਘ ਦੇ ਘਰ ਹੋਇਆ। ਲਿਖਣ ਦੀ ਚੇਟਕ ਉਸ ਨੂੰ ਅੱਠਵੀ ਨੌਵੀਂ ਵਿਚ ਪੜ੍ਹਦਿਆਂ ਹੀ ਲੱਗ ਗਈ। ਜਸਵਿੰਦਰ ਸੰਧੂ ਨੂੰ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਅੰਮ੍ਰਿਤਾ ਪ੍ਰੀਤਮ ਆਦਿ ਦੀਆਂ ਰਚਨਾਵਾਂ ਨੇ ਪ੍ਰਭਾਵਿਤ ਕੀਤਾ ਤਾਂ ਹੀ ਇਸ ਦੀ ਕਲਮ ਨੇ ਸਾਹਿਤਕ ਤੇ ਵਧੀਆ ਲਿਖਣ ਦੀ ਪਹਿਲ ਕੀਤੀ। ਸੰਧੂ ਦਾ ਸਭ ਤੋਂ ਪਹਿਲਾਂ ਗੀਤ ਇਕ ਕੁੜੀ ਨਾਲ ਰਿਸ਼ਤਾ ਸੀ ਆਇਆ। ਫਿਰ ਕਈ ਕਲਾਕਾਰਾਂ ਨੇ ਉਸ ਦੇ ਗੀਤ ਰਿਕਾਰਡ ਕਰਵਾਏ। ਸੰਧੂ ਨੇ ਅੱਜ ਤਕ ਜੋ ਵੀ ਲਿਖਿਆ ਸਾਹਿਤਕ ਸਮਾਜਿਕ ਸੱਚ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ਿਆ ਨੂੰ ਛੋਹਿਆ ਹੈ। ਉਹ ਸਮਾਜ ਵਿਚ ਵਰਤ ਰਹੇ ਵਰਤਾਰੇ ਨੂੰ ਬੜੀ ਨੇੜਿਉਂ ਤਕ ਕੇ ਲਿਖਣ ਦਾ ਯਤਨ ਕਰਦਾ ਹੈ। ਜਸਵਿੰਦਰ ਸੰਧੂ ਵਧੀਆ ਲਿਖਣ ਦੇ ਨਾਲ-ਨਾਲ ਇਕ ਵਧੀਆ ਇਨਸਾਨ, ਦੋਸਤਾਂ ਦਾ ਦੋਸਤ, ਵੱਡੇ ਛੋਟੇ ਨਾਲ ਪਿਆਰ ਇੱਜ਼ਤ ਕਰਨ ਵਾਲਾ, ਵਧੀਆ ਸੋਚ ਦਾ ਮਾਲਕ ਹੈ। ਗੁਰਬਾਣੀ 'ਤੇ ਅਥਾਹ ਵਿਸ਼ਵਾਸ ਤੇ ਸ਼ਰਧਾ ਰੱਖਣ ਵਾਲਾ ਸੰਧੂ ਅੱਜ ਕੱਲ੍ਹ ਧਰਮਕੋਟ ਵਿਖੇ ਰਹਿ ਰਿਹਾ ਹੈ। ਉਸ ਦੀ ਇਕ ਰਚਨਾ ਦਾ ਅੰਨਦ ਮਾਣਦੇ ਹਾਂ।

• ਬੂਟਾ ਗੁਲਾਮੀ ਵਾਲਾ
94171-97395

**ਕਵਿਤਾ**

### ਮਤਲਬ

*ਮਤਲਬ ਦੀ ਦੁਨੀਆ ਏ ਮਤਲਵ ਦੇ ਯਾਰ ਨੇ*
*ਮਤਲਬ ਦਾ ਹਰ ਕੋਈ ਮਤਲਵ ਦੇ ਪਿਆਰ ਨੇ*
*ਬਿਨਾਂ ਮਤਲਬ ਜਗ ਉੱਤੇ ਰਿਸ਼ਤਾ ਨਾ ਕੋਈ ਵੀ*
*ਮਤਲਬ ਦੇ ਨਾਲ ਹੀ ਰਿਸ਼ਤੇ ਹਜ਼ਾਰ ਨੇ*
*ਬੇਗ਼ਾਨਿਆਂ ਦਾ ਡਰ ਨਹੀਂ ਆਪਣੇ ਹੀ ਲੁੱਟ ਦੇ*
*ਆਪਣਾ ਬਣਾ ਕੇ ਲੋਕ ਹੁਣ ਕਰਦੇ ਵਾਰ ਨੇ*
*ਪੈਸੇ ਦੀ ਪੂਜਾ ਹੁੰਦੀ ਰੱਬ ਨੂੰ ਤਾਂ ਭੁੱਲ ਗਏ*
*ਉਹੀ ਖ਼ੁਦਾ ਹੈ ਅੱਜਕੱਲ੍ਹ ਜਿਹਦੇ ਕੋਲ ਪੈਸੇ ਚਾਰ ਨੇ*
*ਨਾ ਹੱਲ ਲੱਭਿਆ ਮੈਨੂੰ ਮੈਂ ਕੋਸ਼ਿਸ਼ਾ ਲੱਖ ਕੀਤੀਆਂ*
*ਜਾਣਾ ਹੈ ਕਿਹੜੇ ਪਾਸੇ ਨੂੰ 'ਸੰਧੂ' ਇਸ ਸੰਸਾਰ ਨੇ।*

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

# ਮਨੁੱਖ ਨੇ ਪਿੰਜਰੇ ਬਣਾਏ

ਕੁਦਰਤ ਬਾਰੇ ਪ੍ਰਸਿੱਧ ਲੇਖਕ ਨਰਿੰਦਰ ਸਿੰਘ ਕਪੂਰ ਲਿਖਦੇ ਹਨ, 'ਸਿਆਣਪ ਕੁਦਰਤ ਵਿਚ ਹੈ, ਲੋੜ ਇਸ ਨੂੰ ਅਪਨਾਉਣ ਦੀ ਹੈ।' ਕੁਦਰਤ ਨੇ ਆਪਣੀ ਸਿਆਣਪ ਨਾਲ ਪੰਛੀਆਂ ਦੇ ਰਹਿਣ ਲਈ ਦਰੱਖ਼ਤ ਅਤੇ ਉੱਡਣ ਲਈ ਅਸਮਾਨ ਬਣਾਇਆ ਹੈ ਜਦੋਂ ਕਿ ਮਨੁੱਖ ਨੇ ਆਪਣੇ ਗਿਆਨ ਨਾਲ ਪਿੰਜਰੇ ਬਣਾਏ ਹਨ। ਮਨੁੱਖ ਜਿਸ ਜੀਵ ਨੂੰ ਪਾਲਦਾ ਹੈ ਉਸ ਨੂੰ ਕੈਦ ਕਰ ਲੈਂਦਾ ਹੈ। ਮਨੁੱਖ ਆਪਣੇ ਗਿਆਨ ਨੂੰ ਵਰਤ ਕੇ ਆਲੇ- ਦੁਆਲੇ ਨੂੰ ਕਾਬੂ ਕਰਦਾ ਹੈ। ਗਿਆਨ ਵਿਚ ਹਉਮੈ ਹੁੰਦੀ ਹੈ, ਇਸ ਕਰਕੇ ਇਸ ਦੀ ਦੁਰਵਰਤੋਂ ਹੁੰਦੀ ਹੈ'। ਇਸ ਦੇ ਉਲਟ ਸ਼ਾਤ ਸੁਭਾਅ ਤੇ ਕੁਦਰਤ ਪ੍ਰੇਮੀ ਆਪਣੇ ਆਲੇ-ਦੁਆਲੇ ਨੂੰ ਪਿਆਰ ਕਰਦੇ ਹਨ। ਅਜਿਹੇ ਲੋਕ ਮਨੁੱਖਤਾ ਦੇ ਭਲੇ ਲਈ ਹਰ ਵਕਤ ਤਤਪਰ ਰਹਿੰਦੇ ਹਨ। ਇਹ ਆਪ ਦਾ ਸੁੱਜਾ ਜੀਵਨ ਜਿਉਂਦੇ ਹਨ ਤੇ ਇਹ ਗੁਣ ਹੋਰਨਾਂ ਨੂੰ ਵੀ ਸਿਖਾਉਂਦੇ ਹਨ।

ਜਗਮੋਹਨ ਸਿੰਘ ਲੱਕੀ



# ਕਿੱਥੇ ਗਈ ਚਾਟੀ ਦੀ ਲੱਸੀ ਤੇ ਹਾਰੇ ਦੀ ਦਾਲ਼

ਲੋ ਪੰਜਾਬ, ਪੰਜ ਦਰਿਆਵਾਂ ਦੀ ਪਾਕ-ਪਵਿੱਤਰ ਧਰਤੀ। ਇਸ ਕਰਮਾਂ ਵਾਲੀ ਧਰਤੀ 'ਤੇ ਜਿੱਥੇ ਗੁਰੂ ਸਾਹਿਬਾਨ, ਰਿਸ਼ੀਆਂ-ਮੁਨੀਆਂ, ਜਪੀਆਂ, ਸਿੱਧਾਂ, ਸਿਰਲੱਥ ਯੋਧਿਆਂ ਨੇ ਜਨਮ ਲਿਆ ਉੱਥੇ ਹੀ ਹੀਰ ਰਾਂਝੇ ਦਾ ਪ੍ਰੇਮ ਵੀ ਪ੍ਰੀਤ ਕਹਾਣੀਆਂ ਦਾ ਗਵਾਹ ਬਣਿਆ। ਪੁਰਾਤਨ ਸਮੇਂ ਤੋਂ ਹੀ ਪੰਜਾਬ ਭਾਰਤ ਦੀ ਖੜਗ ਭੁਜਾ ਬਣ ਕੇ ਦੁਸ਼ਮਣਾਂ ਅੱਗੇ ਖੜਦਾ ਆਇਐ। ਮੁਲਕ ਦੇ ਕੇਂਦਰੀ ਅੰਨ ਭੰਡਾਰ ਵਿਚ ਸਭ ਤੋਂ ਵਧੇਰੇ ਆਨਾਜ ਭਰਨ ਵਾਲੇ ਪੰਜਾਬ ਨੇ ਭਾਰਤੀ ਫ਼ੌਜਾਂ ਅਤੇ ਕੇਂਦਰੀ ਸੁਰੱਖਿਆ ਦਲਾਂ ਵਿਚ ਵੀ ਆਪਣੇ ਬਹਾਦਰ ਪੁੱਤਰ ਵੱਡੀ ਗਿਣਤੀ ਵਿੱਚ ਭੇਜੇ ਹਨ ਪਰ ਜੇ ਅੱਜ ਦੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਹੱਸਦੇ ਵਸਦੇ ਪੈਲ੍ਹਾਂ ਪਾਉਂਦੇ ਰੰਗਲੇ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੋਵੇ।

### ਵੰਝਲੀ ਦੀ ਹੂਕ

ਪੰਜਾਬ ਵਿਚ ਪਹਿਲਾਂ ਜਿੱਥੇ ਅੰਮ੍ਰਿਤ ਵੇਲੇ ਰਾਂਝੇ ਦੀ ਵੰਝਲੀ ਦੀ ਹੂਕ ਸੁਣਾਈ ਦਿੰਦੀ ਸੀ, ਬਲਦਾਂ ਦੀਆਂ ਟੱਲੀਆਂ ਦੀ ਮਿੱਠੀ-ਮਿੱਠੀ ਛੁਣਕਾਰ ਕੰਨਾਂ ਵਿਚ ਰਸ ਘੋਲ਼ ਦੀ ਸੀ, ਉਸ ਪੰਜਾਬ ਵਿਚ ਦੇ ਹਰ ਪਿੰਡ, ਸ਼ਹਿਰ, ਕਸਬੇ ਵਿਚ ਹੁਣ ਵੈਣ ਕੰਨੀਂ ਪੈ ਰਹੇ ਨੇ। ਹਰ ਦਿਨ ਕਿਸਾਨ ਤੇ ਮਜ਼ਦੂਰ ਕਰਜ਼ੇ ਤੋਂ ਦੁਖੀ ਹੋ ਕੇ ਖ਼ੁਦਕੁਸ਼ੀਆਂ ਕਰ ਰਹੇ ਹਨ। ਨਸ਼ੇ ਕਾਰਨ ਅਨੇਕਾਂ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਕਾਰਨ ਹਰ ਪਾਸੇ ਹੀ ਵੈਣ ਪਾਉਂਦੀਆਂ ਮਾਵਾਂ, ਧੀਆਂ, ਭੈਣਾਂ ਦੇ ਰੋਂਦੀਆਂ ਨਜ਼ਰ ਆ ਰਹੀ ਹੈ। ਹਰ ਦਿਨ ਪਿੰਡਾਂ, ਸ਼ਹਿਰਾਂ ਵਿਚ ਚਿੱਟੀਆਂ ਚੁੰਨੀਆਂ ਵਾਲੀਆਂ ਬੀਬੀਆਂ ਨਜ਼ਰ ਆ ਰਹੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਵਿਚ ਹੋ ਰਹੀਆਂ ਅਣਆਈਆਂ ਮੌਤਾਂ ਕਾਰਨ ਜਿਵੇਂ ਪੰਜਾਬ ਦਾ ਪੌਣ ਪਾਣੀ ਵੀ ਰੁਦਨ ਕਰ ਰਿਹਾ ਹੋਵੇ। ਉਹ ਰੰਗਲਾ ਪੰਜਾਬ ਬੀਤੇ ਦੀ ਕਹਾਣੀ ਬਣ ਗਿਆ ਹੈ ਜਿੱਥੇ ਕਿ ਚਹੁੰ ਕੁੰਟੀਂ ਮੇਲੇ ਲੱਗਦੇ ਰਹਿੰਦੇ ਸਨ। ਪੰਜਾਬ ਦੇ ਜਿਹੜੇ ਪਿੰਡਾਂ ਸ਼ਹਿਰਾਂ ਵਿਚ ਜਿੱਥੇ ਸਾਰਾ ਦਿਨ ਪਿੱਪਲਾਂ ਤੇ ਬੋਹੜਾਂ ਹੇਠ ਰੌਣਕਾਂ ਲੱਗਦੀਆਂ ਹੁੰਦੀਆਂ ਸਨ, ਮਜਲਿਸਾਂ ਲੱਗਦੀਆਂ ਸਨ, ਓਥੇ ਹੁਣ ਸੋਗ ਸਭਾਵਾਂ ਹੁੰਦੀਆਂ ਨੇ। ਪੰਜਾਬ ਦੇ ਪਿੰਡਾਂ ਵਿਚ ਹੁਣ ਕਿਸੇ ਲਾੜੇ ਦੀ ਬਰਾਤ ਚੜ੍ਹਦੀ ਤਾਂ ਕਦੇ ਕਦਾਂਈ ਹੀ ਨਜ਼ਰ ਆਉਂਦੀ ਹੈ ਪਰ ਹਰ ਪਿੰਡ ਦੇ ਸਿਵਿਆਂ ਵਿਚ ਲਾਂਬੂ ਲੱਗੇ ਹਰ ਦਿਨ ਹੀ ਨਜ਼ਰ ਆਉਂਦੇ ਹਨ।

### ਖੁੱਲ੍ਹੇ ਵਿਹੜਿਆਂ ਵਾਲੇ ਘਰ

ਜਰ੍ਹਾ ਸੋਚੋ ਖਾਂ, ਉਸ ਵੇਲੇ ਬਾਰੇ, ਜਦੋਂ ਪੰਜਾਬ ਵਿਚ ਹਰ ਪਾਸੇ ਸਾਰਾ ਸਾਲ ਹੀ ਬਹਾਰ ਪੈਲ੍ਹਾਂ ਪਾਉਂਦੀ ਗਾਉਂਦੀ ਰਹਿੰਦੀ ਸੀ। ਹਰ ਪਿੰਡ ਵਿਚ ਹੀ ਸ਼ਗਨਾਂ ਦੇ ਢੋਲ ਵਾਜੇ ਵੱਜਦੇ ਹੁੰਦੇ ਸਨ। ਹਰ ਪਿੰਡ ਵਿਚ ਹੀ ਮੱਲਾਂ ਦੀਆਂ ਛਿੰਝਾਂ ਪੈਂਦੀਆਂ ਸਨ। ਕਿੱਥੇ ਗਿਆ ਉਹ ਸਮਾਂ ਜਦੋਂ ਹਰ ਪਿੰਡ ਦੀ ਜੂਹ ਵਿਚ ਹੀ ਮੇਲੇ ਲੱਗਦੇ ਹੁੰਦੇ ਸਨ। ਕਿੱਥੇ ਗਏ ਪੰਜਾਬ ਦੇ ਪਿੰਡਾਂ ਦੇ ਉਹ ਖੁੱਲ੍ਹੇ ਵਿਹੜਿਆਂ ਵਾਲੇ ਘਰ ਜਿਨ੍ਹਾਂ ਦੇ ਦਰਾਂ ਵਿਚ ਬੈਠੀਆਂ ਕੁੜੀਆਂ ਚਿੜੀਆਂ ਦੇ ਚਰਖਿਆਂ ਦੀ ਮਿੱਠੀ-ਮਿੱਠੀ ਘੂਕਰ ਕੰਨਾਂ ਵਿਚ ਰਸ ਘੋਲਦੀ ਫ਼ਿਜ਼ਾ ਵਿਚ ਫੈਲਦੀ ਰਹਿੰਦੀ ਸੀ। ਇਨ੍ਹਾਂ ਕੁੜੀਆਂ ਚਿੜੀਆਂ ਦੇ ਚਰਖਿਆਂ ਦੀ ਜਿਸ ਘੂਕਰ ਨੂੰ ਸੁਣ ਕੇ ਜੋਗੀ ਪਹਾੜੋਂ ਉੱਤਰ ਆਉਂਦੇ ਸਨ। ਚਰਖੇ ਦੀ ਉਸ ਘੂਕਰ ਦੀ ਥਾਂ ਹੁਣ ਨਸ਼ੇ ਤੇ ਕਰਜ਼ੇ ਕਾਰਨ ਮੋਏ ਪੁੱਤਰਾਂ ਦੀਆਂ ਜਿਉਂਦੇ ਜੀਅ ਹੀ ਮਰਨ ਵਰਗੀਆਂ ਹੋਈਆਂ ਮਾਵਾਂ , ਧੀਆਂ, ਭੈਣਾਂ ਦੇ ਵੈਣ ਸੁਣ ਕੇ ਜੋਗੀ ਮੁੜ ਪਹਾੜਾਂ ਉੱਪਰ ਜਾ ਚੜ੍ਹੇ ਤੇ ਪਹਾੜਾਂ ਉੱਪਰ ਹੀ ਡੇਰੇ ਲਾ ਕੇ ਅੱਖਾਂ ਮੀਟ ਕੇ, ਬੁੱਲ੍ਹਾਂ ਉੱਪਰ ਚੁੱਪ ਵਾਲਾ ਜਿੰਦਰਾ ਲਗਾ ਕੇ ਕਿਸੇ ਡੂੰਘੀ ਖ਼ਾਮੋਸ਼ੀ ਵਿਚ ਬੈਠ ਗਏ ਜਾਪਦੇ ਨੇ।

### ਕੁੜੀਆਂ-ਚਿੜੀਆਂ

*ਕਿੱਥੇ ਗਏ ਉਹ ਤੀਆਂ ਦੇ ਮੇਲੇ, ਜੋ ਹਰ ਪਿੰਡ ਦੀ ਜੂਹ ਵਿਚ ਸਾਉਣ ਮਹੀਨੇ ਲੱਗਦੇ ਹੁੰਦੇ ਸਨ। ਜਿਨ੍ਹਾਂ ਮੇਲਿਆਂ ਵਿਚ ਸੱਜ ਵਿਆਹੀਆਂ ਤੇ ਕੁਆਰੀਆਂ ਕੁੜੀਆਂ-ਚਿੜੀਆਂ ਜਿੱਥੇ ਪੀਂਘਾਂ ਝੂਟਦੀਆਂ ਹੁੰਦੀਆਂ ਸਨ, ਉੱਥੇ ਹੀ ਗਿੱਧੇ ਵਿਚ ਗੇੜਾ ਦੇ ਕੇ ਧਰਤੀ ਉੱਪਰ ਇੰਨੇ ਜ਼ੋਰ ਦੀ ਅੱਡੀ ਮਾਰਦੀਆਂ ਸਨ ਕਿ ਉਨ੍ਹਾਂ ਦੀ ਧਮਕ ਦੂਜੇ ਮੁਲਕ ਤਕ ਸੁਣਦੀ ਹੁੰਦੀ ਸੀ। ਕਮਜ਼ੋਰ ਹੱਥਾਂ ਵਿਚ ਪਤਲੀ ਜਿਹੀ ਕਾਪੀ ਫੜੀ, ਪਤਲੀਆਂ-ਪਤਲੀਆਂ ਲੱਤਾਂ ਘਸੀਟਦੇ ਕਾਲਜ ਜਾਂਦੇ ਅੱਜ ਦੇ ਪੰਜਾਬੀ ਗੱਭਰੂ ਇਸ ਤਰ੍ਹਾਂ ਜਾਪਦੇ ਹਨ ਜਿਵੇਂ ਕਾਲਜ ਵਿਚ ਪੜ੍ਹਨ ਨਹੀਂ ਸਗੋਂ ਕੋਈ ਹਿਸਾਬ ਹੀ ਕਰਨ ਆਏ ਹੋਣ। ਹੁਣ ਪੰਜਾਬੀ ਗੱਭਰੂਆਂ ਦੇ ਡੋਲੇ ਨਹੀਂ ਫਰਕਦੇ, ਸਗੋਂ ਨਸ਼ੇ ਕਾਰਨ ਖੋਖਲੇ ਹੋਏ ਸਰੀਰਾਂ ਵਿਚ ਤਾਂ ਹੁਣ ਹੱਡੀਆਂ ਹੀ ਖੜਕਦੀਆਂ ਹਨ।*

### ਦਰਿਆਵਾਂ ਦਾ ਪਾਣੀ

ਪੰਜਾਬ ਦੇ ਪਾਣੀਆਂ ਦੀ ਗਲ ਕੀਤੀ ਜਾਵੇ ਤਾਂ ਕਿਸੇ ਸਮੇਂ ਅੰਮ੍ਰਿਤ ਕਿਹਾ ਜਾਂਦਾ ਸੀ। ਪੰਜਾਬ ਦੇ ਦਰਿਆਵਾਂ ਦਾ ਪਾਣੀ ਹੁਣ ਬਹੁਤ ਜ਼ਹਿਰੀਲਾ ਹੋ ਚੁਕਿਐ, ਇਸ ਪ੍ਰਦੂਸ਼ਿਤ ਪਾਣੀ ਨੂੰ ਹੁਣ ਜਾਨਵਰ ਵੀ ਮੂੰਹ ਨਹੀਂ ਲਾਉਂਦੇ। ਧਰਤੀ ਹੇਠਲਾਂ ਪਾਣੀ ਵੀ ਜ਼ਹਿਰੀਲਾ ਹੁੰਦਾ ਜਾ ਰਿਹੈ। ਕੁਦਰਤੀ ਜਲ ਸੋਮੇ ਸੁਕਦੇ ਜਾ ਰਹੇ ਨੇ। ਮੀਂਹ ਦਾ ਪਾਣੀ ਵੀ ਹੁਣ ਪਹਿਲਾਂ ਵਾਂਗ ਸ਼ੁੱਧ ਤੇ ਸਾਫ਼ ਨਹੀਂ ਰਿਹਾ। ਪੰਜਾਬ ਦੇ ਖੇਤਾਂ ਵਿੱਚ ਉਗਦੀਆਂ ਫ਼ਸਲਾਂ 'ਤੇ ਹੁਣ ਬਹਾਰ ਨਹੀਂ ਸਗੋਂ ਮੌਤ ਨੱਚਦੀ ਹੈ। ਫ਼ਸਲਾਂ ਅਤੇ ਸਬਜ਼ੀਆਂ ਦਾ ਵਧ ਝਾੜ ਲੈਣ ਦੇ ਚੱਕਰ ਵਿਚ ਕਿਸਾਨਾਂ ਵੱਲੋਂ ਫ਼ਸਲਾਂ ਅਤੇ ਸ਼ਬਜ਼ੀਆਂ ਉੱਪਰ ਇੰਨੀਆਂ ਜ਼ਿਆਦਾ ਕੀਟਨਾਸ਼ਕ ਦਵਾਈਆਂ ਛਿੜਕ ਦਿੱਤੀਆਂ ਜਾਂਦੀਆਂ ਹਨ ਕਿ ਇਹ ਖਾਧ ਪਦਾਰਥ ਹੁਣ ਸਿਹਤ ਬਣਾਉਣ ਦੀ ਥਾਂ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਭਿਅੰਕਰ ਬਿਮਾਰੀਆਂ ਲਗਾਉਣ ਲੱਗ ਪਏ ਹਨ। ਹੁਣ ਤਾਂ ਲੋਕਾਂ ਨੂੰ ਕਣਕ ਤੋਂ ਵੀ ਐਲਰਜੀ ਹੋਣ ਲੱਗ ਪਈ ਹੈ। ਕੀੜੇਮਾਰ ਦਵਾਈਆਂ ਅਤੇ ਰਸਇਣਿਕ ਖਾਂਦਾ ਕਾਰਨ ਜ਼ਹਿਰਿਲੀਆਂ ਹੋਈਆਂ ਸਬਜ਼ੀਆਂ ਅਤੇ ਕਣਕ ਆਦਿ ਖਾ ਕੇ ਪੰਜਾਬੀ ਕਿਸ਼ਤਾਂ ਵਿਚ ਖ਼ੁਦਕੁਸ਼ੀਆਂ ਕਰ ਰਹੇ ਹਨ।

### ਮਸ਼ੀਨੀਕਰਨ

ਹਾਰੇ ਵਿਚ ਬਣੀ ਦਾਲ ਅਤੇ ਮਧਾਣੀ ਨਾਲ ਰਿੜਕੀ ਲੱਸੀ ਹੁਣ ਕਿਤੇ ਨਹੀਂ ਲੱਭਦੇ, ਹਰ ਕੰਮ ਹੀ ਹੁਣ ਮਸ਼ੀਨਾਂ ਨਾਲ ਹੋਣ ਲੱਗ ਪਿਐ। ਮਸ਼ੀਨੀਕਰਨ ਦੇ ਇਸ ਯੁੱਗ ਵਿਚ ਮਨੁੱਖ ਦੀ ਹੋਂਦ ਹੀ ਸੁੰਗੜਦੀ ਜਾ ਰਹੀ ਜਾਪਦੀ ਹੈ। ਇਨ੍ਹਾਂ ਦੀ ਥਾਂ ਹੁਣ ਪੀਜ਼ੇ, ਬਰਗਰ ਨੇ ਲੈ ਲਈ ਹੈ। ਹਾਰੇ ਦੀ ਦਾਲ, ਕਾੜ੍ਹਨੀ ਦੇ ਦੁੱਧ ਬਾਰੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪਤਾ ਹੀ ਨਹੀਂ ਕਿ ਇਹ ਕੀ ਸ਼ੈਅ ਹੁੰਦੇ ਨੇ। ਪੰਜਾਬ ਵਿਚ ਹੁਣ ਹੰਸੂ-ਹੰਸੂ ਕਰਦੇ ਚਿਹਰੇ ਪਤਾ ਨਹੀਂ ਕਿੱਥੇ ਲੋਪ ਹੋ ਗਏ ਨੇ, ਹਰ ਪਾਸੇ ਹੀ ਰੋਂਦੂ ਚਿਹਰਿਆਂ ਵਾਲੇ ਲੋਕ ਨਜ਼ਰ ਆ ਰਹੇ ਹਨ। ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਪੜ੍ਹਾਈ, ਰੁਜ਼ਗਾਰ ਤੇ ਵਿਆਹ ਦੇ ਬਹਾਨੇ ਪੰਜਾਬ ਨੂੰ ਬੇਦਾਵਾ ਦੇ ਕੇ ਜਹਾਜ਼ੇ ਚੜ੍ਹ ਕੇ ਸੱਤ ਸਮੁੰਦਰ ਪਾਰ ਜਾ ਰਹੇ ਹਨ, ਪਿੱਛੇ ਰਹਿ ਗਏ ਬੁੱਢੜੇ ਮਾਪੇ ਜ਼ਿੰਦਗੀ ਦਾ ਭਾਰ ਢੋਅ ਰਹੇ ਹਨ। ਪਹਿਲਾਂ ਕੈਨੇਡਾ ਤੇ ਅਮਰੀਕਾ ਵਿਚ ਵਸੇ ਪੰਜਾਬੀ, ਪੰਜਾਬ ਵਿੱਚੋਂ ਸਾਰਾ ਹੁਸਨ ਹੂੰਝ ਕੇ ਲੈ ਗਏ, ਹੁਣ ਪੰਜਾਬੀ ਕੁੜੀਆਂ ਵਹੀਰਾਂ ਘੱਤ ਕੇ ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਮੁਲਕਾਂ ਨੂੰ ਜਾ ਰਹੀਆਂ ਨੇ। ਬਾਹਰੋਂ ਸਜੇ ਫਬੇ ਪੰਜਾਬੀ ਹੀਰੇ ਮੋਤੀ ਜਾਪਦੇ ਹਨ ਪਰ ਅੰਦਰੋਂ ਉਹ ਕਲੱਰਾਂ ਦੇ ਰੋੜ ਹੀ ਨੇ। •

9463819174

ਅਰਵਿੰਦ ਕੁਮਾਰ

# ਰਾਣੀ ਹਾਰ

ਰਾਣੀ ਹਾਰ ਮੁਟਿਆਰਾਂ ਦੇ ਗਲੇ ਦਾ ਗਹਿਣਾ ਹੈ ਅਤੇ ਰਾਣੀ ਹਾਰ ਨੂੰ ਖਾਨਦਾਨੀ ਗਹਿਣਾ ਹੋਣ ਦਾ ਮਾਣ ਪ੍ਰਾਪਤ ਹੈ, ਇਹ ਕਾਫੀ ਮਹਿੰਗਾ ਹੁੰਦਾ ਹੈ। ਅਸਲ ਵਿਚ ਰਾਣੀ ਹਾਰ ਸ਼ੁੱਧ ਸੋਨੇ ਦਾ ਬਣਿਆ ਹੁੰਦਾ ਹੈ।

ਆਮ ਰਾਣੀ ਹਾਰ 6 ਤੋਲੇ ਸੋਨੇ ਦਾ ਹੁੰਦਾ ਹੈ ਪਰ ਕਈ ਵਾਰ ਇਸ ਦਾ ਭਾਰ ਘੱਟ ਜਾਂ ਵੱਧ ਵੀ ਹੁੰਦਾ ਹੈ। ਰਾਣੀ ਹਾਰ ਪਾਈ ਹੋਈ ਮੁਟਿਆਰ ਦੀ ਸ਼ਾਨ ਹੀ ਨਿਰਾਲੀ ਹੁੰਦੀ ਹੈ। ਭਰ ਜੋਬਨਵੰਤੀ ਮੁਟਿਆਰ ਜਦੋਂ ਗਲ਼ ਵਿਚ ਰਾਣੀ ਹਾਰ ਪਾ ਕੇ ਨਿਕਲਦੀ ਹੈ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਹੀ ਅੱਡੀਆਂ ਰਹਿ ਜਾਂਦੀਆਂ ਹਨ। ਰਾਣੀ ਹਾਰ ਦੀ ਸੁੰਦਰਤਾ ਵੇਖ ਕੇ ਰਾਹ ਜਾਂਦੇ ਰਾਹੀ ਵੀ ਖਲੋ ਜਾਂਦੇ ਹਨ।

ਅਕਸਰ ਹੀ ਅਮੀਰ ਘਰਾਂ ਵਿਚ ਰਾਣੀ ਹਾਰ ਜੱਦੀ ਪੁਸ਼ਤੀ ਹੀ ਪੀੜੀ ਦਰ ਪੀੜੀ ਤੁਰਿਆ ਆਉਂਦਾ ਹੈ। ਹਰ ਸੱਸ ਆਪਣੀ ਨਵੀਂ ਨਵੇਲੀ ਨੂੰਹ ਨੂੰ ਰਾਣੀ ਹਾਰ ਭੇਟ ਕਰਦੀ ਹੈ ਅਤੇ ਨੂੰਹ ਦੇ ਪਹਿਲੀ ਵਾਰ ਰਾਣੀ ਹਾਰ ਪਾਉਣ ਵੇਲੇ ਕਈ ਤਰਾਂ ਦੇ ਸ਼ਗਨ ਮਨਾਏ ਜਾਂਦੇ ਹਨ। ਹਰ ਮੁਟਿਆਰ ਦੀ ਹਿੱਕ ਉਪਰ ਚਮਕਦਾ ਤੇ ਸੁਨਿਹਰੀ ਕਿਰਨਾਂ ਬਿਖੇਰਦਾ ਰਾਣੀ ਹਾਰ ਮੁਟਿਆਰ ਦੀ ਹੋਰਨਾਂ ਮੁਟਿਆਰਾਂ ਵਿਚ ਵੱਖਰੀ ਹੀ ਟੌਹਰ ਬਣਾ ਦਿੰਦਾ ਹੈ।

ਰਾਣੀ ਹਾਰ ਅਮੀਰ ਮੁਟਿਆਰਾਂ ਤੇ ਔਰਤਾਂ ਦਾ ਮਨਭਾਉਂਦਾ ਗਹਿਣਾ ਹੈ। ਇਹ ਬਹੁਤ ਕੀਮਤੀ ਹੁੰਦਾ ਹੈ ਅਤੇ ਇਸ ਦੀ ਸੰਭਾਲ ਲਈ ਖਾਸ ਉਪਰਾਲੇ ਕੀਤੇ ਜਾਂਦੇ ਹਨ ਅਤੇ ਰਾਣੀ ਹਾਰ ਨੂੰ ਮੁਟਿਆਰਾ ਵਿਸ਼ੇਸ ਮੌਕਿਆਂ ਤੇ ਅਹਿਮ ਸਮਾਗਮਾਂ ਉਪਰ ਹੀ ਪਾਉਂਦੀਆਂ ਹਨ। ਇਸ ਤਰਾਂ ਇਹ ਰਾਣੀ ਹਾਰ ਖਾਨਦਾਨੀ ਅਤੇ ਵਿਰਾਸਤੀ ਗਹਿਣਾ ਬਣ ਗਿਆ।

ਰਾਣੀ ਹਾਰ ਭਾਵੇਂ ਅਮੀਰ ਔਰਤਾਂ ਦਾ ਹੀ ਗਹਿਣਾ ਹੈ ਪਰ ਆਮ ਮੱਧ ਵਰਗੀ ਔਰਤਾਂ ਵੀ ਕੁਝ ਹਲਕਾ ਰਾਣੀ ਹਾਰ ਬਣਾ ਕੇ ਆਪਣੇ ਗਲੇ ਵਿਚ ਪਾ ਕੇ ਆਪਣੀ ਸੁੰਦਰਤਾ ਵਿਚ ਵਾਧਾ ਕਰਦੀਆਂ ਹਨ। ਇਹ ਹਾਰ ਸੁੰਦਰਤਾਂ ਨੂੰ ਤਾਂ ਵਧਾਉਂਦਾ ਸੀ, ਅਮੀਰੀ ਵੀ ਦਿਖਾਉਂਦਾ ਸੀ। •

## ਪੱਤਰ ਹਰੇ ਕਚੂਰ

# ਸੁਘੜਭਾਵੀ ਬਾਲ ਲੇਖਿਕਾ



ਰੂਹੀ ਸਿੰਘ
94176-92015

ਰੂਹੀ ਸਿੰਘ ਮੌਜੂਦਾ ਸਮੇਂ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਵਿਖੇ ਬੀਏ ਆਨਰਜ਼ ਸਕੂਲ (ਅੰਗਰੇਜ਼ੀ) ਦੀ ਵਿਦਿਆਰਥਣ ਹੈ। ਉਨ੍ਹੇ ਸਕੂਲ-ਪੱਧਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਵਿੱਦਿਅਕ ਗਤੀਵਿਧੀਆਂ ਦੇ ਕਵਿਤਾ, ਭਾਸ਼ਣ ਅਤੇ ਮੌਲਿਕ ਲਿਖਤ ਮੁਕਾਬਲਿਆਂ ਵਿਚ 14 ਵਾਰ ਸੋਨੇ, ਚਾਂਦੀ ਤੇ ਕਾਂਸੀ ਦੇ ਮੈਡਲ ਜਿੱਤੇ। ਉਹ ਤੀਜੀ ਜਮਾਤ ਤੋਂ ਹੀ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲੱਗ ਪਈ ਸੀ। ਉਸ ਦੀਆਂ ਇਨ੍ਹਾਂ ਪ੍ਰਾਪਤੀਆਂ ਦੇ ਮੱਦੇਨਜ਼ਰ ਉਸ ਨੂੰ 2015 ਵਿਚ ਸਥਾਪਤ ਪਹਿਲਾ 'ਤਾਰੇ ਭਲਕ ਦੇ ਪੁਰਸਕਾਰ' ਮਿਲਿਆ ਸੀ ਜਿਸ ਵਿਚ ਇਕੀ ਸੌ ਰੁਪਏ ਦੀ ਨਕਦ ਰਾਸ਼ੀ, ਪ੍ਰਸ਼ੰਸਾ-ਪੱਤਰ ਤੇ ਪੁਸਤਕਾਂ ਸ਼ਾਮਲ ਸਨ। ਉਸ ਦੀਆਂ ਬਾਲ-ਕਹਾਣੀਆਂ ਦੀਆਂ ਦੋ ਕਿਤਾਬਾਂ 'ਗੁਲਦਾਊਦੀਆਂ' ਅਤੇ 'ਸੁਨਹਿਰੀ ਸਵੇਰ' ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਸ ਨੂੰ ਵਿਦਵਾਨਾਂ ਤੇ ਬਾਲ-ਪਾਠਕਾਂ ਨੇ ਕਾਫ਼ੀ ਪਸੰਦ ਕੀਤਾ ਹੈ। ਪੇਸ਼ ਹੈ ਉਸ ਦੀ ਇਕ ਕਵਿਤਾ :

• ਪ੍ਰੋ. ਨਵ ਸੰਗੀਤ ਸਿੰਘ
94176-92015

**ਕਵਿਤਾ**

### ਭਲਕ ਦੇ ਤਾਰੇ

ਅਸੀਂ ਸੂਰਜ ਦੇ ਹਾਂ ਵਾਰਿਸ,
ਅਸੀਂ ਚਾਨਣ ਦੇ ਵਣਜਾਰੇ।
ਅਸਾਂ ਰੋਸ਼ਨ ਜਹਾਂ ਕਰਨਾ,
ਅਸੀਂ ਹਾਂ ਭਲਕ ਦੇ ਤਾਰੇ।
ਅਸੀਂ ਜੂਝਾਂਗੇ ਹਰਦਮ ਹਰ ਕਦਮ,
ਚੀਰਾਂਗੇ ਹੁਣ 'ਨ੍ਹੇਰਾ।
ਤੇ ਗਾਉਣੇ ਗੀਤ ਸਾਂਝਾਂ ਦੇ,
ਕਿ ਮਿਟ ਜਾਵੇ ਤੇਰਾ ਮੇਰਾ।
ਅਸੀਂ ਜਿੱਤਣਾ ਹੈ ਜੀਵਨ ਵਿਚ,
ਸਦਾ ਹਰਨਾ ਨਾਲ ਨਹੀਂ ਸਿੱਖਿਆ।
ਵਿਖਾਉਣੀ ਹੋਂਦ ਹੈ ਆਪਣੀ,
ਸਿਰਫ਼ ਜਰਨਾ ਨਹੀਂ ਸਿੱਖਿਆ।
ਅਸੀਂ ਹੁਣ ਹੋਰ ਨਾ ਝੁਕਣਾ,
ਤੇ ਮੁੜ ਤੋਂ ਜਾਗ ਉੱਠਾਂਗੇ।
ਕੋਈ ਤਲਵਾਰ ਨਹੀਂ ਚੁੱਕਣੀ,
ਅਸੀਂ ਹੁਣ ਕਲਮ ਚੁੱਕਾਂਗੇ।
ਅਸੀਂ ਵਧਦੇ ਹੀ ਜਾਵਾਂਗੇ,
ਨਹੀਂ ਰਾਹਾਂ ਦੇ ਵਿਚ ਰੁਕਣਾ।
ਸਲਾਮਤ ਸੋਚ ਰੱਖਾਂਗੇ,
ਨਾ ਸਾਡੇ ਜਜ਼ਬਿਆਂ ਮੁੱਕਣਾ।
ਹੈ ਸਾਡੇ ਮੱਥਿਆਂ ਵਿਚ ਚਿਣਗ,
ਤੇ ਹੱਥਾਂ ਵਿਚ ਚਿਰਾਗ਼।
ਅਸਾਡੀ ਆਸ ਤੇ ਅਰਦਾਸ,
ਆਖ਼ਰ ਕਰਾਂਗੇ ਪੂਰੇ ਖ਼ਾਬ।

# ਸੁਹਾਗ ਦਾ ਪ੍ਰਤੀਕ ਚੂੜੀਆਂ

ਬਚਪਨ ਦੇ ਸਮੇਂ ਕੁੜੀਆਂ ਦੇ ਮਾਪੇ ਬਹੁਤ ਹੀ ਲਾਡਾਂ, ਚਾਵਾਂ ਨਾਲ ਸੋਹਣੀਆਂ-ਸੋਹਣੀਆਂ ਚੂੜੀਆਂ ਬਾਹਾਂ ਵਿਚ ਪਾਉਂਦੇ ਹਨ। ਇਹ ਰੰਗ-ਬਰੰਗੀਆਂ ਚੂੜੀਆਂ ਨੂੰ ਬਾਹਾਂ ਵਿਚ ਦੇਖ-ਦੇਖ ਇਹ ਨੰਨ੍ਹਾ-ਮੁੰਨ੍ਹਾਂ ਚਿਹਰਾ ਆਪ ਮੁਹਾਰੇ ਖਿੜ-ਖਿੜਾ ਉੱਠਦਾ ਹੈ।

ਥੋੜ੍ਹਾ ਵੱਡੀਆਂ ਹੋ ਕੇ ਨੰਨ੍ਹੀਆਂ ਸਹੇਲੀਆ ਨਾਲ ਕੁਝ ਟੁੱਟੀਆਂ ਚੂੜੀਆਂ ਇਕੱਠੀਆਂ ਕਰ ਕੇ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਦੀਆਂ, ਕਦੋਂ ਜਵਾਨ ਹੋ ਜਾਂਦੀਆਂ ਹਨ, ਪਤਾ ਹੀ ਨਹੀਂ ਲੱਗਦਾ। ਭਰ ਜੋਬਨ ਵਿਚ ਫੈਸ਼ਨ ਲਈ ਕੱਪੜਿਆਂ ਦੇ ਰੰਗਾਂ ਨਾਲ ਮਿਲਾ ਕੇ ਚੂੜੀਆਂ ਪਾਉਂਦੀਆਂ ਜਾਂ ਫਿਰ ਇਹ ਵੀ ਕਹਿ ਲਵੋ ਕਿ ਚੂੜੀਆਂ ਦਾ ਔਰਤ ਨਾਲ ਜਨਮ ਤੋਂ ਲੈ ਕੇ ਆਖ਼ਰੀ ਸਾਹ ਤਕ ਦਾ ਰਿਸ਼ਤਾ ਹੈ। ਇਸ ਸੁਹਾਗ ਦੇ ਗਹਿਣੇ ਨੂੰ ਔਰਤਾਂ ਵੱਲੋਂ ਬੜੇ ਚਾਵਾਂ ਨਾਲ ਪਹਿਨਿਆ ਜਾਂਦਾ ਹੈ।

**ਤਿੱਥ-ਤਿਉਹਾਰ ਦੇ ਦਿਨਾਂ ਵਿਚ ਕੁੜੀਆਂ, ਔਰਤਾਂ, ਅਤੇ ਵੱਡੀ ਉਮਰ ਦੀਆਂ ਔਰਤਾਂ ਵੀ ਬੜੇ ਹੀ ਚਾਵਾਂ ਨਾਲ ਰੰਗ-ਬਰੰਗੀਆਂ ਚੂੜੀਆਂ ਪਾਉਂਦੀਆਂ ਹਨ..**

ਕੋਈ ਸਮਾਂ ਹੁੰਦਾ ਸੀ ਸਾਡਾ ਸਮਾਜ ਮਰਦ ਪ੍ਰਧਾਨ ਮੰਨਿਆ ਜਾਂਦਾ ਸੀ। ਇਸ ਕਰਕੇ ਉਨ੍ਹਾਂ ਸਮਿਆਂ ਦੀਆਂ ਕਹਾਵਤਾਂ ਵਿਚ ਵੀ ਔਰਤਾਂ ਨੂੰ ਕਮਜ਼ੋਰ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਜਿਵੇਂ ਜੇਕਰ ਕੋਈ ਵਿਅਕਤੀ ਵਿਰੋਧੀ ਨੂੰ ਲਲਕਾਰੇ ਤਾਂ ਅੱਗੋ ਦੂਜੀ ਧਿਰ ਵਾਲਾ ਵੀ ਉਸ ਨੂੰ ਠੋਕਵਾਂ ਜਵਾਬ ਦਿੰਦੇ ਹੋਏ ਕਹਿੰਦਾ 'ਆ ਜਾ ਫਿਰ ਅਸੀਂ ਕਿਹੜਾ ਚੂੜੀਆਂ ਪਾਈਆਂ ਹੋਈਆਂ ਨੇ।' ਔਰਤਾਂ ਦੇ ਇਸ ਸ਼ਿੰਗਾਰ ਦੇ ਗਹਿਣੇ ਨੂੰ ਲਗਪਗ ਸਾਰੇ ਹੀ ਦੇਸ਼ਾਂ ਵਿਚ ਪਹਿਨਿਆ ਜਾਂਦਾ ਹੈ।

ਚੂੜੀਆਂ ਹਾਥੀ ਦੰਦ, ਸੋਨੇ, ਲਾਖ, ਪਿੱਤਲ, ਪਲਾਸਟਿਕ ਅਤੇ ਕੱਚ ਦੀਆਂ ਵੱਖ-ਵੱਖ ਰੰਗਾਂ ਵਿਚ ਤਕਰੀਬਨ ਹਰੇਕ ਤਿਉਹਾਰ ਅਤੇ ਖ਼ੁਸ਼ੀ ਦੇ ਕਾਰਜ ਮੌਕੇ ਪਹਿਣੀਆ ਜਾਂਦੀਆਂ ਹਨ। ਕਰਵਾਂ ਚੌਥ ਕੇਵਲ ਔਰਤਾਂ ਦਾ ਹੀ ਤਿਉਹਾਰ ਮੰਨਿਆ ਜਾਂਦਾ ਹੈ। ਇਸ ਤਿਹਾਉਰ ਦੇ ਦਿਨ ਨੌਜਵਾਨ ਕੁੜੀਆਂ, ਔਰਤਾਂ, ਅਤੇ ਵੱਡੀ ਉਮਰ ਦੀਆਂ ਔਰਤਾਂ ਬੜੇ ਹੀ ਚਾਵਾਂ ਨਾਲ ਚੂੜੀਆਂ ਪਾਉਂਦੀਆਂ ਹਨ। ਸੱਜ-ਧੱਜ ਕੇ ਤਿਆਰ ਹੋਈ ਮੁਟਿਆਰ ਬੇਧਿਆਨ ਹੋਏ ਆਪਣੇ ਮਾਹੀ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਆਪਣੀਆਂ ਬਾਹਾਂ ਵਿਚ ਪਾਈਆਂ ਚੂੜੀਆਂ ਨੂੰ ਰੁਮਾਂਟਿਕ ਅਜਿਹੇ ਅੰਦਾਜ਼ 'ਚ ਛਣਕਾਉਂਦੀ ਹੈ, ਇਸ ਦ੍ਰਿਸ਼ ਨੂੰ ਦਰਸਾਉਂਦੇ ਬੋਲ ਕਿਸੇ ਗੀਤਕਾਰ ਨੇ ਬਹੁਤ ਵਧੀਆਂ ਢੰਗ ਨਾਲ ਇਸ ਤਰ੍ਹਾਂ ਪੇਸ ਕੀਤੇ ਹਨ :

ਵੰਗਾਂ ਨੂੰ ਛੰਣਕਾਂ
ਮੈਂ ਛੇੜਾਂ ਮਾਹੀਏ ਨੂੰ...

ਗਲੀ ਵਿਚ ਚੂੜੀਆਂ ਵੇਚਦੇ ਬਣਜਾਰੇ ਨੂੰ ਦੇਖ ਕੇ ਭਾਬੀਂ ਦਾ ਲਾਡਲਾ ਦਿਉਰ ਬਾਹੋ-ਦਾਹੀ ਦੌੜਦਾ ਹੋਇਆਂ ਘਰ ਬੈਠੀ ਆਪਣੀ ਭਾਬੋਂ ਰਾਣੀ ਨੂੰ ਚੂੜੀਆਂ ਚੜ੍ਹਾਉਣ ਲਈ ਕਹਿੰਦਾ ਹੈ। ਇਸ ਨੂੰ ਪੰਜਾਬ ਦੇ ਲੋਕ ਗੀਤ ਦੀਆਂ ਇਹ ਸਤਰਾਂ ਵੀ ਦਰਸਾਉਂਦੀਆਂ ਹਨ।

ਆ ਗਿਆ ਵਣਜਾਰਾ ਨੀ
ਚੜ੍ਹਾ ਲੈ ਭਾਂਬੀ ਚੂੜੀਆਂ...

ਸਾਡੇ ਅਮੀਰ ਪੰਜਾਬੀ ਸੱਭਿਅਚਾਰ ਵਿਚ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੇ ਅਨੇਕਾਂ ਗੀਤ ਬੋਲੀਆਂ ਸੁਣਨ ਨੂੰ ਮਿਲਦੇ ਹਨ।

-ਆਏ ਵਣਜਾਰੇ ਕੋਲੋਂ
ਚੂੜੀਆਂ ਮੈਂ ਚੜਾਉਦੀ ਏ
ਪਿਛਲੀ ਚੂੜੀ ਚੁੰਭਦੀ ਏ
ਬੀਬੀ ਨੰਨਦੇ ਨੀ ਤੇਰੀ ਪੁੱਗਦੀਏ...
-ਸਹੁਰੇ ਕੋਲੋ ਸੰਗਾਂ
ਪਤਿਓਰੇ ਕੋਲੋ ਸੰਗਾਂ
ਜੇਠਾ ਵੇਂ ਦੇ ਦੇ ਪੰਜ ਰੁਪਏ
ਮੈਂ ਚੜਾਉਣੀਆਂ ਨੇ ਵੰਗਾਂ...

ਇਹ ਸਭ ਤਾਂ ਖ਼ੁਸ਼ੀਆਂ ਦੇ ਪ੍ਰਤੀਕ ਗੀਤ ਬੋਲੀਆਂ ਆਪਾ ਆਮ ਸੁਣਦੇ ਆ ਰਹੇ ਹਾਂ। ਕਈ ਵਾਰ ਜੇ ਕੋਈ ਅਣਹੋਣੀ ਘਟਨਾ ਵਾਪਰ ਜਾਂਦੀ ਹੈ ਕਿਉਂਕਿ ਮੌਤ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ, ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਕੋਈ ਵੀ ਮੁਟਿਆਰ ਵਿਧਵਾ ਨਾ ਹੋਵੇ, ਅਚਾਨਕ ਜੇਕਰ ਕਦੇ ਅਜਿਹੀ ਅਣ-ਹੋਣੀ ਘਟਨਾ ਵਾਪਰ ਜਾਂਦੀ ਹੈ ਤਾਂ ਵਡੇਰੀ ਉਮਰ ਦੀਆਂ ਔਰਤਾਂ ਪੀੜ੍ਹਤ ਔਰਤ ਦੇ ਸਾਰੇ ਗਹਿਣੇ ਉਤਾਰ ਦਿੰਦੀਆਂ ਹਨ ਅਤੇ ਉਸ ਦੇ ਹੱਥਾਂ ਵਿਚ ਪਾਈਆਂ ਚੂੜੀਆਂ ਨੂੰ ਤੋੜ ਦਿੰਦੀਆਂ ਹਨ। ਇਹ ਦੁਖਦਾਈ ਦ੍ਰਿਸ਼ ਨੂੰ ਦੁਰਸਾਉਂਦੀਆਂ ਕੱਝ ਲਾਇਨਾਂ : ਤੋੜ ਚੂੜੀਆਂ ਪਰਾਂ ਸੁੱਟ ਗਹਿਣੇ, ਤੈਂਥੋ ਤੇਰਾ ਰੱਬ ਰੁੱਸਿਆ। ਉਸ ਪਰਮਾਤਮਾਂ ਅੱਗੇ ਅਰਦਾਸ ਹੈ ਇਹ ਦੁੱਖਾਂ ਦੀ ਘੜੀ ਕਿਸੇ ਵੀ ਮੁਟਿਆਰ 'ਤੇ ਨਾ ਆਵੇ। ਰੰਗ-ਬਰੰਗੀਆਂ ਇਹ ਚੂੜੀਆਂ ਦੁਨੀਆ ਦੀ ਹਰ ਔਰਤ ਦੇ ਹੱਥਾਂ ਦਾ ਸ਼ਿਗਾਰ ਬਣੀਆਂ ਰਹਿਣ ਅਤੇ ਦੁਨੀਆ ਦੀ ਹਰ ਔਰਤ ਦਾ ਸੁਹਾਗ ਬਣਿਆ ਰਹੇ।

• ਸੁਖਵਿੰਦਰ ਸਿੰਘ ਭਾਦਲਾ
98158-69735

**ਤੰਦੂਰ ਨੂੰ ਕਈ ਘਰਾਂ ਦੀਆਂ ਸੁਆਣੀਆਂ ਰਲ਼ ਕੇ ਆਪਣੇ ਹੱਥੀ ਬਣਾਉਦੀਆਂ ਸਨ ਜੋ ਵੱਡੇ ਖੋਲ ਵਾਲਾ ਗੋਲ ਅਕਾਰ ਦਾ ਥੱਲੇਓਂ ਚੌੜਾ ਤੇ ਉੱਪਰੋਂ ਘੱਟ ਚੌੜਾ ਹੁੰਦਾ ਸੀ...**

ਜਸਕਰਨ ਲੰਡੇ



# ਸਾਂਝਾ ਚੁੱਲ੍ਹਾ ਹੁੰਦਾ ਸੀ ਤੰਦੂਰ

ਇਨਸਾਨੀ ਚੇਤਿਆਂ 'ਤੋਂ ਤੰਦੂਰ ਲਗਪਗ ਵਿਸਰ ਚੁੱਕਾ ਹੈ। ਜੋ ਕਦੇ ਹਰੇਕ ਮੁਹੱਲੇ ਦੇ ਪਿਆਰ ਨੂੰ ਆਪਣੇ ਵਿਚ ਸਮੋਈ ਬੈਠਾ ਸੀ। ਇਸ ਨੂੰ ਕਈ ਘਰਾਂ ਦੀਆਂ ਸੁਆਣੀਆਂ ਰਲ਼ ਕੇ ਆਪਣੇ ਹੱਥੀ ਬਣਾਉਦੀਆਂ ਸਨ। ਜੋ ਵੱਡੇ ਖੋਲ ਵਾਲਾ ਗੋਲ ਅਕਾਰ ਦਾ ਥੱਲੇਓਂ ਚੌੜਾ ਤੇ ਉੱਪਰੋਂ ਘੱਟ ਚੌੜਾ ਹੁੰਦਾ ਸੀ। ਜਿਸ ਨੂੰ ਔਰਤਾਂ ਆਪਣੇ ਹੱਥੀ ਤਿਆਰ ਕਰਦੀਆਂ ਸਨ। ਇਸ ਖੋਲ ਵਿਚ ਕੱਖ ਫੂਸ ਤੇ ਛਿੱਟੀਆਂ ਦੀ ਅੱਗ ਮਚਾਈ ਜਾਂਦੀ ਸੀ ਇਸ ਨੂੰ ਤਪਣ ਲਈ ਥੋੜ੍ਹਾ ਟਾਈਮ ਲੱਗਦਾ ਸੀ, ਫਿਰ ਇਸ ਵਿਚ ਪੰਦਰਾਂ ਵੀਹ ਰੋਟੀਆ ਇਕੱਠੀਆ ਹੀ ਲਾ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਹ ਕੁਝ ਸਮੇਂ ਵਿਚ ਹੀ ਇਕ ਦੋ ਘਰਾਂ ਦੀਆਂ ਰੋਟੀਆਂ ਲਹਾਉਣ ਦੇ ਸਮਰੱਥ ਸੀ। ਇਸ ਤਰ੍ਹਾਂ ਇਕ ਵਾਰ ਗਰਮ ਹੋਣ ਬਾਅਦ ਇਹ ਥੋੜ੍ਹੇ ਅਜਿਹੇ ਬਾਲਣ ਨਾਲ ਫਿਰ ਤੋਂ ਗਰਮ ਹੋ ਜਾਂਦਾ ਸੀ। ਇਹ ਕਈ ਘਰਾਂ ਦਾ ਸਾਂਝਾ ਚੁੱਲ੍ਹਾ ਹੁੰਦਾ ਸੀ। ਇਸ ਵਿਚ ਕਈ ਘਰਾਂ ਦੀਆਂ ਔਰਤਾਂ ਥੋੜ੍ਹਾ-ਥੋੜ੍ਹਾ ਬਾਲਣ ਇਕੱਠਾ ਕਰ ਕੇ ਪਾਉਂਦੀਆਂ ਤੇ ਆਪੋ ਆਪਣੀਆਂ ਰੋਟੀਆਂ ਇਸ ਵਿਚ ਲਾ ਕੇ ਘਰੋਂ ਘਰੀ ਲੈ ਜਾਂਦੀਆਂ ਸਨ। ਕਈ ਵਾਰ ਤਾਂ ਇਕ ਔਰਤ ਹੀ ਦੋ ਤਿੰਨ ਘਰਾਂ ਦੀਆਂ ਰੋਟੀਆਂ ਲਾ ਦਿੰਦੀ ਸੀ। ਇਕ ਉਸ ਵਿਚ ਅੱਗ ਮਚਾਉਂਦੀ ਦੂਜੀ ਪੇੜੇ ਕਰਦੀ ਇਸ ਤਰ੍ਹਾਂ ਰਲ ਮਿਲ ਹੱਸ ਖੇਡ ਕੇ ਔਰਤਾਂ ਰੋਟੀ ਪਕਾਉਦੀਆਂ ਸਨ। ਜਿਸ ਘਰ ਵਿਚ ਬਾਲਣ ਨਹੀਂ ਵੀ ਸੀ ਹੁੰਦਾ ਉਹ ਵੀ ਆਪਣੀ ਰੋਟੀ ਤੰਦੂਰ 'ਤੇ ਦੂਜੇ ਦੇ ਬਾਲਣ ਨਾਲ ਹੀ ਲਾਹਕੇ ਲੈ ਜਾਂਦੀ ਸੀ। ਉਸ ਸਮੇਂ ਲੋਕਾਂ ਵਿਚ ਮੋਹ ਮਹੱਬਤ ਬਹੁਤ ਸੀ। ਰੋਟੀ ਤੰਦੂਰ ਵਿਚ ਲਾਉਣੀ ਹੱਥ 'ਤੇ ਕੱਪੜਾ ਲੈ ਕੇ ਤੰਦੂਰ ਵਿੱਚੋਂ ਰੋਟੀ ਕੱਢਣੀ ਬਹੁਤ ਹੀ ਕਲਾਕਾਰੀ ਭਰੀਆ ਕੰਮ ਸੀ। ਹੁਣ ਤਾਂ ਇਕ ਟੱਬਰ ਦੀ ਰੋਟੀ ਵੀ ਇਕੱਠੀ ਨਹੀਂ ਪੱਕਦੀ ਸਾਰੇ ਮੁਹੱਲੇ ਦੀ ਪੱਕਣੀ ਤਾਂ ਬਹੁਤ ਦੂਰ ਦੀ ਗੱਲ ਹੈ। •

94171-03413

**ਕਦੇ ਤੰਦੂਰ ਭਾਈਚਾਰਕ ਸਾਂਝ ਦਾ ਪ੍ਰਤੀਕ ਹੋਇਆ ਕਰਦਾ ਸੀ। ਇਸ 'ਤੇ ਸਾਰੇ ਮੁਹੱਲੇ ਦੀਆਂ ਔਰਤਾਂ ਇਕੱਠੀਆਂ ਹੁੰਦੀਆਂ ਸਨ...**

ਸੁਖਚੈਨ ਸਿੰਘ (ਯੂਏਈ)

# ਸਾਹੇ ਚਿੱਠੀ ਭੇਜਣਾ

ਤਰੱਕੀ ਕਰਨਾ ਚੰਗੀ ਗੱਲ ਹੈ ਪਰ ਇਸ ਦੇ ਨਾਲ-ਨਾਲ ਆਪਣੇ ਸੱਭਿਆਚਾਰ ਤੇ ਵਿਰਾਸਤ ਭਾਵ ਆਪਣੇ ਵੱਡਿਆਂ ਦੇ ਬਣਾਏ ਰੀਤੀ ਰਿਵਾਜਾਂ ਨੂੰ ਯਾਦ ਰੱਖਣਾ ਵੀ ਜ਼ਰੂਰੀ ਹੈ। ਆਉ ਅੱਜ ਯਾਦ ਕਰੀਏ ਵਿਆਹ ਕਾਰਜ ਦੇ ਸਬੰਧੀ। ਪਹਿਲਾਂ ਜਦੋਂ ਕਿਤੇ ਵਿਆਹ ਦਾ ਸੁਨੇਹਾ ਭੇਜਣਾ ਹੁੰਦਾ ਤਾਂ ਇਕ ਕਾਗਜ਼ ਦੇ ਟੁਕੜੇ ਉੱਤੇ ਪੰਜਾਬੀ ਵਿਚ ਸੋਹਣੇ ਪਿਆਰ ਭਰੇ ਅੱਖਰ ਲਿਖ ਕੇ ਉੱਪਰ ਹਲਦੀ ਲਗਾ ਕੇ ਮੁੰਡੇ ਦੇ ਸਹੁਰਿਆ ਵੱਲ ਤੋਰ ਦਿੱਤਾ ਜਾਂਦਾ ਪਰ ਹੁਣ ਕੰਪਿਊਟਰ ਯੁੱਗ ਹੋਣ ਕਰਕੇ ਹਜ਼ਾਰਾਂ ਹੀ ਕਾਰਡ ਪਲਾਂ ਵਿਚ ਛਾਪ ਕੇ ਕੰਮ ਨਿਬੇੜਿਆ ਜਾਂਦਾ ਹੈ। ਸੋ ਪਹਿਲਾਂ ਸਾਹੇ ਚਿੱਠੀ ਆਪਣੇ ਵੱਡ-ਵਡੇਰੇ ਆਪਣੀ ਸਮਝ ਨਾਲ ਬਹੁਤ ਪਿਆਰ ਤੇ ਨਿੱਘ ਵਾਲੇ ਬੋਲ ਦਿਲੋਂ ਲਿਖ ਕੇ ਭੇਜਦੇ ਸਨ। ਇਸ ਨਾਲ ਰਿਸ਼ਤੇ ਮਜ਼ਬੂਤ ਹੁੰਦੇ। ਆਪਸ ਵਿਚ ਮਿਲਣ ਦੀ ਤਾਂਘ ਰਹਿੰਦੀ। ਅੱਜ ਕੱਲ੍ਹ ਮਸ਼ੀਨੀ ਚਿੱਠੀਆਂ, ਕਾਰਡ ਹੋ ਗਏ ਤੇ ਮਸ਼ੀਨੀ ਪਿਆਰ ਮੋਬਾਈਲ ਹੋ ਗਿਆ।

ਪਹਿਲਾਂ ਲੋਕ ਚਿੱਠੀ ਲਿਖਦੇ ਹਨ, 'ਲਿਖਤਮ ਧੰਨਾ ਸਿੰਘ ਅੱਗੇ ਮਿਲੇ ਭਾਈ ਝੰਡਾ ਸਿੰਘ ਜੀ। ਸਾਰੇ ਪਰਿਵਾਰ। ਪਿਆਰ ਭਰੀ ਸਤਿ ਸ੍ਰੀ ਆਕਾਲ ਉਮੀਦ ਕਰਦਾ ਹਾਂ ਕਿ ਆਪ ਦਾ ਸਾਰਾ ਪਰਿਵਾਰ ਰਾਜ਼ੀ ਖ਼ੁਸ਼ੀ ਹੋਵੇਗਾ। ਅੱਗੇ ਸਮਾਚਾਰ ਇਹ ਹੈ ਕੇ ਸਾਡੇ ਸਪੁੱਤਰ ਮੱਘਰ ਸਿੰਘ ਦਾ ਵਿਆਹ ਝੰਡਾ ਸਿੰਘ ਦੀ ਸਪੁੱਤਰੀ ਨਸੀਬ ਕੌਰ ਨਾਲ ਹੋਣਾ ਨੀਯਤ ਹੋਇਆ ਹੈ। ਦਿਨ ਐਤਵਾਰ 24 ਮੱਘਰ (10 ਜਨਵਰੀ) 1980 ਸੋ ਇਸ ਸੁਭਾਗੇ ਤੇ ਖ਼ੁਸ਼ੀਆਂ ਭਰੇ ਮੌਕੇ ਤੇ ਸਾਡੇ ਗ੍ਰਹਿ ਵਿਖੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ। ਆਪ ਜੀ ਦੀ ਉਡੀਕ ਵਿਚ ਧੰਨਾ ਸਿੰਘ ਤੇ ਸਾਰਾ ਪਰਿਵਾਰ।' ਇਹ ਚਿੱਠੀ ਦੋਵੇਂ ਪਰਿਵਾਰਾਂ ਦਾ ਮੇਲ ਕਰਾਉਣ ਵਾਲੇ ਖ਼ਾਸ ਬੰਦੇ ਜਾਣੀ ਵਿਚੋਲੇ ਦੇ ਹੱਥ ਭੇਜੀ ਜਾਂਦੀ। ਇਸ ਚਿੱਠੀ ਦੀ ਉਡੀਕ ਸਾਰੇ ਟੱਬਰ ਨੂੰ ਹੁੰਦੀ। ਜਦ ਇਹ ਚਿੱਠੀ ਮਿਲਦੀ ਤਾਂ ਸਾਰੇ ਭੈਣ ਭਰਾਵਾਂ ਤੇ ਸਕੇ ਸਬੰਧੀਆਂ ਦੇ ਵਿਚ ਬੈਠ ਕੇ ਪੜ੍ਹੀ ਜਾਂਦੀ ਪਰ ਇਹ ਚਿੱਠੀ ਹੁਣ ਇਕ ਮਸ਼ੀਨੀ ਕਾਰਡ ਬਣ ਕੇ ਰਹਿ ਗਈ ਹੈ।

00971527632924




**ਪਹਿਲਾਂ ਵਿਆਹ ਦਾ ਸਨੇਹਾ ਕਾਗਜ਼ ਦੇ ਟੁਕੜੇ ਉੱਤੇ ਪਿਆਰ ਭਰੇ ਅੱਖਰ ਲਿਖ ਕੇ, ਹਲਦੀ ਲਗਾ ਕੇ, ਮੁੰਡੇ ਦੇ ਸਹੁਰਿਆਂ ਵੱਲ ਤੋਰ ਦਿੱਤਾ ਜਾਂਦਾ ...**

ਹਰਪ੍ਰੀਤ

# ਆਪਸੀ ਸਬੰਧਾਂ 'ਚ ਆ ਰਿਹਾ ਫ਼ਰਕ




ਹਰ ਇਨਸਾਨ ਦਾ ਦੂਜੇ ਤੋਂ ਕਿਨਾਰਾ ਕਰਨ ਦਾ ਰਿਵਾਜ ਬਣਦਾ ਜਾ ਰਿਹਾ ਹੈ। ਇਸ ਦਾ ਅਸਰ ਸਾਰੇ ਰਿਸ਼ਤਿਆ 'ਤੇ ਦੇਖਣ ਨੂੰ ਮਿਲਦਾ ਹੈ। ਇਸ ਦਾ ਸਭ ਤੋ ਵੱਡਾ ਅਸਰ ਪਤੀ-ਪਤਨੀ, ਭੈਣ-ਭਰਾਵਾਂ ਦੇ ਰਿਸ਼ਤੇ 'ਚ ਦੇਖਣ ਨੂੰ ਮਿਲਦਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਨਾਤੇ ਇਸ ਨਾਲ ਜੁੜਿਆ ਹੋਇਆ ਹੈ ਪਰ ਸਮਾਜਿਕ ਤਬਦੀਲੀਆਂ ਨਾਲ ਰਿਸ਼ਤਿਆਂ 'ਚ ਵੀ ਬਹੁਤ ਤਬਦੀਲੀ ਆਈ ਹੈ। ਜਿਸ ਕਰਕੇ ਰਿਸ਼ਤੇ ਨਿਘਰਦੇ ਜਾ ਰਹੇ ਹਨ। ਕੁਝ ਰਿਸ਼ਤੇ ਕਿਸੇ ਲੋੜ ਦੀ ਪੂਰਤੀ, ਮਜ਼ਬੂਰੀ ਜਾ ਡਰ ਕਰਕੇ ਜੁੜੇ ਰਹਿੰਦੇ ਹਨ। ਰਿਸ਼ਤਿਆ ਦੇ ਇਸ ਨਕਲੀਪਨ ਕਰਕੇ ਜਮੀਨਾਂ ਜਾਇਦਾਦਾ ਤੇ ਪੈਸੇ ਲਈ ਭਰਾ ਆਪਣੇ ਹੀ ਭਰਾ ਜਾਂ ਭੈਣ ਨੂੰ ਮਾਰਨ ਤੋਂ ਸੰਕੋਚ ਨਹੀਂ ਕਰਦਾ। ਪਤੀ -ਪਤਨੀ ਦੇ ਰਿਸ਼ਤੇ 'ਚ ਲਾਲਚ ਤੇ ਹੰਕਾਰ ਕਾਰਨ ਹੀ ਧੜਾਧੜ ਘਰ ਟੁੱਟ ਰਹੇ ਹਨ। ਪੁਰਾਣੇ ਸਮਿਆਂ ਵੱਲ ਝਾਤ ਮਾਰੀਏ ਤਾਂ ਲੋਕਾਂ ਦਾ ਜੀਵਨ ਪੱਧਰ ਨੀਵਾਂ ਸੀ। ਗ਼ਰੀਬੀ ਇੰਨੀ ਸੀ ਕਿ ਮੁੱਢਲੀਆਂ ਲੋੜਾਂ ਵੀ ਨਹੀਂ ਸਨ ਪੂਰੀਆਂ ਹੰਦੀਆਂ ਪਰ ਰਿਸ਼ਤੇ ਇੰਨੇ ਗੂੜੇ ਹੁੰਦੇ ਸੀ ਕਿ ਹਰ ਦੁੱਖ ਦਾ ਰੰਗ ਫਿੱਕਾ ਕਰ ਦਿੰਦੇ ਸੀ। ਉਦੋਂ ਲੋਕ ਪੜ੍ਹੇ ਲਿਖੇ ਨਹੀਂ ਸਨ ਪਰ ਫਿਰ ਵੀ ਦਿਲਾਂ 'ਚ ਪਿਆਰ ਦਾ ਦਰਿਆ ਵਗਦਾ ਸੀ। ਜਿਉਂ-ਜਿਉਂ ਪੜ੍ਹਾਈ ਲਿਖਾਈ ਦਾ ਪਸਾਰਾ ਵਧਿਆ ਉਵੇਂ ਹੀ ਰਿਸ਼ਤੇ ਇਸ ਕਦਰ ਰੋਲੇ ਗਏ ਕਿ ਬੱਚਿਆਂ ਨੂੰ ਇਸ ਦੀ ਕੀਮਤ ਤੇ ਮੋਹ ਦਾ ਪਤਾ ਹੀ ਨਹੀ ਰਿਹਾ। ਪੜ੍ਹਨਾ -ਲਿਖਣਾ ਬਹੁਤ ਚੰਗੀ ਗੱਲ ਹੈ ਜੋ ਜੀਵਨ ਜਾਂਚ ਸਿਖਾਉਂਦਾ ਹੈ।

ਕਦੇ ਵਕਤ ਸੀ ਜਦੋ ਘਰ ਵਿਚ ਦਸ ਜੀਅ ਹੁੰਦੇ ਸਨ ਪਰ ਕਮਰਾ ਇਕ ਜਾਂ ਦੋ। ਹੁਣ ਘਰ 'ਚ ਜੀਅ ਦੋ ਹਨ ਕਮਰੇ ਪੰਜ। ਸਾਰੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਹਨ ਪਰ ਇਨਸਾਨ ਮਾਨਸਿਕ ਤੌਰ 'ਤੇ ਉਦਾਸ ਹੈ। ਦੌੜ -ਭੱਜ ਦੀ ਜ਼ਿੰਦਗੀ 'ਚ ਇਨਸਾਨ ਸਵੇਰ ਤੋਂ ਸ਼ਾਮ ਤਕ ਮਸ਼ੀਨ ਵਾਂਗ ਵਿਚਰਦਾ ਹੈ। •

# ਸੁਨੀਲ ਜਾਖੜ ਵੱਲੋਂ ਬੇਅਦਬੀਆਂ ਬਾਰੇ ਕਾਨੂੰਨ ਦਾ ਮਸੌਦਾ ਅਤੇ ਸਿਲੈਕਟ ਕਮੇਟੀ ਦੀ ਰਿਪੋਰਟ ਜਨਤਕ ਕਰਨ ਦੀ ਮੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ 14 ਅਪ੍ਰੈਲ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪਵਿੱਤਰ ਧਾਰਮਿਕ ਗ੍ਰੰਥਾਂ ਅਤੇ ਪ੍ਰਾਣ-ਪ੍ਰਤਿਸ਼ਠਿਤ ਮੂਰਤੀਆਂ ਦੀ ਬੇਅਦਬੀ ਰੋਕਣ ਸਬੰਧੀ ਪ੍ਰਸਤਾਵਿਤ ਕਾਨੂੰਨ ਦੇ ਮਸੌਦੇ ਅਤੇ ਸਿਲੈਕਟ ਕਮੇਟੀ ਦੀ ਰਿਪੋਰਟ ਨੂੰ ਜਨਤਕ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਇਹ ਇਕ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ ਅਤੇ ਨਵੇਂ ਕਾਨੂੰਨ ਦੇ ਸਬੰਧ ਵਿਚ ਆਮ ਜਨਤਾ, ਸਾਰੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਸੰਗਠਨਾਂ ਨੂੰ ਵੀ ਭਰੋਸੇ ਵਿਚ ਲਿਆ ਜਾਣਾ ਜ਼ਰੂਰੀ ਹੈ। ਸੁਨੀਲ ਜਾਖੜ ਨੇ ਲਿਖਿਆ ਹੈ ਕਿ ਐਕਟ ਨੰਬਰ 21, ਸਾਲ 2008 – "ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008"ਵਿਚ ਜਦੋਂ ਸੋਧ ਦੀ ਗੱਲ ਕੀਤੀ ਜਾ ਰਹੀ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਸੋਧਾਂ ਦਾ ਮਸੌਦਾ ਪਹਿਲਾਂ ਤੋਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ, ਵਿਧਾਨ ਸਭਾ ਦੇ ਮੈਂਬਰਾਂ ਅਤੇ ਸਬੰਧਤ ਧਾਰਮਿਕ ਸੰਸਥਾਵਾਂ ਨੂੰ ਮੁਹੱਈਆ ਕਰਵਾਇਆ ਜਾਵੇ, ਤਾਂ ਜੋ ਇਸ ਸੰਵੇਦਨਸ਼ੀਲ ਵਿਸ਼ੇ 'ਤੇ ਗੰਭੀਰ, ਤਰਕਪੂਰਨ ਅਤੇ ਸੰਵਿਧਾਨਕ ਚਰਚਾ ਲਈ ਵਿਆਪਕ ਜਨਮਤ ਨੂੰ ਧਿਆਨ ਵਿਚ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਸਮਾਜਿਕ ਸੰਵੇਦਨਸ਼ੀਲਤਾ ਅਤੇ ਧਾਰਮਿਕ ਆਸਥਾ ਨਾਲ ਵੀ ਜੁੜਿਆ ਹੋਇਆ ਹੈ। ਭਾਜਪਾ ਪ੍ਰਦੇਸ਼ ਪ੍ਰਧਾਨ ਨੇ ਕਿਹਾ ਕਿ 14 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਵਿਚ



"ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਸਬੰਧੀ ਬਿੱਲ, 2025"ਪੇਸ਼ ਕੀਤਾ ਗਿਆ ਸੀ। ਇਸ ਬਿੱਲ ਨੂੰ ਵਿਸਥਾਰਪੂਰਵਕ ਵਿਚਾਰ ਲਈ ਸਪੀਕਰ ਵੱਲੋਂ ਸਾਬਕਾ ਮੰਤਰੀ ਅਤੇ ਵਿਧਾਇਕ ਇੰਦਰਜੀਤ ਸਿੰਘ ਨਿੱਜ਼ਰ ਦੀ ਪ੍ਰਧਾਨਗੀ ਹੇਠ ਗਠਿਤ 15 ਮੈਂਬਰੀ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ ਸੀ। ਇਸ ਲਈ ਜ਼ਰੂਰੀ ਹੈ ਕਿ ਉਕਤ ਕਮੇਟੀ ਦੀ ਰਿਪੋਰਟ ਨੂੰ ਵੀ ਜਨਤਕ ਕੀਤਾ ਜਾਵੇ ਅਤੇ ਇਸ ਦੀਆਂ ਕਾਪੀਆਂ ਸਿਆਸੀ ਪਾਰਟੀਆਂ, ਵਿਧਾਇਕਾਂ ਅਤੇ ਧਾਰਮਿਕ ਸੰਗਠਨਾਂ ਨੂੰ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਵਿਚ ਨਵਾਂ ਬਿੱਲ ਲਿਆਉਣ ਜਾਂ ਮੌਜੂਦਾ ਐਕਟ ਵਿਚ ਸੋਧ ਕਰਨ ਦੀ ਗੱਲ ਸਾਹਮਣੇ ਆ ਰਹੀ ਹੈ, ਤਾਂ ਇਸ ਵਿਸ਼ੇ ਦੀ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਬਹੁਤ ਜ਼ਰੂਰੀ ਹੈ ਕਿ ਕਾਨੂੰਨ ਨਿਰਮਾਣ ਦੀ ਪ੍ਰਕਿਰਿਆ ਵਿਚ ਪਾਰਦਰਸ਼ਤਾ ਯਕੀਨੀ ਬਣਾਈ ਜਾਵੇ ਅਤੇ ਆਮ ਜਨਤਾ, ਧਾਰਮਿਕ ਸੰਸਥਾਵਾਂ ਅਤੇ ਸਾਰੀਆਂ ਸਿਆਸੀ ਪਾਰਟੀਆਂ ਦੀ ਰਾਏ ਨੂੰ ਸ਼ਾਮਲ ਕੀਤਾ ਜਾਵੇ। ਨਾਲ ਹੀ, ਵਿਧਾਇਕਾਂ ਨੂੰ ਪੂਰੀ ਜਾਣਕਾਰੀ ਦੇ ਆਧਾਰ 'ਤੇ ਆਪਣੀ ਸੰਵਿਧਾਨਕ ਭੂਮਿਕਾ ਨਿਭਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਸੁਨੀਲ ਜਾਖੜ ਨੇ ਕਿਹਾ ਕਿ ਇਕ ਜ਼ਿੰਮੇਵਾਰ ਲੋਕਤੰਤਰੀ ਵਿਵਸਥਾ ਵਿਚ ਇਹ ਸਾਡਾ ਸੰਵਿਧਾਨਕ ਅਤੇ ਨੈਤਿਕ ਫ਼ਰਜ਼ ਹੈ ਕਿ ਕਿਸੇ ਵੀ ਅਜਿਹੇ ਸੰਵੇਦਨਸ਼ੀਲ ਬਿੱਲ 'ਤੇ ਵਿਚਾਰ ਕਰਨ ਤੋਂ ਪਹਿਲਾਂ ਉਸ ਦਾ ਵਿਸਥਾਰਪੂਰਵਕ ਅਧਿਐਨ ਕੀਤਾ ਜਾਵੇ। ਇਸ ਲਈ 14 ਅਪ੍ਰੈਲ ਨੂੰ ਵਿਧਾਨ ਸਭਾ ਵਿਚ ਲਿਆਂਦੇ ਜਾਣ ਵਾਲੇ ਬਿੱਲ ਜਾਂ ਪ੍ਰਸਤਾਵਿਤ ਸੋਧਾਂ ਦਾ ਪੂਰਾ ਮਸੌਦਾ ਪਹਿਲਾਂ ਹੀ ਮੁਹੱਈਆ ਕਰਵਾਇਆ ਜਾਣਾ ਬਹੁਤ ਜ਼ਰੂਰੀ ਹੈ।

## ਬੀਬੀ ਜਗੀਰ ਕੌਰ ਨੂੰ ਮਿਲੀ ਵੱਡੀ ਜ਼ਿੰਮੇਵਾਰੀ

ਚੰਡੀਗੜ੍ਹ 14 ਅਪ੍ਰੈਲ। 2 ਦਸੰਬਰ 2024 ਦੇ ਹੁਕਮਨਾਮਿਆਂ ਦੀ ਰੌਸ਼ਨੀ ਵਿੱਚ ਪੁਨਰ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਦੇਣ ਲਈ ਪਾਰਟੀ ਵੱਲੋਂ ਅਹਿਮ ਫੈਸਲਾ ਲਿਆ ਗਿਆ ਹੈ। ਪਾਰਟੀ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਬੀਬੀ ਜਗੀਰ ਕੌਰ ਨੂੰ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਵਡਾਲਾ ਨੇ ਕਿਹਾ ਕਿ ਇਸ ਮੋੜ 'ਤੇ ਔਰਤਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਲਈ ਇਹ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਵਿਸਥਾਰ ਅਤੇ ਮਜ਼ਬੂਤੀ ਲਈ ਇਸਤਰੀ ਵਿੰਗ ਦੀ ਭੂਮਿਕਾ ਬਹੁਤ ਅਹਿਮ ਰਹੇਗੀ। ਬੀਬੀ ਜਗੀਰ ਕੌਰ ਇੱਕ ਸੀਨੀਅਰ ਅਤੇ ਤਜਰਬੇਕਾਰ ਆਗੂ ਹਨ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੀਆਂ ਹਨ। ਆਪਣੇ ਪ੍ਰਧਾਨਗੀ ਦੌਰਾਨ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਤੀਜੀ ਸ਼ਤਾਬਦੀ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਵਿੱਚ ਅਹਿਮ ਯੋਗਦਾਨ ਦਿੱਤਾ ਸੀ। ਇਸਤਰੀ ਅਕਾਲੀ ਦਲ ਨੂੰ ਸੰਭਾਲਣ ਦਾ ਉਨ੍ਹਾਂ ਕੋਲ ਲੰਬਾ ਤੁਜਰਬਾ ਹੈ

# ਗੁਰੂਗ੍ਰਾਮ 'ਚ ਲਗਜ਼ਰੀ ਰੀਅਲ ਅਸਟੇਟ ਦੀ ਬਦਲੀ ਤਸਵੀਰ: ਸਪੇਸ, ਕਨੈਕਟੀਵਿਟੀ ਤੇ ਭਰੋਸਾ ਅਸਲ ਪਛਾਣ: ਗਰਗ

ਹਰਿਆਣਾ 14 ਅਪ੍ਰੈਲ। ਗੁਰੂਗ੍ਰਾਮ ਦਾ ਲਗਜ਼ਰੀ ਰੀਅਲ ਅਸਟੇਟ ਬਾਜ਼ਾਰ ਹੁਣ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਜਿਥੇ ਪਹਿਲਾਂ ਉੱਚੀਆਂ ਇਮਾਰਤਾਂ ਅਤੇ ਪ੍ਰੀਮੀਅਮ ਸਹੂਲਤਾਂ ਨੂੰ ਕਦੇ ਲਗਜ਼ਰੀ ਦੀਆਂ ਨਿਸ਼ਾਨੀਆਂ ਮੰਨਿਆ ਜਾਂਦਾ ਸੀ, ਉਹੀ ਹੁਣ



ਖਰੀਦਦਾਰ ਆਪਣੀ ਮਾਨਸਿਕਤਾ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦਾ ਅਨੁਭਵ ਕਰ ਰਹੇ ਹਨ। ਗੰਗਾ ਰਿਐਲਟੀ ਦੇ ਸੰਯੁਕਤ ਪ੍ਰਬੰਧ ਨਿਰਦੇਸ਼ਕ ਵਿਕਾਸ ਗਰਗ ਦੇ ਅਨੁਸਾਰ ਅੱਜ ਦੀ ਲਗਜ਼ਰੀ ਜੀਵਨ ਸ਼ੈਲੀ ਦਿਖਾਵੇ ਤੋਂ ਅੱਗੇ ਵੱਧ ਕੇ ਸਪੇਸ, ਚੰਗੇ ਅਨੁਭਵ ਤੇ ਭਰੋਸੇ 'ਤੇ ਅਧਾਰਿਤ ਹੋ ਚੁੱਕੀ ਹੈ। ਗੁਰੂਗ੍ਰਾਮ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਬੁਨਿਆਦੀ ਢਾਂਚੇ—ਚੌੜੀਆਂ ਸੜਕਾਂ, ਐਕਸਪ੍ਰੈਸਵੇਅ ਅਤੇ ਬਿਹਤਰ ਸੰਪਰਕ—ਇਸ ਤਬਦੀਲੀ ਨੂੰ ਹੋਰ ਤੇਜ਼ ਕਰ ਰਹੇ ਹਨ। ਅੱਜ ਦੇ ਖਰੀਦਦਾਰ ਅਜਿਹੇ ਘਰ ਚਾਹੁੰਦੇ ਹਨ, ਜੋ ਉਨ੍ਹਾਂ ਨੂੰ ਸ਼ਹਿਰ ਦੇ ਮੁੱਖ ਵਪਾਰਕ ਖੇਤਰਾਂ ਨਾਲ ਜੁੜੇ ਰਹਿਣ ਦੀ ਇਜਾਜ਼ਤ ਦੇਣ ਪਰ ਨਾਲ ਹੀ ਆਪਣੇ ਘਰ ਵਿੱਚ ਸ਼ਾਂਤੀ, ਵਿਸ਼ਾਲਤਾ ਅਤੇ ਨਿੱਜਤਾ ਵੀ ਮਹਿਸੂਸ ਕਰਨ। ਇਸ ਦ੍ਰਿਸ਼ਟੀਕੋਣ ਨਾਲ ਗੰਗਾ ਰਿਐਲਟੀ ਆਪਣੇ ਪ੍ਰੋਜੈਕਟਾਂ ਨੂੰ ਆਕਾਰ ਦੇ ਰਹੀ ਹੈ। ਗੰਗਾ ਅਨੰਤਮ ਅਤੇ ਗੰਗਾ ਨੰਦਾਕਾ ਵਰਗੇ ਪ੍ਰਾਜੈਕਟਾਂ ਵਿਚ ਵਿਸ਼ਾਲ ਥਾਵਾਂ, ਕੁਦਰਤੀ ਰੌਸ਼ਨੀ ਅਤੇ ਸੰਤੁਲਿਤ ਡਿਜ਼ਾਈਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਸਿਰਫ਼ ਘਰ ਪ੍ਰਦਾਨ ਕਰਨਾ ਨਹੀਂ ਹੈ, ਸਗੋਂ ਇੱਕ ਸੰਤੁਲਿਤ ਅਤੇ ਸ਼ਾਂਤਮਈ ਜੀਵਨ ਸ਼ੈਲੀ ਪ੍ਰਦਾਨ ਕਰਨਾ ਵੀ ਹੈ। ਇਸ ਦੇ ਨਾਲ ਹੀ ਗੰਗਾ ਘਾਟੀ ਵਰਗੇ ਯੋਜਨਾਬੱਧ ਵਿਕਾਸ ਉਨ੍ਹਾਂ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਰਹੇ ਹਨ ਜੋ ਆਪਣਾ ਘਰ ਬਣਾਉਣ ਦੀ ਆਜ਼ਾਦੀ ਚਾਹੁੰਦੇ ਹਨ, ਨਾਲ ਹੀ ਇੱਕ ਸੁਰੱਖਿਅਤ ਅਤੇ ਯੋਜਨਾਬੱਧ ਭਾਈਚਾਰੇ ਦਾ ਹਿੱਸਾ ਬਣਨਾ ਵੀ ਚਾਹੁੰਦੇ ਹਨ। ਵਿਕਾਸ ਗਰਗ ਦਾ ਮੰਨਣਾ ਹੈ ਕਿ ਅੱਜ ਲਗਜ਼ਰੀ ਦਾ ਅਸਲ ਅਰਥ ਆਕਾਰ ਜਾਂ ਦਿਖਾਵੇ ਵਿੱਚ ਨਹੀਂ, ਸਗੋਂ ਜੀਵਨ ਦੀ ਗੁਣਵੱਤਾ ਵਿੱਚ ਹੈ। ਸਾਫ਼-ਸੁਥਰਾ ਡਿਜ਼ਾਈਨ, ਖੁੱਲ੍ਹਾ ਵਾਤਾਵਰਣ ਅਤੇ ਭਰੋਸੇਮੰਦ ਡਿਵੈਲਪਰ—ਇਹੀ ਅੱਜ ਦੀ ਅਸਲ ਲਗਜ਼ਰੀ ਹੈ। ਗੁਰੂਗ੍ਰਾਮ ਦਾ ਰੀਅਲ ਅਸਟੇਟ ਸੈਕਟਰ ਹੁਣ ਇਸ ਨਵੀਂ ਸੋਚ ਨਾਲ ਅੱਗੇ ਵਧ ਰਿਹਾ ਹੈ, ਜਿੱਥੇ ਉਚਾਈ ਨਾਲੋਂ ਬਿਹਤਰ ਅਤੇ ਸੰਤੁਲਿਤ ਜੀਵਨ ਨੂੰ ਜ਼ਿਆਦਾ ਮਹੱਤਵ ਦਿੱਤਾ ਜਾ ਰਿਹਾ ਹੈ।

# ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ ਮਾਨ ਸਰਕਾਰ : ਅਸ਼ਵਨੀ

ਚੰਡੀਗੜ੍ਹ 14 ਅਪ੍ਰੈਲ। ਪੰਜਾਬ ਵਿੱਚ ਬੇਮੌਸਮੀ ਬਰਸਾਤ, ਗੜ੍ਹੇਮਾਰੀ ਅਤੇ ਝੱਖੜ ਕਾਰਨ ਹੋਏ ਨੁਕਸਾਨ ਦਾ ਭਗਵੰਤ ਮਾਨ ਸਰਕਾਰ 50,000 -50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਤੁਰੰਤ ਕਿਸਾਨਾਂ ਨੂੰ ਅਦਾ



ਕਰੇ। ਇਹ ਸ਼ਬਦ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਹਨ। ਚੰਡੀਗੜ੍ਹ ਪਾਰਟੀ ਦਫ਼ਤਰ ਤੋਂ ਜਾਰੀ ਬਿਆਨ 'ਚ ਅਸ਼ਵਨੀ ਨੇ ਕਿਹਾ, "ਪੰਜਾਬ ਸਰਕਾਰ ਦੇ ਆਪਣੇ ਅੰਕੜੇ ਮੁਤਾਬਕ ਸੂਬੇ ਵਿੱਚ 1.30 ਲੱਖ ਏਕੜ ਫ਼ਸਲ ਦਾ ਖ਼ਰਾਬਾ ਹੋਇਆ ਹੈ। ਜੇਕਰ ਸਹੀ ਤਰੀਕੇ ਨਾਲ ਗਦਾਵਰੀ ਕੀਤੀ ਜਾਵੇ ਤਾਂ ਇਹ ਰਕਬਾ ਹੋ ਵੱਧ ਜਾਵੇਗਾ।" ਸ਼ਰਮਾ ਨੇ ਕਿਹਾ ਕਿ 2025 ਦੌਰਾਨ ਆਏ ਹੜ੍ਹਾਂ ਨੇ ਜਿਵੇਂ ਝੋਨੇ ਦੀ ਫਸਲ ਦੀ ਤਬਾਹੀ ਕੀਤੀ, ਉਸ ਤੋਂ ਕਿਸਾਨ ਅਜੇ ਉੱਭਰੇ ਨਹੀਂ ਸਨ, ਕਿ ਨਵਾਂ ਸੰਕਟ ਆਉਣ ਖੜਾ ਹੋਇਆ ਹੈ, ਨਾ ਸਾਉਣੀ ਪੱਲੇ ਪਈ, ਨਾ ਹਾੜੀ। ਇਹ ਕਿਸਾਨੀ ਲਈ ਬਹੁਤ ਹੀ ਮੁਸ਼ਕਲ ਦੀ ਘੜੀ ਹੈ, ਕਿਸਾਨ ਆਗੂ ਵੀ ਲਗਾਤਾਰ ਮੁਆਵਜ਼ੇ ਦੀ ਮੰਗ ਕਰ ਰਹੇ ਹਨ, ਜਿਸ ਉੱਤੇ ਤੁਰੰਤ ਗੌਰ ਕਰਨ ਲਈ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਕਰਜ਼ ਦੇ ਬੋਝ ਹੇਠ ਦੱਬੇ ਹੋਏ ਹਨ, ਲਗਾਤਾਰ ਫ਼ਸਲਾਂ ਦੇ ਮਰਨ ਦਾ ਸਿਲਸਿਲਾ, ਉਨ੍ਹਾਂ ਦੀ ਮੰਦਹਾਲੀ ਨੂੰ ਹੋਰ ਬਦਤਰ ਬਣਾ ਰਿਹਾ ਹੈ, ਇਸ ਲਈ ਕਿਸਾਨਾਂ ਦੀ ਬਾਂਹ ਇਸ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬਹੁਤ ਹੀ ਸੌਖਾ ਕੰਮ ਫੜਿਆ ਹੋਇਆ ਹੈ, ਕਿ ਜਦੋਂ ਕਿਸਾਨਾਂ ਉੱਤੇ ਕੋਈ ਆਫ਼ਤ ਆਉਂਦੀ ਹੈ, ਤਾਂ ਆਪਣਾ ਪੱਲ੍ਹਾ ਝਾੜਨ ਲਈ ਕੇਂਦਰ ਨੂੰ ਚਿੱਠੀਆਂ ਲਿਖਣ ਲੱਗਦੇ ਹਨ। ਪਰ ਜਿਹੜਾ ਫੰਡ ਕੇਂਦਰ ਤੋਂ ਆਉਂਦਾ ਹੈ, ਉਸ ਦੀ ਦੁਰਵਰਤੋਂ ਇਸ਼ਤਿਹਾਰਬਾਜ਼ੀ, ਹੋਰਡਿੰਗ ਅਤੇ ਸੈਲਫ ਪ੍ਰਮੋਸ਼ਨ ਲਈ ਕਰਦੇ ਹਨ।

# ਪਤੀ ਦੀ ਦਰਿੰਦਗੀ ! ਸ਼ਰਾਬ ਲਈ ਪੈਸੇ ਨਾ ਦੇਣ 'ਤੇ ਲੋਹੇ ਦੀ ਰਾਡ ਨਾਲ ਤੋੜੀ ਪਤਨੀ ਦੀ ਲੱਤ

ਮੋਗਾ 14 ਅਪ੍ਰੈਲ। ਸਥਾਨਕ ਕੱਚਾ ਦੋਸਾਂਝ ਰੋਡ 'ਤੇ ਘਰੇਲੂ ਹਿੰਸਾ ਦਾ ਇਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਪਤੀ ਨੇ ਸ਼ਰਾਬ ਪੀਣ ਲਈ ਪੈਸੇ ਨਾ ਮਿਲਣ 'ਤੇ ਆਪਣੀ ਪਤਨੀ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਔਰਤ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਜ਼ਖ਼ਮੀ ਔਰਤ ਦੀ ਪਛਾਣ ਮਿੰਨੀ ਚਾਹਲ ਵਜੋਂ ਹੋਈ ਹੈ, ਜੋ ਦੋ ਧੀਆਂ ਦੀ ਮਾਂ ਹੈ। ਉਸ ਨੂੰ 108 ਐਂਬੂਲੈਂਸ ਦੀ ਮਦਦ ਨਾਲ ਮੋਗਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹਸਪਤਾਲ ਪ੍ਰਸ਼ਾਸਨ ਨੇ ਮੁੱਢਲਾ ਇਲਾਜ ਦੇਣ ਤੋਂ ਬਾਅਦ ਪੁਲਸ ਨੂੰ ਮਾਮਲੇ ਦੀ ਸੂਚਨਾ ਦੇ ਦਿੱਤੀ ਹੈ। ਮਿੰਨੀ ਚਾਹਲ ਨੇ ਦੱਸਿਆ ਕਿ ਉਸਦਾ ਪਤੀ ਅਕਸਰ ਸ਼ਰਾਬ ਪੀਂਦਾ ਹੈ ਅਤੇ ਉਸ ਤੋਂ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਹੈ। ਇਸ ਕਾਰਨ ਘਰ ਵਿੱਚ ਲੰਮੇ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਬੀਤੀ ਸ਼ਾਮ ਜਦੋਂ ਉਹ ਦੁੱਧ ਲੈ ਕੇ ਘਰ ਪਹੁੰਚੀ ਤਾਂ ਉਸਦੇ ਪਤੀ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਸ਼ਰਾਬ ਲਈ ਪੈਸੇ ਮੰਗੇ। ਜਦੋਂ ਉਸ ਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਪਤੀ ਨੇ ਲੋਹੇ ਦੀ ਰਾਡ ਨਾਲ ਉਸ 'ਤੇ ਕਈ ਵਾਰ ਕੀਤੇ। ਇਸ ਹਮਲੇ ਦੌਰਾਨ ਔਰਤ ਦੀ ਇਕ ਲੱਤ ਦੋ ਥਾਵਾਂ ਤੋਂ ਟੁੱਟ ਗਈ, ਜਦਕਿ ਦੂਜੀ ਲੱਤ ਅਤੇ ਬਾਂਹ 'ਤੇ ਸੱਟਾਂ ਲੱਗੀਆਂ। ਕਿਸੇ ਤਰ੍ਹਾਂ ਆਪਣੇ ਆਪ ਨੂੰ ਬਚਾਉਂਦਿਆਂ ਉਸ ਨੇ 108 ਐਂਬੂਲੈਂਸ ਨੂੰ ਫੋਨ ਕੀਤਾ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ। ਸਿਵਲ ਹਸਪਤਾਲ ਦੇ ਇਮਰਜੈਂਸੀ ਸਟਾਫ ਨੇ ਜ਼ਖ਼ਮੀ ਔਰਤ ਦਾ ਮੁੱਢਲਾ ਇਲਾਜ ਕਰਨ ਤੋਂ ਬਾਅਦ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀ ਪਤੀ ਖ਼?ਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

# ਮੋਹਾਲੀ ਦੇ ਡਿਪਟੀ ਮੇਅਰ 'ਤੇ ਹਾਈਕੋਰਟ ਨੇ ਲਾਇਆ 25 ਹਜ਼ਾਰ ਰੁਪਏ ਜੁਰਮਾਨਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 14 ਅਪ੍ਰੈਲ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮੋਹਾਲੀ 'ਚ ਸੜਕਾਂ ਦੇ ਟੈਂਡਰਾਂ ਦੀ ਅਲਾਟਮੈਂਟ ਨੂੰ ਚੁਣੌਤੀ ਦੇਣ ਵਾਲੀ ਜਨਹਿੱਤ ਪਟੀਸ਼ਨ ਨੂੰ ਖਾਰਜ ਕਰ ਕੇ ਸਪੱਸ਼ਟ ਕੀਤਾ ਕਿ ਅਦਾਲਤ ਦਾ ਮੰਚ ਨਿੱਜੀ ਵਿਵਾਦਾਂ ਨੂੰ ਜਨਹਿੱਤ ਦਾ ਰੂਪ ਦੇ ਕੇ ਪੇਸ਼ ਕਰਨ ਲਈ ਨਹੀਂ। ਅਦਾਲਤ ਨੇ ਪਟੀਸ਼ਨਕਰਤਾ ਮੋਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ 'ਤੇ 25 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ। ਇਹ ਜੁਰਮਾਨਾ ਪੀ. ਜੀ. ਆਈ. ਦੇ ਗ਼ਰੀਬ ਮਰੀਜ਼ ਭਲਾਈ ਫੰਡ 'ਚ 15 ਦਿਨਾਂ ਅੰਦਰ ਜਮ?ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਨੇ ਸੁਣਵਾਈ ਕੀਤੀ। ਬੇਦੀ ਨੇ ਪਟੀਸ਼ਨ 'ਚ 'ਮੋਹਾਲੀ ਨੈਕਸਟ ਜਨਰੇਸ਼ਨ ਪ੍ਰੋਗਰਾਮ' ਤਹਿਤ ਸੜਕਾਂ ਦੀ ਰੀ-ਸਰਫੇਸਿੰਗ ਤੇ ਸੁੰਦਰੀਕਰਨ ਨਾਲ ਜੁੜੀਆਂ ਟੈਂਡਰ ਪ੍ਰਕਿਰਿਆਵਾਂ 'ਤੇ ਸਵਾਲ ਚੁੱਕੇ ਸਨ। ਅਦਾਲਤ ਨੇ ਪਾਇਆ ਕਿ ਉਸਦੇ ਨਿਰਦੇਸ਼ 'ਤੇ ਪਟੀਸ਼ਨਰ ਨੇ ਰਾਜਨੀਤਿਕ ਭੂਮਿਕਾ ਦਾ




ਖ਼ੁਲਾਸਾ ਕਰਦਿਆਂ ਹਲਫ਼ਨਾਮਾ ਦਾਇਰ ਕੀਤਾ ਪਰ ਪਟੀਸ਼ਨ 'ਚ ਪੇਸ਼ ਤੱਥਾਂ 'ਚ ਗੰਭੀਰ ਤਰੁੱਟੀਆਂ ਸਾਹਮਣੇ ਆਈਆਂ। ਅਦਾਲਤ ਨੇ ਵਿਸ਼ੇਸ਼ ਤੌਰ 'ਤੇ ਉਸ ਤਾਲੀਕਾ ਦਾ ਜ਼ਿਕਰ ਕੀਤਾ, ਜਿਸ 'ਚ ਨਿਊ ਚੰਡੀਗੜ੍ਹ ਸਥਿਤ ਮੈਡੀਸਿਟੀ 'ਚ 45 ਮੀਟਰ ਚੌੜੀ ਸੜਕ 'ਤੇ ਬਾਗਬਾਨੀ ਕਾਰਜ ਨੂੰ ਪਟੀਸ਼ਨਰ ਵੱਲੋਂ ਕੀਤੇ ਜਾਣ ਦਾ ਜ਼ਿਕਰ ਸੀ ਜਦਕਿ ਹੋਰ ਕੰਮ ਵੱਖ-ਵੱਖ ਠੇਕੇਦਾਰਾਂ ਨੂੰ ਅਲਾਟ ਦੱਸੇ ਗਏ ਸਨ। ਇਸ 'ਤੇ ਸਪੱਸ਼ਟੀਕਰਨ ਮੰਗਿਆ ਤਾਂ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਇਹ ਜਾਣਕਾਰੀ ਹੋਰ ਦਸਤਾਵੇਜ਼ਾਂ ਤੋਂ ਲਈ ਗਈ ਸੀ ਤੇ ਤੱਥਾਂ ਅਨੁਸਾਰ ਗ਼ਲਤ ਹੈ। ਹਾਲਾਂਕਿ ਅਦਾਲਤ ਨੇ ਪਾਇਆ ਕਿ ਰਿਕਾਰਡ 'ਤੇ ਮੌਜੂਦ ਦਸਤਾਵੇਜ਼ 'ਚ ਦਾਅਵੇ ਦਾ ਸਮਰਥਨ ਨਹੀਂ ਕਰਦੇ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਪਟੀਸ਼ਨਰ ਨੇ ਕਥਿਤ ਬੇਨਿਯਮੀਆਂ ਸਬੰਧੀ ਕਈ ਸ਼ਿਕਾਇਤਾਂ ਦਾਇਰ ਕਰਨ ਦਾ ਦਾਅਵਾ ਕੀਤਾ ਪਰ ਇਨ੍ਹਾਂ 'ਚੋਂ ਕਿਸੇ ਵੀ ਨੁਮਾਇੰਦਗੀ ਦਾ ਕੋਈ ਦਸਤਾਵੇਜ਼ ਰਿਕਾਰਡ 'ਤੇ ਪੇਸ਼ ਨਹੀਂ ਕੀਤਾ। ਬੈਂਚ ਨੇ ਕਿਹਾ ਕਿ ਉਪਲੱਬਧ ਤੱਥਾਂ ਦੇ ਆਧਾਰ 'ਤੇ ਮਾਮਲਾ ਜਨਹਿੱਤ ਦਾ ਨਹੀਂ, ਸਗੋਂ ਨਿੱਜੀ ਹਿੱਤ ਦਾ ਜਾਪਦਾ ਹੈ। ਇਸ ਨੂੰ ਜਨਹਿੱਤ ਪਟੀਸ਼ਨ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਸੇ ਆਧਾਰ 'ਤੇ ਅਦਾਲਤ ਨੇ ਪਟੀਸ਼ਨ ਨੂੰ ਵਿਚਾਰਨ ਦੇ ਯੋਗ ਨਾ ਮੰਨਦਿਆਂ ਰੱਦ ਕਰ ਦਿੱਤਾ ਤੇ ਕਿਹਾ ਕਿ ਅਦਾਲਤ ਦਾ ਸਮਾਂ ਤੇ ਸਰੋਤ ਅਜਿਹੇ ਮਾਮਲਿਆਂ 'ਚ ਬਰਬਾਦ ਨਹੀਂ ਕੀਤੇ ਜਾ ਸਕਦੇ।

# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ 'ਚ ਕਰੋੜਾਂ ਰੁਪਏ ਦਾ ਘਪਲਾ ! ਹੈਰਾਨ ਕਰ ਦੇਵੇਗੀ ਇਹ ਰਿਪੋਰਟ

**ਕੌਮੀ ਪਤ੍ਰਿਕਾ**

ਲੁਧਿਆਣਾ 14 ਅਪ੍ਰੈਲ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅੰਦਰ ਇਕ ਵੱਡੇ ਵਿੱਤੀ ਘੁਟਾਲੇ ਦਾ ਪਰਦਾਫਾਸ਼ ਹੋਇਆ ਹੈ, ਜਿੱਥੇ ਸਰਕਾਰੀ ਜਾਇਦਾਦ ਦੀ ਰਾਖੀ ਕਰਨ ਵਾਲੇ ਨੇ ਹੀ ਕਰੋੜਾਂ ਦੇ ਸਾਮਾਨ 'ਤੇ ਹੱਥ ਸਾਫ਼ ਕਰ ਦਿੱਤਾ। ਮਾਮਲਾ ਉਪ-ਮੰਡਲ ਸਰੀਂਹ (ਆਲਮਗੀਰ) ਨਾਲ ਜੁੜਿਆ ਹੈ, ਜਿੱਥੇ ਇਕ ਜੂਨੀਅਰ ਇੰਜੀਨੀਅਰ (ਜੇ.ਈ.) 'ਤੇ ਸਟੋਰ ਦੇ ਸਾਮਾਨ ਵਿਚ 2 ਕਰੋੜ ਰੁਪਏ ਤੋਂ ਵੱਧ ਦੀ ਹੇਰਾਫੇਰੀ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਇਸ ਸਬੰਧੀ ਵਿਭਾਗ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਕਮਲਜੀਤ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਨੇ ਜੇ.ਈ. ਤਨੁਜ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਮੁਲਜ਼ਮ ਕਰਮਚਾਰੀ ਸਰੀਂਹ ਦਫ਼ਤਰ ਵਿਚ ਬਤੌਰ ਜੇ.ਈ. ਤਾਇਨਾਤ ਸੀ। ਵਿਭਾਗ ਵੱਲੋਂ ਕੀਤੀ ਗਈ ਅੰਦਰੂਨੀ ਜਾਂਚ ਦੇ ਆਧਾਰ 'ਤੇ ਇਹ ਸਾਹਮਣੇ ਆਇਆ ਕਿ ਸਾਲ 2021-22 ਤੋਂ ਲੈ ਕੇ 2024-25 ਦੌਰਾਨ ਸਟੋਰ ਤੋਂ ਭਾਰੀ ਮਾਤਰਾ ਵਿਚ ਸਾਮਾਨ ਕਢਵਾਇਆ ਗਿਆ ਸੀ। ਜਦੋਂ ਇਨ੍ਹਾਂ ਕਢਵਾਏ ਗਏ ਸਾਮਾਨ ਦੇ ਰਿਕਾਰਡ ਦਾ ਮਿਲਾਨ ਕੀਤਾ ਗਿਆ, ਤਾਂ ਵਿਭਾਗ ਦੇ ਪੈਰਾਂ ਹੇਠੋਂ ਜ਼ਮੀਨ



ਖਿਸਕ ਗਈ। ਕੁੱਲ 2,07,57,200 ਰੁਪਏ (ਦੋ ਕਰੋੜ ਸੱਤ ਲੱਖ ਸਤਵੰਜਾ ਹਜ਼ਾਰ ਦੋ ਸੌ ਰੁਪਏ) ਦੇ ਸਾਮਾਨ ਦੀ ਕਮੀ ਪਾਈ ਗਈ, ਜਿਸ ਦਾ ਕੋਈ ਹਿਸਾਬ-ਕਿਤਾਬ ਮੁਲਜ਼ਮ ਕਰਮਚਾਰੀ ਕੋਲ ਨਹੀਂ ਸੀ। ਸਹਾਇਕ ਕਾਰਜਕਾਰੀ ਇੰਜੀਨੀਅਰ ਕਮਲਜੀਤ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਸਪੱਸ਼ਟ ਕੀਤਾ ਹੈ ਕਿ ਉਕਤ ਜੇ.ਈ. ਨੇ ਪਿਛਲੇ ਚਾਰ ਸਾਲਾਂ ਦੌਰਾਨ ਸਟੋਰ ਤੋਂ ਜੋ ਸਾਮਾਨ ਜਾਰੀ ਕਰਵਾਇਆ, ਉਸ ਦੀ ਪੈਂਡਿੰਗ ਰਿਕਵਰੀ ਜਾਂ ਕਲੀਅਰੈਂਸ ਹੁਣ ਤੱਕ ਨਹੀਂ ਦਿੱਤੀ ਗਈ। ਇਹ ਮਹਿਜ਼ ਕੋਈ ਛੋਟੀ-ਮੋਟੀ ਲਾਪਰਵਾਹੀ ਨਹੀਂ ਬਲਕਿ ਸਰਕਾਰੀ ਖ਼ਜ਼ਾਨੇ ਨੂੰ ਕਰੋੜਾਂ ਦੀ ਚਪਤ ਲਗਾਉਣ ਦਾ ਸੋਚਿਆ-ਸਮਝਿਆ ਮਾਮਲਾ ਨਜ਼ਰ ਆ ਰਿਹਾ ਹੈ। ਵਿਭਾਗ ਵੱਲੋਂ ਵਾਰ-ਵਾਰ ਮੌਕਾ ਦਿੱਤੇ ਜਾਣ ਦੇ ਬਾਵਜੂਦ ਜਦੋਂ ਇਹ ਭਾਰੀ-ਭਰਕਮ ਰਾਸ਼ੀ ਕਲੀਅਰ ਨਹੀਂ ਕੀਤੀ ਗਈ, ਤਾਂ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਕਾਨੂੰਨੀ ਕਾਰਵਾਈ ਦਾ ਰਾਹ ਅਪਣਾਇਆ ਗਿਆ। ਸਹਾਇਕ ਕਾਰਜਕਾਰੀ ਇੰਜੀਨੀਅਰ ਦੇ ਬਿਆਨਾਂ ਅਤੇ ਵਿਭਾਗੀ ਜਾਂਚ ਰਿਪੋਰਟ ਦੇ ਆਧਾਰ 'ਤੇ ਪੁਲਸ ਨੇ ਮੁਲਜ਼ਮ ਜੇ.ਈ. ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ 6 ਅਪ੍ਰੈਲ ਨੂੰ ਮਿਲੀ ਇਸ ਸ਼ਿਕਾਇਤ 'ਤੇ ਗੰਭੀਰਤਾ ਨਾਲ ਕਾਰਵਾਈ ਕਰਦੇ ਹੋਏ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਦਾ ਮੁੱਖ ਕੇਂਦਰ ਇਹ ਹੈ ਕਿ ਕੀ ਇਸ ਘਪਲੇ ਵਿਚ ਵਿਭਾਗ ਦੇ ਕੁਝ ਹੋਰ ਵੱਡੇ ਖਿਡਾਰੀ ਵੀ ਸ਼ਾਮਲ ਹਨ। ਫਿਲਹਾਲ, ਪੁਲਸ ਮੁਲਜ਼ਮ ਦੀ ਗ੍ਰਿਫ਼ਤਾਰੀ ਅਤੇ ਇਸ ਕਰੋੜਾਂ ਦੀ ਸ਼ਾਰਟੇਜ ਦੀ ਤਹਿ ਤੱਕ ਜਾਣ ਲਈ ਛਾਪੇਮਾਰੀ ਅਤੇ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਇਸ ਖੁਲਾਸੇ ਤੋਂ ਬਾਅਦ ਪਾਵਰਕਾਮ ਮਹਿਕਮੇ ਵਿਚ ਹੜਕੰਪ ਮਚ ਗਿਆ ਹੈ।

# ਪੰਜਾਬ 'ਚ ਸੌਖਾ ਨਹੀਂ ਹੁਣ ਘਰ ਬਨਾਉਣਾ, ਇੱਟਾਂ ਦੇ ਭਾਅ ਨੇ ਲੋਕਾਂ ਨੂੰ ਦਿੱਤਾ ਝਟਕਾ

ਨੱਥੂਵਾਲਾ ਗਰਬੀ 14 ਅਪ੍ਰੈਲ। ਪਿਛਲੇ ਸਾਲ ਪੰਜਾਬ ਦੇ ਮਾਝੇ ਵਿਚ ਹੜ੍ਹਾਂ ਦੀ ਭਿਆਨਕ ਮਾਰ ਨਾਲ ਉਸ ਇਲਾਕੇ ਦੇ ਇੱਟਾਂ ਵਾਲੇ ਭੱਠੇ ਬੁਰੀ ਤਰ੍ਹਾਂ ਬਰਬਾਦ ਹੋ ਗਏ ਸਨ, ਜਿਸ ਨਾਲ ਮਾਲਵੇ ਇਲਾਕੇ ਵਿਚ ਚੱਲਦੇ ਭੱਠਿਆਂ ਵਾਲਿਆਂ ਦੀਆਂ ਮੌਜਾਂ ਲੱਗੀਆਂ ਰਹੀਆਂ ਅਤੇ ਇੱਟਾਂ ਦੀ ਜ਼ਿਆਦਾ ਮੰਗ ਹੋਣ ਕਾਰਨ ਅਤੇ ਪੈਦਾਵਾਰ ਘੱਟ ਹੋਣ ਕਰਕੇ ਜਿਹੜੀ ਇੱਟ 6 ਹਜ਼ਾਰ ਰੁਪਏ ਪ੍ਰਤੀ ਹਜ਼ਾਰ ਦਾ ਰੇਟ ਸੀ, ਉਹ ਅੱਠ ਹਜ਼ਾਰ ਤੱਕ ਪਹੁੰਚ ਗਈ। ਇਸ ਨਾਲ ਘਰ ਬਨਾਉਣ ਦੇ ਸੁਫਨੇ ਲੈਣ ਵਾਲੇ ਲੋਕਾਂ ਨੂੰ ਵੱਡਾ ਝਟਕਾ ਲੱਗਾ ਅਤੇ ਉਨ੍ਹਾਂ ਦਾ ਘਰ ਬਣਾਉਣ ਦਾ ਸੁਫਨਾ, ਸੁਫਨਾ ਹੀ ਬਣ ਕੇ ਰਹਿ ਗਿਆ ਪਰ ਖਰਾਬ ਮੌਸਮ ਦੇ ਕਾਰਨ ਲੱਗਦਾ ਹੈ, ਘਰ ਬਣਾਉਣ ਦੇ ਚਾਹਵਾਨਾਂ ਦਾ ਸੁਫਨਾ ਅੱਗੇ ਵੀ ਪੂਰਾ ਨਹੀ ਹੋਵੇਗਾ ਕਿਉਂਕਿ ਜਿਹੜੇ ਲੋਕ ਇੱਟਾਂ ਸਸਤੀਆਂ ਹੋਣ ਦੀ ਆਸ ਲਗਾਈ ਬੈਠੇ ਸਨ ਉਨ੍ਹਾਂ ਦੀਆਂ ਆਸਾਂ 'ਤੇ ਖਰਾਬ ਮੌਸਮ ਨੇ ਪਾਣੀ ਫੇਰ ਦਿੱਤਾ ਹੈ। ਜੇਕਰ ਇਕੱਲੇ ਪਿੰਡ ਭਲੂਰ ਦੀ ਗੱਲ ਕੀਤੀ ਜਾਵੇ ਤਾਂ ਇਸ ਪਿੰਡ ਵਿਚ ਛੇ ਇੱਟਾਂ ਵਾਲੇ ਭੱਠੇ ਹਨ, ਜਿਨ੍ਹਾਂ ਕੋਲ ਲੱਖਾਂ ਦੀ ਗਿਣਤੀ ਵਿਚ ਕੱਚੀ ਇੱਟ ਪਥੇਰ ਵਾਲੇ ਪਿੜ ਵਿਚ ਸੁੱਕਣੀ ਪਈ ਸੀ ਪਰ ਪਿਛਲੇ ਦਿਨੀ ਆਈ ਤੂਫਾਨੀ ਬਾਰਿਸ਼ ਅਤੇ ਗੜ੍ਹੇਮਾਰੀ ਨੇ ਜਿੱਥੇ ਵੱਡੀ ਪੱਧਰ 'ਤੇ ਕਿਸਾਨਾਂ ਦੀ ਫਸਲ ਦਾ ਨੁਕਸਾਨ ਕੀਤਾ ਹੈ, ਉੱਥੇ ਹੀ ਭੱਠਾ ਮਾਲਕਾਂ ਦਾ ਵੀ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ। ਇਥੇ ਹੀ ਬਸ ਨਹੀਂ, ਪੰਜਾਬ ਵਿਚ ਕਈ ਥਾਈਂ ਇੱਟਾਂ ਦੇ ਭਾਅ 9000 ਤੋਂ 9500 ਤੱਕ ਪ੍ਰਤੀ ਹਜ਼ਾਰ ਇੱਟ ਵਿੱਕ ਰਿਹਾ ਹੈ। ਪਥੇਰ ਵਿਚ ਪਈ ਹੋਈ ਲੱਖਾਂ



ਦੀ ਗਿਣਤੀ 'ਚ ਕੱਚੀ ਇੱਟ ਪਾਣੀ ਨਾਲ ਗਾਰਾ ਬਣ ਚੁੱਕੀ ਹੈ। ਇਸ ਨਾਲ ਭੱਠਾ ਮਾਲਕਾਂ ਨੂੰ ਵੱਡਾ ਨੁਕਸਾਨ ਹੋਇਆ ਹੈ। ਲਿਹਾਜ਼ਾ ਉਨ੍ਹਾਂ ਨੂੰ ਦੁਬਾਰਾ ਇੱਟਾਂ ਤਿਆਰ ਕਰਵਾਉਣੀਆਂ ਪੈਣਗੀਆਂ ਜਿਸ ਨਾਲ ਦੁਬਾਰਾ ਲੇਬਰ ਦਾ ਖਰਚਾ ਪਵੇਗਾ। ਇਸ ਤੋਂ ਇਲਾਵਾ ਕੋਲੇ ਦਾ ਮਹਿੰਗਾ ਹੋਣਾ ਅਤੇ ਮਿਡਲ ਈਸਟ ਵਿਚ ਲੜਾਈ ਕਾਰਨ ਭਵਿੱਖ ਵਿਚ ਡੀਜ਼ਲ ਦਾ ਮਹਿੰਗਾ ਹੋਣਾ ਵੀ ਲਾਜ਼ਮੀ ਹੈ । ਇਨ੍ਹਾਂ ਕਾਰਨਾਂ ਦਾ ਸਿੱਧਾ ਅਸਰ ਗਾਹਕ ਦੀ ਜੇਬ 'ਤੇ ਪੈਣ ਵਾਲਾ ਹੈ। ਇਸ ਨਾਲ ਇੱਟਾਂ ਹੋਰ ਮਹਿੰਗੀਆਂ ਹੋਣਗੀਆਂ ਅਤੇ ਘਰ ਬਣਾਉਣਾ ਔਖਾ ਹੋਵੇਗਾ।

## ਜਲੰਧਰ 'ਚ ਲੁਟੇਰਿਆਂ ਦੇ ਹੌਸਲੇ ਬੁਲੰਦ, ਹਥਿਆਰਬੰਦ ਬਾਈਕ ਸਵਾਰਾਂ ਨੇ ਦੋ ਘਟਨਾਵਾਂ ਨੂੰ ਦਿੱਤਾ ਅੰਜਾਮ

ਜਲੰਧਰ 14 ਅਪ੍ਰੈਲ। ਜਲੰਧਰ ਦਿਹਾਤੀ 'ਚ ਲੁੱਟਖੋਹ ਅਤੇ ਸਨੈਚਿੰਗ ਦੀਆਂ ਘਟਨਾਵਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਹੌਂਸਲੇ ਨਾਲ ਲੁੱਟਖੋਹ ਕਰਨ ਵਾਲਿਆਂ ਨੇ ਇਕੋ ਸਮੇਂ ਦੋ ਘਟਨਾਵਾਂ ਨੂੰ ਅੰਜਾਮ ਦਿੱਤਾ ਹੈ, ਜਿਸ ਨਾਲ 24 ਘੰਟਿਆਂ 'ਚ ਇਲਾਕੇ 'ਚ ਵਾਪਰੀਆਂ ਘਟਨਾਵਾਂ ਦੀ ਕੁੱਲ੍ਹ ਗਿਣਤੀ ਤਿੰਨ ਹੋ ਗਈ ਹੈ। ਦਰਅਸਲ ਹਾਲ ਹੀ 'ਚ ਨੂਰਮਹਿਲ ਸਬ-ਡਿਵੀਜ਼ਨ ਦੇ ਨੇੜਲੇ ਪਿੰਡ ਲਾਹੀਵਾਲ ਕੋਲ ਬਾਈਕ ਸਵਾਰ ਲੁਟੇਰਿਆਂ ਨੇ ਇਕ ਬਜ਼ੁਰਗ ਵਿਅਕਤੀ 'ਤੇ ਹਮਲਾ ਕਰਕੇ 9,000 ਰੁਪਏ ਦੀ ਨਕਦੀ ਲੁੱਟ ਲਈ। ਨੂਰਮਹਿਲ ਦੇ ਪਿੰਡ ਮੁਠੱਡਾ ਕਲਾਂ 'ਚ ਵੀ ਦਿਨ-ਦਿਹਾੜੇ ਇਸੇ ਤਰ੍ਹਾਂ ਦੀ ਘਟਨਾ ਵਾਪਰੀ। ਫਿਲੌਰ ਪੁਲਸ ਥਾਣੇ ਨੇੜੇ ਤਿੰਨ ਅਣਪਛਾਤੇ ਲੁਟੇਰਿਆਂ ਨੇ ਇਕ ਨੌਜਵਾਨ ਦਾ ਮੋਬਾਇਲ ਫੋਨ ਅਤੇ ਨਕਦੀ ਖੋਹ ਲਈ ਅਤੇ ਭੱਜ ਗਏ। ਹੈਰਾਨੀ ਦੀ ਗੱਲ ਹੈ ਕਿ ਇਸ ਘਟਨਾ ਤੋਂ ਬਾਅਦ ਸਨੈਚਰਾਂ ਨੇ ਇਕ ਹੋਰ ਘਟਨਾ ਨੂੰ ਅੰਜਾਮ ਦਿੱਤਾ। ਜਾਣਕਾਰੀ ਮੁਤਾਬਕ ਉਨ੍ਹਾਂ ਨੇ ਇਕ ਨੌਜਵਾਨ ਦਾ ਫੋਨ ਅਤੇ ਨਕਦੀ ਖੋਹ ਲਈ ਅਤੇ ਭੱਜ ਗਏ। ਉਸ ਵਿਅਕਤੀ ਨੇ ਕਿਹਾ ਕਿ ਉਹ ਇੱਕ ਖੂਹ ਦੇ ਕੋਲ ਆਪਣੀ ਕਾਰ ਖੜ੍ਹੀ ਕਰਕੇ ਵਾਪਸ ਆ ਰਿਹਾ ਸੀ ਕਿ ਇੱਕ ਬਾਈਕ 'ਤੇ ਸਵਾਰ ਤਿੰਨ ਲੁਟੇਰੇ ਆਏ। ਇੱਕ ਨੇ ਉਸ ਦੀ ਬਾਂਹ ਫੜ ਲਈ ਅਤੇ ਦੂਜੇ ਨੇ ਉਸ ਦੀ ਗਰਦਨ 'ਤੇ ਦਾਤਰ ਰੱਖ ਦਿੱਤਾ। ਇਸ ਦੌਰਾਨ ਨਕਦੀ ਖੋਹ ਲਈ ਅਤੇ ਭੱਜ ਗਏ। ਇਸ ਘਟਨਾ ਤੋਂ ਬਾਅਦ ਉਨ੍ਹਾਂ ਲੁਟੇਰਿਆਂ ਨੇ ਹੀ ਦੋ ਕਿਲੋਮੀਟਰ ਦੂਰ ਇਕ ਬਜ਼ੁਰਗ ਔਰਤ ਤੋਂ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ। ਵਿਅਕਤੀ ਨੇ ਕਿਹਾ ਕਿ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਲੁਟੇਰਿਆਂ ਨੇ ਪੈਦਲ ਜਾ ਰਹੀ ਇਕ ਔਰਤ ਤੋਂ ਸੋਨੇ ਦੀਆਂ ਵਾਲੀਆਂ ਵੀ ਖੋਹ ਲਈਆਂ ਹਨ ਅਤੇ ਭੱਜ ਗਏ ਹਨ। ਪਿੰਡ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਲੁਟੇਰਿਆਂ ਨੇ ਉਸ ਨੂੰ ਰੇਜ਼ਰ ਬਲੇਡ ਵਿਖਾ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਫਿਰ ਉਨ੍ਹਾਂ ਨੇ 5,000 ਰੁਪਏ ਨਕਦੀ ਅਤੇ ਇਕ ਮੋਬਾਇਲ ਫੋਨ ਖੋਹ ਲਿਆ ਅਤੇ ਭੱਜ ਗਏ। ਪੀੜਤ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ।

# ਰਜਿਸਟਰੀਆਂ ਨੂੰ ਲੈ ਕੇ ਜਾਰੀ ਹੋਏ ਨਵੇਂ ਹੁਕਮ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 14 ਅਪ੍ਰੈਲ। ਰਜਿਸਟਰੀ ਦਫ਼ਤਰਾਂ ਵਿਚ ਸਰਗਰਮ ਲੈਂਡ ਮਾਫ਼ੀਆ ਖ਼?ਲਾਫ਼ ਵੱਡੀ ਕਾਰਵਾਈ ਕਰਦੇ ਹੋਏ ਵਸੀਕਾ ਨਵੀਸਾਂ ਨੂੰ ਨਿਰਦੇਸ਼ ਜਾਰੀ ਹੋਏ ਹਨ ਕਿ ਰਜਿਸਟਰੀ ਕਰਵਾਉਣ ਤੋਂ ਪਹਿਲਾਂ ਖ਼ਰੀਦਦਾਰ ਅਤੇ ਵੇਚਣ ਵਾਲਿਆਂ ਦੇ ਦਸਤਾਵੇਜ਼ਾਂ ਦੀ ਈ-ਕੇ.ਵਾਈ.ਸੀ. ਲਾਜ਼ਮੀ ਕਰਵਾਈ ਜਾਵੇ। ਐੱਫ.ਸੀ.ਆਰ. (ਫਾਇਨਾਂਸ ਕਮਿਸ਼ਨਰ ਰੈਵੀਨਿਊ) ਅਨੁਰਾਗ ਵਰਮਾ ਦੇ ਹੁਕਮਾਂ ਅਨੁਸਾਰ ਜਿਥੇ ਡੀ. ਸੀ. ਦਲਵਿੰਦਰਜੀਤ ਸਿੰਘ ਵੱਲੋਂ 8 ਜਾਅਲੀ ਰਜਿਸਟਰੀਆਂ ਕਰਵਾਉਣ ਵਾਲੇ ਮੁਲਜ਼ਮਾਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਤਿਆਰੀ ਕੀਤੀ ਜਾ ਰਹੀ ਹੈ, ਉਥੇ ਹੀ ਇਸ ਦੇ ਨਾਲ ਹੀ ਰਜਿਸਟਰੀ ਦਫ਼ਤਰਾਂ ਵਿਚ ਹਾਲ ਹੀ ਵਿਚ ਤਾਇਨਾਤ ਕੀਤੇ ਗਏ ਸਬ-ਰਜਿਸਟਰਾਰ-1 ਜਸਬੀਰ ਸਿੰਘ ਸੰਧੂ, ਸਬ-ਰਜਿਸਟਰਾਰ-2 ਅਭਿਸ਼ੇਕ ਵਰਮਾ, ਸਬ-ਰਜਿਸਟਰਾਰ ਵਿਕਾਸ ਗੁਪਤਾ ਅਤੇ ਸਬ-ਰਜਿਸਟਰਾਰ ਕਰਨਬੀਰ ਢਿੱਲੋਂ ਵੱਲੋਂ ਸਾਰੇ ਵਸੀਕਾ ਨਵੀਸਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਰਜਿਸਟਰੀ ਕਰਵਾਉਣ ਤੋਂ ਪਹਿਲਾਂ ਖ਼ਰੀਦਦਾਰ ਅਤੇ ਵੇਚਣ ਵਾਲਿਆਂ ਦੇ ਦਸਤਾਵੇਜ਼ਾਂ ਦੀ ਈ-ਕੇ.ਵਾਈ.ਸੀ. ਲਾਜ਼ਮੀ ਕਰਵਾਈ ਜਾਵੇ। ਅਧਿਕਾਰੀਆਂ ਨੇ ਦੱਸਿਆ ਕਿ 'ਈਜ਼ੀ ਰਜਿਸਟਰੀ' ਦੇ ਤਹਿਤ ਮਾਲ ਵਿਭਾਗ ਵੱਲੋਂ ਜਲਦੀ ਹੀ ਈ-ਕੇ.ਵਾਈ.ਸੀ. ਨੂੰ ਸਭ ਲਈ ਲਾਜ਼ਮੀ ਕਰ ਦਿੱਤਾ



ਜਾਵੇਗਾ। ਇਸ ਦੇ ਬਾਵਜੂਦ ਸਾਰੇ ਵਸੀਕਾ ਨਵੀਸਾਂ ਅਤੇ ਰੈਵੀਨਿਊ ਨਾਲ ਸਬੰਧਤ ਵਕੀਲਾਂ ਨੂੰ ਦਸਤਾਵੇਜ਼ਾਂ ਦੀ ਈ-ਕੇ.ਵਾਈ.ਸੀ. ਲਾਜ਼ਮੀ ਕਰਵਾਉਣੀ ਚਾਹੀਦੀ ਹੈ ਤਾਂ ਜੋ ਵਾਰ-ਵਾਰ ਸਾਹਮਣੇ ਆ ਰਹੀਆਂ ਜਾਅਲੀ ਰਜਿਸਟਰੀਆਂ 'ਤੇ ਰੋਕ ਲਗਾਈ ਜਾ ਸਕੇ। ਦੂਜੇ ਪਾਸੇ ਵਸੀਕਾ ਨਵੀਸ ਯੂਨੀਅਨ ਦੇ ਜ਼ਿਲਾ ਪ੍ਰਧਾਨ ਨਰੇਸ਼ ਸ਼ਰਮਾ ਨੇ ਵੀ ਭਰੋਸਾ ਦਿੱਤਾ ਕਿ ਯੂਨੀਅਨ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਈ-ਕੇ.ਵਾਈ.ਸੀ. ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਜ਼ਮੀਨ-ਜਾਇਦਾਦ ਦੀ ਰਜਿਸਟਰੀ ਦੌਰਾਨ ਈ-ਕੇ.ਵਾਈ.ਸੀ. ਕਿੰਨੀ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਜਦੋਂ ਸਰਕਾਰ ਵੱਲੋਂ ਰਜਿਸਟਰੀਆਂ ਦੇ ਦਸਤਾਵੇਜ਼ਾਂ ਵਿਚ ਈ-ਕੇ.ਵਾਈ.ਸੀ. ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਤਾਂ ਪਹਿਲੇ ਹੀ ਦਿਨ ਇਕ ਨਾਬਾਲਗ ਲੜਕੇ ਦੇ ਨਾਂ 'ਤੇ ਹੋ ਰਹੀ ਜਾਅਲੀ ਰਜਿਸਟਰੀ ਰੋਕ ਲਈ ਗਈ। ਉਸ ਦਾ ਨਾਂ 'ਅਰਮਾਨ' ਦੱਸਿਆ ਜਾ ਰਿਹਾ ਸੀ। ਸਬੰਧਤ ਵਸੀਕਾ ਨਵੀਸ ਨੇ ਜਦੋਂ ਅਰਮਾਨ ਦੇ ਦਸਤਾਵੇਜ਼ਾਂ ਦੀ ਕੇ.ਵਾਈ.ਸੀ. ਕੀਤੀ ਤਾਂ ਉਹ ਨਕਲੀ ਨਿਕਲਿਆ। ਮਾਮਲਾ ਥਾਣੇ ਤੱਕ ਵੀ ਪਹੁੰਚ ਗਿਆ ਪਰ ਲੈਂਡ ਮਾਫ਼ੀਆ ਨੇ ਦਬਾਅ ਬਣਾ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਵਾ ਦਿੱਤਾ। ਰਜਿਸਟਰੀ ਦਫ਼ਤਰਾਂ 'ਤੇ ਲਾਗੂ ਰਜਿਸਟ?ਰੇਸ਼ਨ ਐਕਟ ਤਹਿਤ ਜੇਕਰ ਕੋਈ ਵਿਅਕਤੀ ਰਜਿਸਟਰੀ ਦਫ਼ਤਰ ਵਿਚ ਤਾਇਨਾਤ ਤਹਿਸੀਲਦਾਰ ਜਾਂ ਸਬ-ਰਜਿਸਟਰਾਰ ਆਦਿ ਨੂੰ ਨਕਲੀ ਦਸਤਾਵੇਜ਼ ਪੇਸ਼ ਕਰਦਾ ਹੈ ਜਾਂ ਜਾਅਲੀ ਰਜਿਸਟਰੀ ਕਰਵਾਉਂਦਾ ਹੈ, ਤਾਂ ਇਸ ਲਈ 5 ਲੱਖ ਰੁਪਏ ਤੱਕ ਜੁਰਮਾਨਾ ਅਤੇ 7 ਸਾਲ ਦੀ ਸਜ਼ਾ ਦਾ ਪ੍ਰਾਵਧਾਨ ਹੈ। ਐੱਚ.ਆਰ.ਸੀ. ਬ੍ਰਾਂਚ ਅਤੇ ਰਜਿਸਟਰੀ ਦਫ਼ਤਰਾਂ ਦੀਆਂ ਬ੍ਰਾਂਚਾਂ ਵਿਚ ਕੁਝ ਸਰਕਾਰੀ ਕਰਮਚਾਰੀ ਵੀ ਅਜਿਹੇ ਹਨ, ਜੋ ਲੈਂਡ ਮਾਫ਼ੀਆ ਨਾਲ ਮਿਲੀਭੁਗਤ ਵਿਚ ਲੱਗੇ ਹੋਏ ਹਨ। ਹਾਲ ਹੀ ਵਿਚ ਐੱਚ.ਆਰ.ਸੀ. ਬ੍ਰਾਂਚ ਵਿਚ ਜ਼ਮੀਨੀ ਰਿਕਾਰਡ ਟੈਂਪਰਿੰਗ ਦੇ ਕਈ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚ ਡੀ.ਸੀ. ਵੱਲੋਂ ਮੁਲਜ਼ਮ ਕਰਮਚਾਰੀਆਂ ਖ਼?ਲਾਫ਼ ਐੱਫ.ਆਈ.ਆਰ. ਦਰਜ ਕਰਨ ਲਈ ਵਿਜੀਲੈਂਸ ਵਿਭਾਗ ਨੂੰ ਲਿਖਿਆ ਗਿਆ ਹੈ। ਜਾਅਲੀ ਰਜਿਸਟਰੀਆਂ ਦਾ ਸਭ ਤੋਂ ਵੱਡਾ ਮਾਮਲਾ ਉਹ ਹੈ, ਜਿਸ ਵਿਚ ਜਰਮਨੀ ਵਿਚ ਭਾਰਤ ਦੀ ਐਂਬੈਸਡਰ ਮੈਡਮ ਰਚਿਤਾ ਭੰਡਾਰੀ ਦੀ ਹੇਰ ਪਿੰਡ ਵਿਚ ਸਥਿਤ 588 ਗਜ਼ ਜ਼ਮੀਨ ਦੀ ਜਾਅਲੀ ਰਜਿਸਟਰੀ ਕਰਵਾ ਲਈ ਗਈ। ਇਸ ਮਾਮਲੇ ਵਿਚ 25 ਜਨਵਰੀ 2024 ਨੂੰ ਤਤਕਾਲੀ ਡੀ. ਸੀ. ਘਣਸ਼ਿਆਮ ਥੋਰੀ ਦੀ ਸਿਫ਼ਾਰਿਸ਼ 'ਤੇ ਖ਼ਰੀਦਦਾਰ ਅਤੇ ਨਕਲੀ ਰਚਿਤਾ ਭੰਡਾਰੀ ਖੜ੍ਹੀ ਕਰਨ ਵਾਲੇ ਸ਼ੇਰ ਸਿੰਘ ਸਮੇਤ 6 ਲੋਕਾਂ ਖ਼?ਲਾਫ਼ ਪਰਚਾ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਸਤੰਬਰ 2025 ਅਤੇ ਜੂਨ 2025 ਦੌਰਾਨ ਵੀ ਕਈ ਹੋਰ ਜਾਅਲੀ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ।